
# ਧਾਰਮਿਕ ਸੰਸਕਾਰਾਂ ਨਾਲ ਜੁੜੇ ਵਹਿਮ ਅਤੇ ਭਰਮ



ਡਾ. ਪੂਰਨ ਸਿੰਘ

**ਏਸੇ ਕਲਮ ਤੋਂ :**


- ਕਿਵ ਸਚਿਆਰਾ ਹੋਈਐ
- ਗੁਰਮਤਿ ਦਰਸ਼ਨ ਦੀ ਵਿਲੱਖਣਤਾ
- ਨਵੀਨ ਸਿੱਖ ਨਾਂਵਾਂ ਦਾ ਕੋਸ਼
- ਸੰਗਰਾਂਦ ਦੀ ਮਹੱਤਤਾ ਕਿਵੇਂ ?

# ਤਤਕਰਾ

# ਧਾਰਮਿਕ ਸੰਸਕਾਰਾਂ ਨਾਲ ਜੁੜੇ ਵਹਿਮ ਅਤੇ ਭਰਮ

ਡਾ. ਪੂਰਨ ਸਿੰਘ (ਵੈਨਕੂਵਰ)
ਪੀ-ਐੱਚ.ਡੀ.

ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ
ਵੈਨਕੂਵਰ, ਬੀ.ਸੀ. ਕੈਨੇਡਾ

Dhārmik Sanskārān Nāl Juṛe Vahim Ate Bharam

*by*

DR. PURAN SINGH
334 EAST 48th AVE
VANCOUVER, B.C. V5W 2E3 CANADA
Ph. 604-325-3784
*E-mail :* purang@interchange.ubc.ca

ISBN 0-9681683-2-9

First Edition August 2004
Reprint July' 2007

**Price : Rs. 80-00**

*Distributors :*

**Singh Brothers**

Bazar Mai Sewan, Amritsar - 143 006

S.C.O. 223-24, City Centre, Amritsar - 143 001
*E-mail :* singhbro@vsnl.com
*Website :* www.singhbrothers.com

*Published by :*

**Canadian Sikh Study & Teaching Society**
Vancouver, B.C., V5W 4B5 Canada

*Printers :*

Printwell, 146, Industrial Focal Point, Amritsar.

# ਸਮਰਪਿਤ

*ਸ਼ਰਧਾ ਸਹਿਤ*

***ਪ੍ਰੋਫ਼ੈਸਰ ਤਿਲੋਕ ਸਿੰਘ ਜੀ ਗਰੇਵਾਲ***

*(ਐੱਮ.ਏ., ਐੱਲ.ਐੱਲ.ਬੀ.)*

*(1914-1985)*

*ਰਾਇਕੋਟ, (ਜ਼ਿਲਾ ਲੁਧਿਆਣਾ) ਨੂੰ*
*ਜਿਨ੍ਹਾਂ ਨੇ ਮੇਰਾ ਭਵਿੱਖ ਉੱਜਲਾ ਕਰਨ ਲਈ*
*ਸਦਾ ਰਹਿਨੁਮਾਈ ਕੀਤੀ ਅਤੇ ਸਹਿਯੋਗ ਦਿੱਤਾ।*
*ਉਨ੍ਹਾਂ ਦੇ ਸਮੂਹ ਪਰਿਵਾਰ ਨੇ*
*ਦਾਸ ਨੂੰ ਹਮੇਸ਼ਾ ਆਪਣੇ ਪਰਿਵਾਰ ਦਾ ਹੀ*
*ਅੰਗ ਸਮਝਿਆ।*

## ਪੁਸਤਕ ਕਰਤਾ ਬਾਰੇ ਸੰਖੇਪ ਜਾਣਕਾਰੀ

| | | |
|---|---|---|
| *ਨਾਮ* | : | ਪੂਰਨ ਸਿੰਘ |
| *ਜੱਦੀ ਪਿੰਡ* | : | ਗੁਰੂਸਰ ਸੁਧਾਰ, ਜ਼ਿਲ੍ਹਾ ਲੁਧਿਆਣਾ |
| *ਜਨਮ ਸਥਾਨ* | : | ਸ਼ਿਅੰਤਰ, ਇੰਡੋਨੇਸ਼ੀਆ (Siantar, Indonesia) |
| *ਜਨਮ ਮਿਤੀ* | : | 18 ਅਗਸਤ, 1947 |
| *ਪਿਤਾ ਦਾ ਨਾਂਵ* | : | ਸ: ਚੰਨਣ ਸਿੰਘ (ਗੁਰਪੁਰਵਾਸੀ) |
| *ਮਾਤਾ ਦਾ ਨਾਂਵ* | : | ਸਰਦਾਰਨੀ ਦਲੀਪ ਕੌਰ (ਗੁਰਪੁਰਵਾਸੀ) |
| *ਪੱਕਾ ਟਿਕਾਣਾ* | : | 334 E, 48th Ave.,<br>Vancouver, B.C. Canada V5W 2E3 |
| *ਵਿਦਿਅਕ ਯੋਗਤਾ* | : | ਐਮ.ਏ. (ਰਾਜਨੀਤੀ ਸ਼ਾਸਤਰ), ਐਮ.ਏ. (ਇਤਿਹਾਸ),<br>ਬੀ.ਲਿਬ.ਐਸ-ਸੀ., ਪੀ-ਐਚ.ਡੀ.,<br>ਦੋ ਸਾਲਾ ਡਿਪਲੋਮਾ (ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ) |
| *ਕਿੱਤਾ* | : | ਲੈਕਚਰਾਰ (ਰਾਜਨੀਤੀ ਸ਼ਾਸਤਰ),<br>ਲਾਇਬ੍ਰੇਰੀਅਨ (ਪੰਜਾਬ) (1974-1976)<br>ਮੌਜਦਾ ਸਮੇਂ : ਲਾਇਬ੍ਰੇਰੀ ਅਸਿਸਟੈਂਟ,<br>ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ, ਕੈਨੇਡਾ |
| *ਪਤਨੀ* | : | ਸਰਦਾਰਨੀ ਹਰਿਜੀਤ ਕੌਰ |
| *ਬੱਚੇ* | : | ਮਾਨਵਦੀਪ ਕੌਰ (ਸ਼ਾਦੀ-ਸ਼ੁਦਾ)<br>ਜਪਜੋਤਿ ਸਿੰਘ (ਮੈਡੀਕਲ ਦਾ ਵਿਦਿਆਰਥੀ) |
| *ਰਚਨਾਵਾਂ* | : | *ਸਿੱਖ ਨਾਂਵਾਂ ਦਾ ਕੋਸ਼* (1990, 2004)<br>*ਸੰਗਰਾਂਦ ਦੀ ਮਹੱਤਤਾ ਕਿਵੇਂ ?*<br>*ਕਿਵ ਸਚਿਆਰਾ ਹੋਈਐ* (2004)<br>*ਗੁਰਮਤਿ ਦਰਸ਼ਨ ਦੀ ਵਿਲੱਖਣਤਾ* (2004)<br>*ਧਾਰਮਿਕ ਸੰਸਕਾਰਾਂ ਨਾਲ ਜੁੜੇ ਵਹਿਮ ਅਤੇ ਭਰਮ* (2004) |
| *ਸਹਾਇਕ ਸੰਪਾਦਕ ਤੇ ਸੰਪਾਦਕ* | : | ਦੀ ਵੈਸਟਰਨ ਸਿੱਖ ਸਮਾਚਾਰ<br>(ਮਾਸਿਕ ਪੱਤਰ, 1978 ਤੋਂ 1987) |

# ਪੁਸਤਕ ਬਾਰੇ

ਗੁਰਮਤਿ ਇਕ ਨਵੀਨ ਤੇ ਵਿਲੱਖਣ ਵਿਚਾਰਧਾਰਾ ਹੈ। ਇਸ ਸਿੱਧਾਂਤ ਤੇ ਵਿਚਾਰਧਾਰਾ ਨੇ ਭਾਰਤਵਰਸ਼ ਦੇ ਸਮਾਜ ਅੰਦਰ ਮਹਾਨ ਇਨਕਲਾਬ ਲਿਆਂਦਾ ਅਤੇ ਵੱਡੇ ਵੱਡੇ ਚਿੰਤਕਾਂ ਨੇ ਵੀ ਇਸ ਸਿੱਧਾਂਤ ਅੱਗੇ ਆਪਣਾ ਸਿਰ ਝੁਕਾ ਦਿੱਤਾ। ਅੱਜ ਅਸੀਂ ਅਵੇਸਲੇਪਣ ਅੰਦਰ ਗੁਰਮਤਿ ਦੇ ਗਿਆਨ ਦਾ ਲਾਹਾ ਨਹੀਂ ਲੈ ਰਹੇ, ਅਤੇ ਅਗਿਆਨਤਾ ਦੇ ਹਨੇਰੇ ਵਿਚ ਕੁਰਾਹੇ ਪੈ ਰਹੇ ਹਾਂ। ਸਿੱਖ ਲਹਿਰ ਦੇ ਸੰਚਾਲਕਾਂ ਦੀ ਭਾਵਨਾ ਸੀ ਕਿ ਸਿੱਖਾਂ ਅੰਦਰ ਕੋਈ ਪੁਜਾਰੀ ਸ਼੍ਰੇਣੀ ਨਾ ਬਣ ਜਾਏ, ਪਰ ਸਾਡੇ ਬਹੁ ਪ੍ਰਚਾਰਕ ਪੁਜਾਰੀ ਸ਼੍ਰੇਣੀ ਦਾ ਰੂਪ ਧਾਰ ਰਹੇ ਹਨ ਅਤੇ ਪੁਜਾਰੀਆਂ ਵਾਂਗੂ ਲੁੱਟ-ਖਸੁੱਟ ਕਰਨ 'ਚ ਰੱਤੀ ਸੰਕੋਚ ਨਹੀਂ ਕਰਦੇ। ਸਿੱਖਾਂ ਅੰਦਰ ਅਗਿਆਨਤਾ ਹੋਣ ਕਾਰਨ, ਇਕ ਨਵੀਂ ਜਮਾਤ ਖੜੀ ਹੋ ਗਈ ਹੈ, ਜਿਸਨੂੰ 'ਸੰਤ ਸਮਾਜ' ਦਾ ਨਾਂ ਦਿੱਤਾ ਗਿਆ ਹੈ। ਸੰਤ ਸਮਾਜ ਦੇ ਅਨੇਕਾਂ ਵਿਅਕਤੀ ਸਰਕਾਰ ਨਾਲ ਗੁਪਤ ਸੰਬੰਧ ਰੱਖਦੇ ਹਨ ਜਾਂ ਸਰਕਾਰ ਦੇ ਏਜੰਟ ਡੇਰੇਦਾਰਾਂ ਨਾਲ ਸੰਪਰਕ ਰੱਖਦੇ ਹਨ।

ਅਜੋਕੇ ਕਾਲ ਅੰਦਰ ਬਾਬਿਆਂ ਪਾਸ ਵੱਡੀਆਂ ਵੱਡੀਆਂ ਏਅਰ ਕੰਡੀਸ਼ੰਡ ਕਾਰਾਂ ਤੇ ਵੱਡੇ ਵੱਡੇ ਏਅਰ ਕੰਡੀਸ਼ੰਡ ਡੇਰੇ ਹਨ। ਜੇ ਗੁਰ-ਇਤਿਹਾਸ ਵੱਲ ਝਾਤ ਮਾਰੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਕਿਵੇਂ ਗੁਰੂ ਸਾਹਿਬਾਨ ਨੇ ਸਾਦਾ ਜੀਵਨ ਬਤੀਤ ਕਰਦਿਆਂ ਆਪਣੇ ਪਰਿਵਾਰਾਂ ਸਮੇਤ ਕਰੜੇ ਸੰਕਟ ਝੱਲੇ, ਮਨੁੱਖੀ ਅਧਿਕਾਰਾਂ ਦੀ ਖ਼ਾਤਰ ਜੂਝਦੇ ਰਹੇ। ਪਰ ਅੱਜ ਦੋ ਦਹਾਕਿਆਂ ਤੋਂ ਸਿੱਖ ਕੌਮ ਉੱਪਰ ਬੇਅੰਤ ਸੰਕਟ ਆਏ, ਹਜ਼ਾਰਾਂ ਸਿੱਖ ਸ਼ਹੀਦ ਹੋਏ, ਜ਼ਿੰਦਾ ਜਲਾਏ ਗਏ ਪਰ ਸੰਤ ਸਮਾਜ ਦੇ ਕਿਸੇ ਬਾਬੇ ਦੇ ਝਰੀਟ ਤਕ ਨਹੀਂ ਆਈ ਅਤੇ ਨਾ ਹੀ ਕਿਸੇ ਨੇ ਕੌਮ 'ਤੇ ਸੰਕਟ ਆਉਣ 'ਤੇ ਸਰਕਾਰ ਪਾਸ ਰੋਸ ਕੀਤਾ, ਸਗੋਂ ਉਲਟਾ ਸਰਕਾਰ ਨੇ ਇਨ੍ਹਾਂ ਬਾਬਿਆਂ ਨੂੰ ਪੰਥਕ ਫ਼ੈਸਲਿਆਂ ਅਤੇ ਹਿੱਤਾਂ ਵਿਰੁੱਧ ਵਰਤਿਆ।

ਇਹ ਆਪ-ਮੁਹਾਰੇ ਬਣੇ ਬਾਬੇ ਪੰਥ ਦੇ ਹਿਤੂ ਨਹੀਂ ਅਤੇ ਨਾ ਹੀ ਗੁਰਮਤਿ ਦਾ ਪ੍ਰਚਾਰ ਕਰਨ ਦੇ ਹਾਮੀ ਹਨ। ਇਨ੍ਹਾਂ ਦੀ ਸੋਚ ਬਿਪਰ ਸ਼੍ਰੇਣੀ ਵਾਂਗ ਹੈ ਕਿਉਂਕਿ ਰਾਜਨੀਤਕ ਨੇਤਾਵਾਂ ਦੀਆਂ ਨੀਤੀਆਂ ਅਨੁਸਾਰ ਹੀ ਇਨ੍ਹਾਂ ਨੂੰ ਚੱਲਣ ਦਾ ਆਦੇਸ਼ ਹੈ। ਜਦੋਂ ਸਿੱਖ ਪੰਥ ਨੇ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨ ਕਰ ਕੇ ਲਾਗੂ ਕਰਨਾ ਚਾਹਿਆ ਤਾਂ ਕੇਂਦਰੀ ਸਰਕਾਰ ਨੇ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਬਾਬਿਆਂ ਰਾਹੀਂ ਕਰਵਾਇਆ। ਸਿੱਖਾਂ ਅੰਦਰ ਵਧ ਰਹੇ ਵਹਿਮ ਤੇ ਭਰਮ ਵੀ ਡੇਰਿਆਂ ਦੀ ਦੇਣ ਹਨ।

ਇਹ ਪੁਸਤਕ, ਕੁਝ ਅਜੇਹੇ ਵਹਿਮਾਂ ਤੇ ਭਰਮਾਂ ਨੂੰ, ਜੋ ਧਾਰਮਕ ਸੰਸਕਾਰਾਂ ਨਾਲ ਜੁੜ ਗਏ ਹਨ, ਗੁਰਮਤਿ ਦੀ ਕਸਵੱਟੀ ਨਾਲ ਪਰਖ ਕੇ ਲਾਂਭੇ ਕਰਨ ਦਾ ਨਿਮਾਣਾ ਜਿਹਾ ਜਤਨ ਹੈ, ਤਾਂ ਜੋ ਲੋਕ ਮਾਨਸਕ ਤੌਰ 'ਤੇ ਅਨੇਕਾਂ ਭੁਲੇਖਿਆਂ ਤੋਂ ਮੁਕਤ ਹੋ ਸਕਣ। ਖ਼ਾਲਸਾ ਪੰਥ ਪਾਸ ਧਾਰਮਕ ਸੰਸਕਾਰਾਂ ਦੀ ਵਿਆਖਿਆ ਅਤੇ ਉਨ੍ਹਾਂ ਸੰਸਕਾਰਾਂ ਨੂੰ ਨਿਭਾਉਣ ਲਈ ਵਿਸ਼ੇਸ਼ ਰਹਿਤ-ਮਰਯਾਦਾ ਬਣੀ ਹੋਈ ਹੈ। ਸਾਨੂੰ ਪੰਥਕ ਏਕਤਾ ਲਈ ਅਤੇ ਪੰਥਕ ਹਿੱਤਾਂ ਦੀ ਖ਼ਾਤਰ ਪੰਥਕ ਮਰਯਾਦਾ ਨੂੰ ਹੀ ਮੰਨਣਾ ਚਾਹੀਦਾ ਹੈ।

# ਮੁਖਬੰਧ

ਅਜੋਕੇ ਕਾਲ ਅੰਦਰ ਕੌਮੀ ਹਿਤੂ, ਸਿੱਖ ਕੌਮ ਅੰਦਰ ਹੋ ਰਹੀ ਗਿਰਾਵਟ ਨੂੰ ਤੱਕ ਕੇ ਚਿੰਤਤ ਹੋ ਰਹੇ ਹਨ। ਵਿਰੋਧੀ ਸ਼ਕਤੀਆਂ ਭਾਵੇਂ ਉਹ ਸਰਕਾਰ ਹੈ ਜਾਂ ਸਰਕਾਰੀ ਪੱਧਰ 'ਤੇ ਸਥਾਪਤ ਡੇਰੇ, ਵੱਲੋਂ ਸਿੱਖ ਕੌਮ ਦੀ ਵਿਲੱਖਣ ਹਸਤੀ ਨੂੰ ਹਮੇਸ਼ਾ ਅਪਰਵਾਨ ਹੀ ਕੀਤਾ ਜਾਂਦਾ ਰਿਹਾ ਹੈ। ਅੱਜ ਜਿਥੇ ਡੇਰਿਆਂ ਦੇ ਮੁਖੀ ਬਲਾਤਕਾਰੀ ਕਾਰਨ ਅਖ਼ਬਾਰਾਂ ਦੀਆਂ ਮੁੱਖ ਸੁਰਖ਼ੀਆਂ ਵਿਚ ਚਰਚਿਤ ਹੋਏ, ਉਥੇ ਸਿੱਖ ਪੰਥ ਦੇ ਉੱਚ ਅਸਥਾਨਾਂ ਦੀਆਂ ਉੱਚ ਹਸਤੀਆਂ ਅਤੇ ਵਿਦਵਾਨ ਵੀ ਦੋਸ਼ੀ ਕਰਾਰ ਹੋਏ ਹਨ। ਭਾਵੇਂ ਅੱਜ ਡੇਰਾਵਾਦ ਜਾਂ ਅਨੇਕਾਂ ਭੇਖੀ ਬਾਬੇ ਸਰਕਾਰ ਦੀ ਸਰਪ੍ਰਸਤੀ ਕਾਰਨ ਅਧਿਕ ਦਿਖਾਈ ਦਿੰਦੇ ਹਨ, ਪਰ ਗੁਰੂ-ਕਾਲ ਅੰਦਰ ਵੀ ਅਨੇਕਾਂ ਭੇਖੀ ਸਾਧ ਜੋ ਗੁਰਮਤਿ ਲਹਿਰ ਦੇ ਵਿਰੋਧੀ ਸਨ, ਆਪਣੇ ਭੇਖ ਦੁਆਰਾ ਲੋਕਾਈ ਨੂੰ ਗੁਮਰਾਹ ਕਰਨ ਦਾ ਜਤਨ ਕਰਦੇ ਸਨ, ਇਸਦੀ ਗਵਾਹੀ ਗੁਰੂ ਗ੍ਰੰਥ ਸਾਹਿਬ ਅੰਦਰ ਭੱਟ ਭਿਖਾ ਜੀ ਦੇ ਰਹੇ ਹਨ:

> **ਰਹਿਓ ਸੰਤ ਹਉ ਟੋਲਿ, ਸਾਧ ਬਹੁਤੇਰੇ ਡਿਠੇ ॥**
> **ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥**
> **ਬਰਸੁ ਏਕੁ ਹਉ ਫਿਰਿਓ, ਕਿਨੈ ਨਹੁ ਪਰਚਉ ਲਾਯਉ ॥**
> **ਕਹਤਿਅਹ ਕਹਤੀ ਸੁਣੀ, ਰਹਤ ਕੋ ਖੁਸੀ ਨ ਆਯਉ ॥** *(ਪੰਨਾ 1395)*

ਭੱਟ ਜੀ ਆਪਣੀ ਖੋਜ ਦੁਆਰਾ ਆਪਣਾ ਅਨੁਭਵ ਦੱਸਦੇ ਹਨ ਕਿ ਉਨ੍ਹਾਂ ਨੂੰ ਰੱਬੀ ਰੰਗ 'ਚ ਰੱਤੇ ਸੰਤਾਂ ਨੂੰ ਮਿਲਣ ਦੀ ਇੱਛਾ ਸੀ ਅਤੇ ਇਸ ਲਈ ਉਹ ਇਕ ਸਾਲ ਫਿਰਦੇ ਰਹੇ। ਸਾਧ ਲੋਕ ਭੇਖੀ ਤੇ ਤਪੀ ਲੱਗ ਰਹੇ ਸਨ ਅਤੇ ਮੂੰਹ ਤੋਂ ਮਿੱਠੇ ਵੀ ਸਨ, ਪਰ ਉਨ੍ਹਾਂ ਦੀ ਅਸਲ ਰਹਿਤ-ਬਹਿਤ ਤੋਂ ਕੋਈ ਮਾਨਸਕ ਸ਼ਾਂਤੀ ਨਹੀਂ ਮਿਲੀ। ਉਹ ਲੋਕ ਆਪਣਾ ਪ੍ਰਭਾਵ ਪਾਉਣ ਲਈ ਕਥਾ-ਵਾਰਤਾ ਵੀ ਕਰਦੇ ਸਨ। ਪਰ:

> **ਹਰਿ ਨਾਮੁ ਛੋਡਿ ਦੂਜੈ ਲਗੇ, ਤਿਨ੍ਹ ਕੇ ਗੁਣ ਹਉ ਕਿਆ ਕਹਉ ॥** *(ਪੰਨਾ 1395)*

ਤੱਤਸਾਰ ਇਹੀ ਹੈ ਕਿ ਜੋ ਭੇਖੀ ਲੋਕ ਉਸ ਸਮੇਂ ਸਨ, ਅੱਜ ਵੀ ਓਹੀ ਹਨ। ਬਲਕਿ ਇਨ੍ਹਾਂ ਦੀ ਗਿਣਤੀ ਹੋਰ ਜ਼ਿਆਦਾ ਵਧ ਰਹੀ ਹੈ, ਜਿਸ ਕਾਰਨ ਪੰਥਕ-ਹਿਤੂ ਫ਼ਿਕਰਮੰਦ ਹਨ। ਸਾਨੂੰ ਨਿਸ਼ਕਾਮ ਤੇ ਜੀਵਨ ਵਾਲੇ ਵਿਦਵਾਨ ਪ੍ਰਚਾਰਕਾਂ ਦੀ ਲੋੜ ਹੈ, ਤਾਂ ਜੋ ਲੋਕਾਂ ਨੂੰ ਗੁਰਮਤਿ ਦੇ ਸਹੀ ਸਿੱਧਾਂਤਾਂ ਬਾਰੇ ਦੱਸਿਆ ਜਾ ਸਕੇ। ਜਤਨ ਕੀਤਾ ਗਿਆ ਹੈ ਕਿ ਕੋਈ ਅਜੇਹੀ ਚਰਚਾ ਨਾ ਛਿੜੇ, ਜਿਸ ਨਾਲ ਰਹਿਤ-ਮਰਯਾਦਾ

ਅੰਦਰ ਪੰਥ ਵੱਲੋਂ ਸਥਾਪਤ ਪ੍ਰੰਪਰਾਵਾਂ ਵਿਰੁੱਧ ਕੋਈ ਵਿਵਾਦ-ਗ੍ਰਸਤ ਵਿਸ਼ਾ ਬਣ ਜਾਵੇ। ਦਾਸ ਭਾਈ ਜਸਵੀਰ ਸਿੰਘ ਜੀ (ਹੈੱਡ ਗ੍ਰੰਥੀ, ਅਕਾਲੀ ਸਿੰਘ ਗੁਰਦੁਆਰਾ, ਵੈਨਕੂਵਰ) ਅਤੇ ਡਾਕਟਰ ਗੁਰਬਖ਼ਸ਼ ਸਿੰਘ (ਵਾਸ਼ਿੰਗਟਨ) ਡਾਇਰੈਕਟਰ, ਧਰਮ ਪ੍ਰਚਾਰ ਵਹੀਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਦਿਲੀ ਧੰਨਵਾਦ ਕਰਦਾ ਹੈ, ਜਿਨ੍ਹਾਂ ਨੇ ਪੁਸਤਕ ਦੇ ਖਰੜੇ ਨੂੰ ਪੜ੍ਹਨ ਉਪ੍ਰੰਤ ਕੁਝ ਸੋਧਾਂ ਕਰਨ ਦਾ ਸੁਝਾਅ ਦਿੱਤਾ।

*ਗੁਰੂ ਪੰਥ ਦਾ ਦਾਸ*

ਫਰਵਰੀ 2004

**ਪੂਰਨ ਸਿੰਘ**

# ਦੋ ਸ਼ਬਦ

ਸ੍ਰੀ ਗੁਰੂ ਨਾਨਕ ਦੇਵ ਜੀ ਨੇ 1499 ਈ. ਵਿਚ "ਵੇਈਂ ਨਦੀ ਪ੍ਰਵੇਸ਼" ਤੋਂ ਬਾਅਦ ਜਿਸ ਧਰਮ ਦੀ ਨੀਂਹ ਰੱਖੀ, ਉਸ ਵਿਚ ਵਹਿਮ ਅਤੇ ਭਰਮ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੈ। ਉਸ ਧਰਮ ਵਿਚ ਭਰਮ-ਮੂਲਕ ਕਰਮ ਦੀ ਨਿਖੇਧੀ ਕੀਤੀ ਹੈ ਅਤੇ ਮਨੁੱਖ ਨੂੰ ਭਰਮ-ਰਹਿਤ ਕਰਮ ਕਰਨ ਦੀ ਪ੍ਰੇਰਨਾ ਕੀਤੀ ਹੈ। ਸਵਾਲ ਪੈਦਾ ਹੋ ਸਕਦਾ ਹੈ ਕਿ ਭਰਮ-ਮੂਲਕ ਕਰਮ ਕੀ ਹੁੰਦੇ ਹਨ ? ਸਿੱਧੇ-ਸਾਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਭਰਮ-ਮੂਲਕ ਕਰਮ ਉਹ ਹੁੰਦੇ ਹਨ ਜਿਹੜੇ ਕਾਰਨ-ਕਾਰਜ ਦੇ ਸਿਧਾਂਤ 'ਤੇ ਆਧਾਰਤ ਨਾ ਹੋਣ, ਜਿਨ੍ਹਾਂ ਦਾ ਕੋਈ ਤਾਰਕਿਕ ਆਧਾਰ ਨਾ ਬਣਦਾ ਹੋਵੇ। ਆਮ ਭਾਸ਼ਾ ਵਿਚ ਅਜਿਹੇ ਭਰਮ-ਮੂਲਕ ਕਰਮਾਂ ਨੂੰ ਵਹਿਮ ਵੀ ਕਿਹਾ ਜਾਂਦਾ ਹੈ। ਰਾਗ ਆਸਾ ਵਿਚ ਗੁਰੂ ਨਾਨਕ ਦੇਵ ਜੀ ਦੀ ਰਚੀ ਵਾਰ ਇਕ ਅਜਿਹੀ ਬਾਣੀ ਹੈ ਜਿਸ ਵਿਚ ਹਰ ਤਰ੍ਹਾਂ ਦੇ ਵਹਿਮ ਖ਼ਾਸ ਕਰਕੇ ਧਾਰਮਿਕ ਕਰਮ, ਧਾਰਮਿਕ ਰਸਮਾਂ ਅਤੇ ਰਿਵਾਜਾਂ ਨਾਲ ਜੁੜੇ ਵਹਿਮਾਂ ਦਾ ਖੰਡਨ ਕੀਤਾ ਹੈ। ਭਾਵੇਂ ਉਹ ਜੈਨ ਧਰਮ ਨਾਲ ਸੰਬੰਧਤ ਮੂੰਹ 'ਤੇ ਪੱਟੀ ਬੰਨ੍ਹ ਕੇ ਚੱਲਣ ਦਾ ਕਰਮ ਹੈ, ਚਾਹੇ ਮੁਸਲਿਮ ਰਿਵਾਜ ਅਨੁਸਾਰ ਕਬਰ ਵਿਚ ਦਫ਼ਨਾਉਣ ਦੀ ਰਸਮ ਹੈ, ਭਾਵੇਂ ਸਤੀ ਹੋਣ, ਜਤੀ ਅਖਵਾਉਣ, ਬ੍ਰਾਹਮਣ ਦੇ ਚੌਂਕਾ ਸੁੱਚ ਰੱਖਣ ਦੀ ਰਸਮ ਜਾਂ ਰਾਮ-ਲੀਲ੍ਹਾ ਆਦਿ ਕਰਮ ਹਨ, ਗੁਰੂ ਨਾਨਕ ਦੇਵ ਜੀ ਨੇ ਤਰਕ ਰਾਹੀਂ ਇਨ੍ਹਾਂ ਰਸਮਾਂ ਦਾ ਖੋਖਲਾਪਣ ਜ਼ਾਹਰ ਕੀਤਾ ਹੈ। ਅੱਜ ਸਿੱਖ ਧਰਮ ਵਿਚ ਧਾਰਮਿਕ ਕਰਮ, ਰਸਮਾਂ ਅਤੇ ਰਿਵਾਜਾਂ ਨਾਲ ਬਹੁਤ ਸਾਰੇ ਵਹਿਮ ਅਤੇ ਭਰਮ ਜੁੜ ਗਏ ਹਨ ਜਿਨ੍ਹਾਂ ਦਾ ਕੋਈ ਤਾਰਕਿਕ ਆਧਾਰ ਨਹੀਂ ਹੈ। 'ਆਸਾ ਦੀ ਵਾਰ' ਦਾ ਅਸੀਂ ਹਰ ਰੋਜ਼ ਅੰਮ੍ਰਿਤ ਵੇਲੇ ਕੀਰਤਨ ਕਰਦੇ ਅਤੇ ਸੁਣਦੇ ਹਾਂ। ਸਾਨੂੰ ਇਕ ਗੱਲ ਆਪਣੇ ਜ਼ਿਹਨ ਵਿਚ ਬਿਠਾ ਲੈਣੀ ਚਾਹੀਦੀ ਹੈ ਕਿ ਇਸ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਜੋ ਫ਼ੁਰਮਾਇਆ ਹੈ ਉਹ ਸਾਡੇ 'ਤੇ ਵੀ ਬਾਕੀ ਧਰਮਾਂ ਦੀ ਤਰ੍ਹਾਂ ਹੀ ਲਾਗੂ ਹੁੰਦਾ ਹੈ।

ਡਾ. ਪੂਰਨ ਸਿੰਘ ਜੀ ਨੇ ਆਪਣੀ ਪੁਸਤਕ *ਧਾਰਮਿਕ ਸੰਸਕਾਰਾਂ ਨਾਲ ਜੁੜੇ ਵਹਿਮ ਅਤੇ ਭਰਮ* ਵਿਚ ਉਨ੍ਹਾਂ ਵਹਿਮਾਂ ਅਤੇ ਭਰਮਾਂ 'ਤੇ ਰੋਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਜਾਣੇ-ਅਣਜਾਣੇ ਜਾਂ ਦੂਸਰੇ ਧਰਮਾਂ ਦੀ ਦੇਖਾ-ਦੇਖੀ, ਚੁੱਪ-ਚੁਪੀਤੇ ਹੀ ਸ਼ਾਮਲ ਹੋ ਗਏ ਹਨ। ਇਹ ਆਪਣੇ ਆਪ ਵਿਚ ਹੀ ਇਕ ਬਹੁਤ ਦਲੇਰੀ ਵਾਲਾ ਕੰਮ ਹੈ। ਆਮ ਤੌਰ 'ਤੇ ਅਸੀਂ ਜਾਣਦੇ ਹੋਏ ਵੀ ਬਹੁਤ ਵਾਰ ਨੁਕਤਾ-ਚੀਨੀ ਤੋਂ ਡਰ

ਕੇ ਅਜਿਹੇ ਵਹਿਮਾਂ-ਭਰਮਾਂ ਨੂੰ ਦੇਖ ਕੇ ਚੁੱਪ ਕਰ ਜਾਂਦੇ ਹਾਂ। ਪਰ ਸਿੱਖ ਨੂੰ ਚੇਤੰਨ ਹੋ ਕੇ ਜਿਊਣ ਦਾ ਆਦੇਸ਼ ਕੀਤਾ ਹੈ ਅਤੇ ਅਗਿਆਨੀ ਬਣੇ ਰਹਿਣ ਦੀ ਆਗਿਆ ਗੁਰੂ ਨੇ ਨਹੀਂ ਦਿੱਤੀ, ਜਿਵੇਂ 'ਆਸਾ ਦੀ ਵਾਰ' ਵਿਚ ਚੇਤੰਨ ਕਰਦਿਆਂ ਹੋਇਆਂ ਕਿਹਾ ਹੈ: "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ"। ਸੋ ਕਿਸੇ ਵੀ ਗੱਲ ਨੂੰ ਅੱਖਾਂ ਮੀਟ ਕੇ ਬਿਨਾਂ ਘੋਖੇ-ਪਰਖੇ ਕਰਦੇ ਰਹਿਣ ਦੀ ਆਗਿਆ ਬਿਲਕੁਲ ਨਹੀਂ ਹੈ। ਮੈਂ ਸਮਝਦੀ ਹਾਂ ਕਿ ਡਾ. ਪੂਰਨ ਸਿੰਘ ਦਾ ਇਹ ਜਤਨ ਬਹੁਤ ਸ਼ਲਾਘਾਯੋਗ ਹੈ। ਗੁਰੂ ਸਮਰੱਥਾ ਬਖ਼ਸ਼ਣ ਅਤੇ ਆਪਣੇ ਸੇਵਕ ਤੋਂ ਇਸ ਪਾਸੇ ਵਧ-ਚੜ੍ਹ ਕੇ ਸੇਵਾ ਲੈਣ, ਇਹ ਮੇਰੀ ਅਰਦਾਸ ਹੈ। ਮੈਂ ਆਸ ਕਰਦੀ ਹਾਂ ਕਿ ਪਾਠਕ ਇਸ ਪੁਸਤਕ ਨੂੰ ਆਪ ਪੜ੍ਹਨਗੇ ਅਤੇ ਅੱਗੇ ਹੋਰਾਂ ਨੂੰ ਵੀ ਪੜ੍ਹਾ ਕੇ ਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਦੀ ਕੋਸ਼ਿਸ਼ ਕਰਨਗੇ, ਕਿਉਂਕਿ ਸਿੱਖ ਨੇ ਸਿਰਫ਼ ਆਪ ਹੀ ਨਹੀਂ ਤਰਨਾ ਸਗੋਂ ਹੋਰਨਾਂ ਨੂੰ ਵੀ ਤਾਰਨਾ ਹੈ, "ਆਪਿ ਤਰੈ ਸਗਲੇ ਕੁਲ ਤਾਰੈ"। 'ਦੋ ਸ਼ਬਦ' ਲਿਖਣ ਦਾ ਜੋ ਮਾਣ ਬਖ਼ਸ਼ਿਆ ਹੈ, ਉਸ ਲਈ ਮੈਂ ਡਾ. ਪੂਰਨ ਸਿੰਘ ਜੀ ਦੀ ਅਤੀ ਧੰਨਵਾਦੀ ਹਾਂ।

**ਗੁਰਨਾਮ ਕੌਰ**
ਪ੍ਰੋਫੈਸਰ ਤੇ ਮੁਖੀ,
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

24-5-2004

# ਵਹਿਮ ਤੇ ਭਰਮ : ਸੰਖੇਪ ਚਰਚਾ

ਆਮ ਬੋਲੀ ਵਿਚ ਵਹਿਮ ਅਤੇ ਭਰਮ ਸ਼ਬਦਾਂ ਦੀ ਵਰਤੋਂ ਖੁੱਲ੍ਹ ਕੇ ਕੀਤੀ ਜਾਂਦੀ ਹੈ, ਪਰ ਜੇਕਰ ਇਸਦੀ ਠੋਸ ਪਰਿਭਾਸ਼ਾ ਨੂੰ ਨਿਰਧਾਰਤ ਕਰਨਾ ਹੋਵੇ ਤਾਂ ਅਸੰਭਵ ਜਾਪਦਾ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ *ਮਹਾਨ ਕੋਸ਼* ਅਨੁਸਾਰ ਵਹਿਮ ਇਕ ਸੰਕਲਪ-ਖ਼ਿਆਲ-ਸੰਸਾ ਹੈ ਅਤੇ ਇਸਦੇ ਅਰਥ ਭਰਮ ਵੀ ਕਰਦੇ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਵਹਿਮ ਅਤੇ ਭਰਮ ਦੇ ਸਾਂਝੇ ਜੋੜ ਤੋਂ ਇਕ ਹੀ ਅਰਥ ਲਏ ਜਾਂਦੇ ਹਨ। ਗੁਰਬਾਣੀ ਵਿੱਚੋਂ 'ਭਰਮ' ਪ੍ਰਤਿ ਕੁਝ ਪ੍ਰਮਾਣਾਂ ਦਾ ਦੇਣਾ ਜ਼ਰੂਰੀ ਹੈ ਤਾਂ ਜੋ ਘੱਟੋ ਘੱਟ ਸਾਨੂੰ ਵਹਿਮ ਤੇ ਭਰਮ ਦੀ ਜਾਣਕਾਰੀ ਹੋ ਸਕੇ :

**ਕਹੁ ਨਾਨਕ ਗੁਰਿ ਖੋਏ ਭਰਮ ॥**
**ਏਕੋ ਅਲਹੁ ਪਾਰਬ੍ਰਹਮ ॥** *(ਪੰਨਾ 897)*

**ਜਾ ਕੈ ਬਿਨਸਿਓ ਮਨ ਤੇ ਭਰਮਾ ॥**
**ਤਾ ਕੈ ਕਛੂ ਨਾਹੀ ਡਰੁ ਜਮਾ ॥** *(ਪੰਨਾ 186)*

**ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥**
**ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥** *(ਪੰਨਾ 1002)*

ਪਰਮਾਤਮਾ ਬਾਰੇ ਸਪੱਸ਼ਟ ਨਾ ਹੋਣ ਕਾਰਨ ਅਨੇਕਾਂ ਹੀ ਰੂਪਾਂ ਨੂੰ ਕਲਪਣਾ ਜਾਂ ਉਸ ਬਾਰੇ ਭੁਲੇਖਾ ਹੋਣਾ ਅਤੇ ਉਸਦੀ ਪੂਜਾ-ਵਿਧਾਨ ਬਾਰੇ ਬੇ-ਸਮਝੀ ਆਦਿ ਨੂੰ ਭਰਮ ਆਖ ਸਕਦੇ ਹਾਂ। ਮਾਸਟਰ ਤਾਰਾ ਸਿੰਘ ਜੀ ਅਨੁਸਾਰ :

"ਸ਼ਰਧਾ ਤੇ ਵਹਿਮ ਦੋਹਾਂ ਦੀਆਂ ਸ਼ਕਲਾਂ ਇੱਕੋ ਹੀ ਹੁੰਦੀਆਂ ਹਨ, ਪਰ ਇਨ੍ਹਾਂ ਦਾ ਇਤਨਾ ਫ਼ਰਕ ਹੈ ਜਿਤਨਾ ਕਿ ਅੰਮ੍ਰਿਤ ਤੇ ਜ਼ਹਿਰ ਵਿਚ ਹੈ। ਸ਼ਰਧਾ ਖੜੀ ਹੁੰਦੀ ਹੈ ਬੇਗ਼ਰਜ਼ੀ ਉੱਤੇ, ਵਹਿਮ ਖੜਾ ਹੁੰਦਾ ਹੈ ਖ਼ੁਦਗ਼ਰਜ਼ੀ ਉੱਤੇ। ਸ਼ਰਧਾਵਾਨ ਆਪਣਾ ਆਪ ਗੁਰੂ ਦੇ ਹਵਾਲੇ ਕਰਦਾ ਹੈ, ਵਹਿਮੀ ਆਪਣਾ ਆਪ ਹਵਾਲੇ ਦੀ ਸ਼ਕਲ ਬਣ ਕੇ ਗੁਰੂ ਨੂੰ ਆਪਣੇ ਮਤਲਬ ਲਈ ਵਰਤਣਾ ਚਾਹੁੰਦਾ ਹੈ।"

*(ਪਿਰਮ ਪਿਆਲਾ, ਪੰਨਾ 35)*

ਮਹਾਨ ਵਿਅਕਤੀਆਂ ਜਾਂ ਸ੍ਰੇਸ਼ਟ ਪੁਰਸ਼ਾਂ ਵੱਲੋਂ ਸਮਾਜ-ਭਲਾਈ ਅਥਵਾ ਲੋਕਾਈ ਨੂੰ ਮਾਨਸਕ ਤੌਰ 'ਤੇ ਉੱਚਾ ਚੁੱਕਣ ਅਤੇ ਸਮਾਜ ਦੇ ਔਗੁਣਾਂ ਤੋਂ ਮੁਕਤ ਕਰਨ ਲਈ ਨਵੇਂ ਤੇ ਇਨਕਲਾਬੀ ਸਿੱਧਾਂਤਾਂ ਦਾ ਨਿਰਮਾਣ ਹੋਇਆ ਹੈ। ਨਵੇਂ ਧਰਮਾਂ

ਦੀ ਸਥਾਪਨਾ ਦੇ ਨਾਲ-ਨਾਲ ਨਵੀਆਂ ਰਵਾਇਤਾਂ ਨੇ ਵੀ ਜਨਮ ਲਿਆ। ਪਰ ਪੁਰਾਤਨ ਕਾਲ ਤੋਂ ਚਲੇ ਆ ਰਹੇ ਭਰਮਾਂ ਅਤੇ ਵਹਿਮਾਂ ਨੇ ਮਨੁੱਖੀ ਮਨਾਂ ਤੋਂ ਆਪਣੀ ਜਕੜ ਨਹੀਂ ਛੱਡੀ, ਭਾਵੇਂ ਇਨ੍ਹਾਂ ਭਰਮਾਂ ਤੇ ਵਹਿਮਾਂ ਦਾ ਧਰਮ ਨਾਲ ਕੋਈ ਸੰਬੰਧ ਨਹੀਂ ਜੁੜਦਾ, ਪਰ ਆਮ ਲੋਕਾਂ ਨੇ ਇਨ੍ਹਾਂ ਨੂੰ ਧਾਰਮਕ ਰਹੁ-ਰੀਤਾਂ ਨਾਲ ਰਲ-ਗੱਡ ਕਰ ਲਿਆ ਅਤੇ ਸਾਧਾਰਨ-ਜਨ ਲਈ ਇਨ੍ਹਾਂ ਤੋਂ ਛੁਟਕਾਰਾ ਪਾਉਣਾ ਅਸੰਭਵ ਹੋ ਗਿਆ। ਜਦੋਂ ਲੋਕ ਵਹਿਮੀ ਹੋ ਜਾਣ ਤਾਂ ਉਨ੍ਹਾਂ ਦਾ ਮਨ ਕਿਤੇ ਨਹੀਂ ਟਿਕਦਾ, ਉਹ ਗੁਰਬਾਣੀ ਨੂੰ ਜਾਂ ਗੁਰਮਤਿ ਦੇ ਮਾਰਗ ਨੂੰ ਸਮਝਣ ਦੀ ਥਾਂ, ਪਖੰਡੀ ਬਾਬਿਆਂ ਜਾਂ ਪੀਰਾਂ ਦੀ ਸ਼ਰਨ ਲੱਭਦੇ ਹਨ। ਅੱਗੋਂ ਚੁਸਤ ਲੋਕ ਭੋਲੇ-ਭਾਲੇ ਲੋਕਾਂ ਦੀ ਮਾਨਸਕ ਸਥਿਤੀ ਨੂੰ ਬੁੱਝ ਕੇ ਉਨ੍ਹਾਂ ਨੂੰ ਗੁਮਰਾਹ ਕਰ ਕੇ ਆਪਣੇ ਮਨੋਰਥ ਦੀ ਪੂਰਤੀ ਕਰਦੇ ਹਨ। ਭਾਰਤ 'ਚ ਵਹਿਮਾਂ ਤੇ ਭਰਮਾਂ ਦੇ ਜ਼ਿਆਦਾ ਪ੍ਰਚਲਿਤ ਹੋਣ ਨਾਲ ਪੁਜਾਰੀ ਸ਼੍ਰੇਣੀ ਨੂੰ ਜ਼ਿਆਦਾ ਲਾਭ ਹੁੰਦਾ ਸੀ ਅਤੇ ਇਸ ਪ੍ਰਤਿ ਠੋਸ ਗਵਾਹੀ ਗੁਰਬਾਣੀ ਅੰਦਰ ਦਰਜ ਹੈ :

**ਆਪਨ ਊਚ ਨੀਚ ਘਰਿ ਭੋਜਨੁ, ਹਠੇ ਕਰਮ ਕਰਿ ਉਦਰੁ ਭਰਹਿ ॥**
**ਚਉਦਸ ਅਮਾਵਸ ਰਚਿ ਰਚਿ ਮਾਂਗਹਿ, ਕਰ ਦੀਪਕੁ ਲੈ ਕੂਪਿ ਪਰਹਿ ॥**

*(ਪੰਨਾ 970)*

ਇਥੇ ਇਹ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਇਨ੍ਹਾਂ ਵਹਿਮਾਂ ਤੇ ਭਰਮਾਂ ਦੀ ਮੰਡੀ ਸਿਰਫ਼ ਭਾਰਤ 'ਚ ਹੀ ਨਹੀਂ, ਅੰਧ-ਵਿਸ਼ਵਾਸੀ ਤੇ ਵਹਿਮੀ ਲੋਕ ਦੁਨੀਆਂ ਦੇ ਸਮੂਹ ਵਰਗ ਦੇ ਲੋਕਾਂ ਅੰਦਰ ਮਿਲਦੇ ਹਨ। ਪੱਛਮੀ ਦੁਨੀਆਂ ਦੇ ਲੋਕ ਵਿਗਿਆਨਕ ਉੱਨਤੀ ਨਾਲ ਕਾਫ਼ੀ ਵਿਗਸਤ ਹੋਏ ਹਨ ਪਰ ਇਨ੍ਹਾਂ ਅੰਦਰ ਵੀ ਵਹਿਮ ਤੇ ਭਰਮ ਪ੍ਰਚਲਿਤ ਹਨ। ਇਸਦਾ ਮੁੱਖ ਕਾਰਨ ਹੈ ਕਿ ਇਹ ਲੋਕ ਵਹਿਮ ਤੇ ਭਰਮ ਨੂੰ ਧਰਮ ਦਾ ਅੰਗ ਮੰਨੀ ਬੈਠੇ ਹਨ। ਜਿਵੇਂ ਮੁਸਲਮਾਨ ਹਰ ਸਮੇਂ ਪ੍ਰਾਰਥਨਾ, ਭਾਵ, ਨਮਾਜ਼ ਪੜ੍ਹਨ ਸਮੇਂ ਆਪਣਾ ਮੂੰਹ ਮੱਕੇ ਵੱਲ ਕਰ ਕੇ ਬੈਠਦੇ ਹਨ। ਮੁਰਦੇ ਨੂੰ ਦਫ਼ਨਾਉਣ ਸਮੇਂ ਉਸਦਾ ਸਿਰ ਮੱਕੇ ਵੱਲ ਕੀਤਾ ਜਾਂਦਾ ਹੈ। ਮੁਸਲਮਾਨਾਂ ਅੰਦਰ ਇਸਤਰੀ ਨੂੰ ਧਰਮ ਦੇ ਕਾਰਜਾਂ ਵਿਚ ਸ਼ਾਮਲ ਹੋਣ ਦਾ ਅਧਿਕਾਰ ਨਹੀਂ ਹੈ, ਉਸਨੂੰ ਬੁਰਕੇ ਵਿਚ ਰਹਿਣਾ ਪੈਂਦਾ ਹੈ (ਭਾਵੇਂ ਇਸ ਬੁਰਕੇ ਦੀ ਕੱਟੜਤਾ ਕਈ ਦੇਸ਼ਾਂ ਵਿਚ ਘਟ ਗਈ ਹੈ ਅਤੇ ਬੁਰਕੇ ਦੀ ਥਾਂ ਸਿਰ ਢਕਣ ਲਈ ਵਿਸ਼ੇਸ਼ ਕੱਪੜਾ ਪਹਿਨਿਆ ਜਾਂਦਾ ਹੈ), ਉਹ (ਇਸਤਰੀ) ਮਸਜਦ ਅੰਦਰ ਪ੍ਰਾਰਥਨਾ ਕਰਨ ਲਈ ਮਰਦਾਂ ਦੇ ਨਾਲ ਨਹੀਂ ਜਾ ਸਕਦੀ, ਉਸ ਨੂੰ ਵੱਖਰੇ ਹੋ ਕੇ ਨਮਾਜ਼ ਪੜ੍ਹਨੀ ਪੈਂਦੀ ਹੈ। ਮੁਸਲਮਾਨਾਂ ਅੰਦਰ ਸ਼ੁਕਰਵਾਰ ਦਿਨ ਪਵਿੱਤਰ ਹੈ, ਦੂਜੇ ਪਾਸੇ ਯਹੂਦੀ ਲੋਕ ਸਨਿਚਰਵਾਰ ਨੂੰ ਸ਼ੁਭ ਦਿਹਾੜਾ ਮੰਨਦੇ ਹਨ।

ਕੁਝ ਸਾਲ ਪਹਿਲਾਂ ਵਾਪਰੀ ਇਕ ਘਟਨਾ ਦਾ ਜ਼ਿਕਰ ਕਰਨਾ ਵੀ ਮਹੱਤਵਪੂਰਨ ਹੈ। ਸਿਓਲ (ਦੱਖਣੀ ਕੋਰੀਆ) ਵਿਖੇ ਉਲੰਪਿਕ ਖੇਡਾਂ ਵਿਚ ਯਹੂਦੀ ਖਿਲਾੜੀਆਂ ਨੇ ਸਨਿਚਰਵਾਰ ਵਾਲੇ ਦਿਨ ਖੇਡਾਂ ਵਿਚ ਭਾਗ ਲੈਣ ਤੋਂ ਨਾਂਹ ਕਰ ਦਿੱਤੀ ਪਰ ਕੁਝ ਖਿਡਾਰੀ ਸ਼ਾਮਲ ਵੀ ਹੋ ਗਏ। ਇਜ਼ਰਾਈਲ ਸਰਕਾਰ ਨੇ ਐਲਾਨ ਕਰ ਦਿੱਤਾ

ਕਿ ਜਿਨ੍ਹਾਂ ਨੇ ਸਨਿਚਰਵਾਰ ਵਾਲੇ ਦਿਨ ਖੇਡਾਂ ਵਿਚ ਹਿੱਸਾ ਲਿਆ, ਉਨ੍ਹਾਂ ਵਿਰੁੱਧ ਐਕਸ਼ਨ ਲਿਆ ਜਾਵੇਗਾ। ਈਸਾਈ ਲੋਕ 'ਐਤਵਾਰ' ਨੂੰ ਪਵਿੱਤਰ ਦਿਨ ਮੰਨਦੇ ਹਨ। ਈਸਾਈ ਧਰਮ ਨੂੰ ਮੰਨਣ ਵਾਲੇ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ 17ਵੀਂ ਸਦੀ ਤਕ ਵਿਸ਼ੇਸ਼ ਕਾਨੂੰਨ ਬਣਾਏ ਹੋਏ ਸਨ, ਜਿਨ੍ਹਾਂ ਅਨੁਸਾਰ ਐਤਵਾਰ ਨੂੰ ਚਰਚ ਜਾਣਾ ਜ਼ਰੂਰੀ ਹੁੰਦਾ ਸੀ। ਸਮਾਂ ਪਾ ਕੇ ਈਸਾਈਆਂ ਵਿਚ ਐਤਵਾਰ ਨੂੰ ਪਵਿੱਤਰ ਮੰਨਣ ਜਾਂ ਕੰਮ ਨਾ ਕਰਨ ਦੀ ਕੱਟੜਤਾ ਵਿਚ ਢਲਿਆਈ ਆ ਗਈ। ਕੁਝ ਸਮਾਂ ਪਹਿਲਾਂ ਕੈਨੇਡਾ ਦੀ ਇਕ ਰਾਜਨੀਤਕ ਪਾਰਟੀ ਦੇ ਮੁਖੀ ਨੂੰ ਐਤਵਾਰ ਨੂੰ ਪਵਿੱਤਰ ਮੰਨਣ ਦੀ ਜ਼ਿਦ ਕਾਰਨ ਅਸਫਲਤਾ ਝੱਲਣੀ ਪਈ, ਭਾਵੇਂ ਹੋਰ ਵੀ ਕਾਰਨ ਸਨ ਪਰ ਰਾਜਨੀਤਿਕ ਨੇਤਾ ਲਈ ਐਤਵਾਰ ਨੂੰ ਕੋਈ ਕੰਮ-ਕਾਰ ਨਾ ਕਰਨ ਦਾ ਵਿਸ਼ਵਾਸ ਧਾਰਨਾ ਅਸੰਭਵ ਹੈ। ਈਸਾਈਆਂ ਅੰਦਰ ਗਿਣਤੀ 'ਚ 'ਨੰਬਰ ਤੇਰਾਂ' ਨੂੰ ਮਾੜਾ ਮੰਨਿਆ ਜਾਂਦਾ ਹੈ, ਤਾਹੀਓਂ ਚੰਡੀਗੜ੍ਹ ਸ਼ਹਿਰ ਦੀ ਰੂਪ-ਰੇਖਾ ਬਨਾਉਣ ਵਾਲੇ ਈਸਾਈ ਨੇ ਸੈਕਟਰ-13 ਨਹੀਂ ਬਣਾਇਆ।

ਚੀਨੇ ਲੋਕ ਕਦੀ ਵੀ ਆਪਣੇ ਘਰ ਦੇ ਦਰਵਾਜ਼ੇ ਅੱਗੇ ਕੋਈ ਦਰੱਖ਼ਤ ਨਹੀਂ ਚਾਹੁੰਦੇ। ਉਨ੍ਹਾਂ ਅਨੁਸਾਰ ਘਰ ਅੰਦਰ ਖ਼ੁਸ਼ਹਾਲੀ ਜਾਂ ਦੌਲਤ ਪਰਵੇਸ਼ ਕਰਨ ਲਈ ਕੋਈ ਅੜਿੱਕਾ ਨਹੀਂ ਹੋਣਾ ਚਾਹੀਦਾ। ਹਿੰਦੂ ਲੋਕ ਮੰਗਲਵਾਰ ਨੂੰ ਮਾੜਾ ਦਿਨ ਅਤੇ ਬੁੱਧਵਾਰ ਨੂੰ ਸ਼ੁੱਭ ਦਿਨ ਮੰਨਦੇ ਹਨ। ਇਹ ਵੀ ਸੁਣਿਆ ਗਿਆ ਹੈ ਕਿ ਭਾਰਤ ਵਿਚ ਕਈ ਜਗ੍ਹਾ ਇਸ ਧਾਰਮਕ ਵਹਿਮ ਨੂੰ ਕਾਨੂੰਨੀ ਤੌਰ 'ਤੇ ਠੋਸਿਆ ਗਿਆ ਹੈ, ਜਿਸਦੇ ਆਧਾਰ ਉੱਪਰ ਮੰਗਲਵਾਰ ਨੂੰ ਮਾਸ ਖਾਣ ਤੇ ਮਾਸ ਦੀ ਵਿਕਰੀ 'ਤੇ ਪਾਬੰਦੀ ਲੱਗੀ ਹੋਈ ਹੈ। ਸਿੱਖ ਧਰਮ ਅੰਦਰ ਗੁਰੂ ਸਾਹਿਬਾਨ ਨੇ ਅਜੇਹੇ ਵਹਿਮ ਤੇ ਭਰਮ, ਭਾਵ ਚੰਗੇ ਜਾਂ ਮਾੜੇ ਦਿਨ ਦੀ ਸੋਚ ਨੂੰ ਅਪਰਵਾਨ ਕਰ ਦਿੱਤਾ:

**ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥** *(ਪੰਨਾ 136)*

ਫਿਰ ਵੀ ਸਾਡੇ ਭੁੱਲੜ ਵੀਰਾਂ ਅੰਦਰ ਦਿਨਾਂ ਦੇ ਸੰਬੰਧ ਵਿਚ ਵਹਿਮ ਹਨ। ਵਿਸ਼ੇਸ਼ ਦਿਨਾਂ ਨੂੰ ਪਵਿੱਤਰ ਮੰਨਿਆ ਜਾਂਦਾ ਹੈ।

ਸਾਨੂੰ ਤਾਂ ਹੁਕਮ ਹੈ ਕਿ:

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥** *(ਪੰਨਾ 1245)*

ਗੁਰਬਾਣੀ ਦੀ ਰੋਸ਼ਨੀ ਅੰਦਰ ਤਾਂ ਇੰਝ ਪ੍ਰਤੀਤ ਹੁੰਦਾ ਹੈ ਕਿ ਸਿੱਖਾਂ ਅੰਦਰ ਕਿਸੇ ਵਹਿਮ ਤੇ ਭਰਮ ਦੀ ਕੋਈ ਗੁੰਜ਼ਾਇਸ਼ ਹੋ ਹੀ ਨਹੀਂ ਸਕਦੀ ਪਰ ਗਿਆਨ-ਗੁਰੂ ਦੀ ਹਾਜ਼ਰੀ ਵਿਚ ਅਗਿਆਨਤਾ ਦਾ ਬੋਲ-ਬਾਲਾ ਹੈ। ਮਾਸਟਰ ਤਾਰਾ ਸਿੰਘ ਜੀ ਆਖਦੇ ਹਨ ਕਿ:

"ਅਕਲ ਬਿਨਾਂ ਤਾਂ ਆਪਣੀ ਅਕਲ ਠੀਕ ਢੰਗ ਨਾਲ ਤਿਆਗੀ ਭੀ ਨਹੀਂ ਜਾ ਸਕਦੀ ਤੇ ਜੋ ਕੁਢੰਗਾ ਤਿਆਗਦਾ ਹੈ, ਉਹ ਪਖੰਡੀਆਂ ਦੇ ਢਹੇ ਚੜ੍ਹ ਜਾਂਦਾ ਹੈ। ਇਸ ਲਈ ਅਕਲ ਨਾਲ ਅਕਲ ਤਿਆਗੋ ਤੇ ਅਕਲ ਤਿਆਗ ਕੇ ਵੱਡੀ ਅਕਲ ਗ੍ਰਹਿਣ ਕਰੋ। ਮਨ ਦੀ ਮਤ ਤਿਆਗ ਕੇ ਗੁਰੂ ਦੀ ਮਤ

ਲਵੋ। ਇਹ ਨਾ ਹੋਵੇ ਕਿ ਮਨ ਦੀ ਮਤ ਤਾਂ ਤਿਆਗ ਦੇਵੋ, ਪਰ ਗੁਰੂ ਦੀ ਮਤ ਦੀ ਥਾਂ ਤੁਹਾਡੇ ਅੰਦਰ ਕਿਸੇ ਸ਼ੈਤਾਨ ਦੀ ਮਤ ਆ ਜਾਵੇ।"

*(ਪਿਰਮ ਪਿਆਲਾ, ਪੰਨਾ 32)*

**ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ ॥**
**ਅਕਲੀ ਪੜ੍ਹਿ ਕੈ ਬੁਝੀਐ, ਅਕਲੀ ਕੀਚੈ ਦਾਨੁ ॥**
**ਨਾਨਕੁ ਆਖੈ ਰਾਹੁ ਏਹੁ, ਹੋਰਿ ਗਲਾਂ ਸੈਤਾਨੁ ॥** *(ਪੰਨਾ 1245)*

ਚੀਨ ਦੇ ਮਹਾਨ ਚਿੰਤਕ ਕਨਫਿਊਸ਼ਸ਼ ਅਨੁਸਾਰ:

"ਗਿਆਨਵਾਨ ਪੁਰਸ਼ ਸਿਆਣਪ ਤੇ ਸੂਝ ਨਾਲ ਵਫ਼ਾਦਾਰੀ ਨਿਭਾਉਂਦਾ ਹੈ ਨਾ ਕਿ ਅੰਧ-ਵਿਸ਼ਵਾਸੀ ਨਾਲ।"

# ਸਾਧਾਰਨ ਪਾਠ ਜਾਂ ਅਖੰਡ ਪਾਠ ਅਤੇ ਤਿਨ੍ਹਾਂ ਦੇ ਫਲ ਪ੍ਰਾਪਤੀ ਬਾਰੇ ਵਹਿਮ

ਜਿਥੋਂ ਤਕ ਸਾਧਾਰਨ ਪਾਠ ਜਾਂ ਅਖੰਡ ਪਾਠ ਦੀ ਪ੍ਰੰਪਰਾ ਹੈ, ਇਸ ਬਾਰੇ ਸਿੱਖ ਰਹਿਤ-ਮਰਯਾਦਾ ਵਿਚ ਲਿਖਿਆ ਹੋਇਆ ਹੈ:

> "ਅਖੰਡ ਪਾਠ ਜਿਸ ਪਰਿਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦਾ ਕੋਈ ਆਦਮੀ, ਸਾਕ-ਸੰਬੰਧੀ ਜਾਂ ਮਿੱਤਰ ਆਦਿ ਮਿਲ ਕੇ ਕਰਨ...। ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ, ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ...ਅਖੰਡ ਪਾਠ ਜਾਂ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ (ਘੜੇ 'ਚ ਪਾਣੀ), ਜੋਤ, ਨਲੀਅਰ (ਨਾਰੀਅਲ) ਆਦਿ ਰੱਖਣਾ ਜਾਂ ਨਾਲ ਨਾਲ ਜਾਂ ਕਿਸੇ ਵਿਚ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ।"
>
> *(ਰਹਿਤ ਮਰਯਾਦਾ)*

ਜੇਕਰ ਪੰਥਕ ਤੌਰ 'ਤੇ ਪਾਠ-ਰੀਤੀ ਲਈ ਵਿਧਾਨ ਨਿਰਧਾਰਤ ਕੀਤਾ ਹੈ ਤਾਂ ਸ਼ਰਧਾਲੂ ਪਰਿਵਾਰ ਜਾਂ ਅਖੰਡ ਪਾਠ ਪ੍ਰੇਮੀਆਂ ਨੂੰ ਘੱਟੋ ਘੱਟ ਪੰਥ ਵੱਲੋਂ ਦਿੱਤੀ ਸੇਧ ਨੂੰ ਮੰਨ ਲੈਣਾ ਚਾਹੀਦਾ ਹੈ। ਇਥੇ ਇਕ ਸੱਚੇ ਦ੍ਰਿਸ਼ਟਾਂਤ ਦਾ ਉਲੇਖ ਕਰ ਰਹੇ ਹਾਂ। ਕੁਝ ਸਾਲ ਪਹਿਲਾਂ ਕੈਨੇਡਾ ਦੇ ਇਕ ਪਰਿਵਾਰ ਨੂੰ ਪੰਜਾਬ ਤੋਂ ਬਾਹਰ ਦੇ ਕਿਸੇ ਇਤਿਹਾਸਕ ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਚਿੱਠੀ ਆਈ ਅਤੇ ਉਨ੍ਹਾਂ ਵੱਲੋਂ ਬੁੱਕ ਕਰਾਏ ਅਖੰਡ ਪਾਠ ਦੇ ਭੋਗ ਦੀ ਨਿਯਤ ਮਿਤੀ ਦੱਸੀ ਗਈ। ਸ਼ਰਧਾਲੂ ਪਰਿਵਾਰ ਨੂੰ ਅਤਿ ਚਾਉ ਸੀ, ਉਹ ਬਹੁਤ ਉਤਸ਼ਾਹ ਨਾਲ ਭੋਗ ਦੇ ਸਮੇਂ ਹਾਜ਼ਰ ਹੋ ਗਏ। ਅਰਦਾਸ ਵਿਚ ਆਪਣਾ ਨਾਂ ਸੁਣਨ ਲਈ ਉਤਾਵਲੇ ਸਨ, ਪਰ ਅਰਦਾਸ ਵਿਚ ਹੋਰ ਪਰਿਵਾਰਾਂ ਦੇ ਨਾਂ ਹੀ ਆਈ ਜਾਣ। ਆਖ਼ਰ ਉਸ ਪਰਿਵਾਰ ਦਾ ਨਾਂ 21ਵੇਂ ਥਾਂ 'ਤੇ ਆਇਆ ਤੇ ਉਨ੍ਹਾਂ ਦੇ ਕਪਾਟ ਖੁੱਲ੍ਹੇ ਕਿ ਅਖੰਡ ਪਾਠ 21 ਪਰਿਵਾਰਾਂ ਦਾ ਸਾਂਝਾ ਸੀ। ਇਹ ਪਰਿਵਾਰ ਮਾਯੂਸ ਹੋਇਆ ਵਾਪਸ ਵਿਦੇਸ਼ ਮੁੜ ਗਿਆ। ਘੱਟੋ ਘੱਟ ਇਨ੍ਹਾਂ ਨੂੰ ਚਾਨਣ ਹੋਇਆ ਕਿ ਗੁਰਦੁਆਰਿਆਂ ਦੀ ਸਾਲਾਨਾ ਚੋਖੀ ਆਮਦਨ ਸ਼ਰਧਾਲੂ ਪਰਿਵਾਰਾਂ ਵੱਲੋਂ ਅਖੰਡ ਪਾਠਾਂ ਵਿਚ ਅੰਨ੍ਹੀ ਸ਼ਰਧਾ ਰੱਖਣ ਕਾਰਨ ਹੀ ਹੈ। ਅੱਜ ਵਿਦੇਸ਼ਾਂ ਵਿਚ ਵੀ ਗੁਰੂ-ਘਰਾਂ ਦੀ ਆਮਦਨ ਵਧਾਉਣ ਲਈ ਜ਼ਿਆਦਾ ਅਖੰਡ ਪਾਠ ਕਰਨ ਲਈ ਵਿਸ਼ੇਸ਼ ਪਾਠ-ਅਸਥਾਨ ਬਣਾਏ ਜਾ ਰਹੇ ਹਨ।

ਕਈ ਥਾਵਾਂ 'ਤੇ ਭੋਲੇ-ਭਾਲੇ ਸ਼ਰਧਾਲੂਆਂ ਨੂੰ ਇਹ ਵੀ ਨਹੀਂ ਪਤਾ ਕਿ ਅਨੇਕਾਂ ਵੀਰ, ਜਿਨ੍ਹਾਂ ਨੂੰ ਪਾਠ ਕਰਨ ਦੀ ਰੱਤੀ ਭਰ ਵੀ ਸੂਝ ਨਹੀਂ, ਉਹ ਪਾਠ ਕਰਨ ਦੀ ਸੇਵਾ ਨਿਭਾ ਰਹੇ ਹਨ। ਇਕ ਅਸਥਾਨ ਨਾਲ ਸੰਬੰਧਤ ਤੇ ਸ਼ਰਧਾਲੂ ਭਾਈ ਨੇ ਇਕ ਗੁੱਝੇ ਭੇਦ ਨੂੰ ਪ੍ਰਗਟ ਕੀਤਾ। ਉਸ ਅਸਥਾਨ 'ਤੇ ਦੋ ਅਜੇਹੇ ਪਾਠੀ ਹਨ, ਜਿਨ੍ਹਾਂ ਨੂੰ ਪੰਜਾਬੀ ਪੜ੍ਹਨੀ ਹੀ ਨਹੀਂ ਆਉਂਦੀ ਜਾਂ ਨਾਂ-ਮਾਤਰ ਹੀ ਜਾਣਦੇ ਹਨ, ਪਰ ਪਾਠ ਕਰਨ ਦੀ ਸੇਵਾ ਅਤੁੱਟ ਨਿਭਾ ਰਹੇ ਹਨ। ਅਸਾਨੂੰ ਸੋਚਣਾ ਪਵੇਗਾ ਕਿ ਅਜੇਹੇ ਪਾਠੀਆਂ ਦੁਆਰਾ ਕਰਾਏ ਪਾਠਾਂ ਦਾ ਲਾਹਾ ਕਿਸਨੂੰ ਮਿਲੇਗਾ ?

ਸਾਲ 2002 ਦੀ ਗੱਲ ਹੈ ਕਿ ਸਰੀ, ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਵਿਚ ਇਕ ਸ਼ਰਧਾਲੂ ਪਰਿਵਾਰ, ਇਕ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਕਰਵਾ ਰਹੇ ਸਨ। ਉਨ੍ਹਾਂ ਨੇ ਸਨੇਹੀਆਂ ਤੇ ਨਿਕਟੀ ਪਰਿਵਾਰਾਂ ਨੂੰ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਲਈ ਆਖਿਆ। ਪਰਿਵਾਰ ਦਾ ਇਕ ਵਿਅਕਤੀ ਗੁਰੂ-ਘਰ ਪਹੁੰਚਿਆ ਤਾਂ ਅੰਦਰ ਜਾ ਕੇ ਦੇਖਦਾ ਹੈ ਕਿ ਪੰਜ ਸ੍ਰੀ ਅਖੰਡ ਪਾਠ ਇਕੱਠੇ ਹੋ ਰਹੇ ਸਨ। ਉਹ ਉਨ੍ਹੀਂ ਪੈਰੀਂ ਵਾਪਸ ਮੁੜ ਆਇਆ ਤੇ ਸ਼ਰਧਾਲੂ ਪਰਿਵਾਰ, ਜਿਨ੍ਹਾਂ ਨੇ ਸੱਦਾ ਦਿੱਤਾ ਸੀ, ਦੀ ਉਡੀਕ ਕਰਨ ਲੱਗ ਪਿਆ। ਸ਼ਰਧਾਲੂ ਪਰਿਵਾਰ ਨੇ ਆਉਂਦਿਆਂ ਹੀ ਉਸ ਵੀਰ ਨੂੰ ਪੁੱਛਿਆ, "ਕੀ ਤੁਸੀਂ ਮੱਥਾ ਟੇਕ ਆਏ ਹੋ ?" ਉਸ ਨੇ ਕਿਹਾ, "ਮੈਂ ਅੰਦਰ ਗਿਆ ਸੀ ਪਰ ਕਈ ਅਖੰਡ ਪਾਠ ਪ੍ਰਕਾਸ਼ ਦੇਖੇ ਤਾਂ ਬਿਨਾਂ ਮੱਥਾ ਟੇਕੇ ਵਾਪਸ ਮੁੜ ਆਇਆ। ਮੈਨੂੰ ਇਹ ਪਤਾ ਨਹੀਂ ਸੀ ਕਿ ਤੁਹਾਡਾ ਅਖੰਡ ਪਾਠ ਕਿਹੜਾ ਹੈ ?" ਸ਼ਰਧਾਲੂ ਪਰਿਵਾਰ ਦੇ ਮੁਖੀ ਸੱਜਣ ਨੇ ਕਿਹਾ, "ਇਹ ਤਾਂ ਮੈਨੂੰ ਵੀ ਪਤਾ ਨਹੀਂ ਕਿ ਸਾਡਾ ਪਾਠ ਕਿਹੜਾ ਹੈ।"

ਅਜੋਕੇ ਸਮੇਂ ਤਰ੍ਹਾਂ ਤਰ੍ਹਾਂ ਦੀਆਂ ਪਾਠ-ਲੜੀਆਂ ਅਤੇ ਇਨ੍ਹਾਂ ਸਮਾਗਮਾਂ ਨੂੰ ਧੂਮ-ਧਾਮ ਨਾਲ ਮਨਾਉਣ ਦਾ ਗੁਰਮਤਿ ਅਨੁਸਾਰ ਕੋਈ ਲਾਹਾ ਨਹੀਂ। ਗੁਰਦੁਆਰਿਆਂ ਦੇ ਪ੍ਰਬੰਧਕ ਵੀ ਲੋਕਾਂ ਨੂੰ ਉਤਸ਼ਾਹਤ ਕਰਦੇ ਹਨ ਕਿ ਉਹ 10-10 ਜਾਂ ਵੱਧ ਅਖੰਡ ਪਾਠ ਕਰਾਉਣ, ਇਸ ਨਾਲ ਸੰਗਤ ਵੀ ਵੱਧ ਜੁੜਦੀ ਹੈ ਤੇ ਆਮਦਨ ਵੀ ਵੱਧ। ਅਸਲ ਤੱਤ ਤਾਂ ਇਹੀ ਹੈ ਜੋ ਕਰਮ ਅਸੀਂ ਬਿਨਾਂ ਸੋਚੇ-ਸਮਝੇ ਕਰ ਰਹੇ ਹਾਂ, ਉਸ ਦਾ ਕੋਈ ਲਾਭ ਨਹੀਂ ਹੋ ਸਕਦਾ :

**ਭਾਈ ਰੇ ਗੁਰਮੁਖਿ ਬੂਝੈ ਕੋਇ ॥**
**ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥** *(ਪੰਨਾ 33)*

**ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥** *(ਪੰਨਾ 66)*

**ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥**
**ਬੇਦ ਪੁਰਾਣ ਪੜੈ ਸੁਣਿ ਥਾਟਾ ॥**
**ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥** *(ਪੰਨਾ 226)*

**ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥**
**ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥** *(ਪੰਨਾ 1246)*

ਉਪਰੋਕਤ ਗੁਰਵਾਕਾਂ ਦੁਆਰਾ ਸਪੱਸ਼ਟ ਹੈ ਕਿ ਜੋ ਕਰਮ ਅਸੀਂ ਬਿਨਾਂ ਸੋਚੇ-ਸਮਝੇ ਕਰਦੇ ਹਾਂ, ਜਾਂ ਪਾਠ ਕਰਦੇ ਹਾਂ ਪਰ ਸਮਝ ਤੋਂ ਬਿਨਾਂ ਹੀ, ਉਪ੍ਰੰਤ ਮਾਇਆ ਕਮਾਉਣ ਜਾਂ ਪੇਟ-ਪੂਰਤੀ ਲਈ ਪਾਠ ਕਰਦੇ ਹਾਂ, ਤਾਂ ਲਾਹਾ ਕੋਈ ਨਹੀਂ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ:

"ਕਈ ਪ੍ਰੇਮੀ ਸਿੱਖ ਆਪ ਪੜ੍ਹਨ ਦੀ ਥਾਂ ਭੇਟਾ ਦੇ ਕੇ ਪਾਠ ਕਰਾਉਣਾ ਮਹਾਨ ਪੁੰਨ ਸਮਝਦੇ ਹਨ, ਕਈ ਡਾਕ ਵਿਚ ਰੁਪਏ ਭੇਜ ਕੇ ਪਾਠ ਦਾ ਮਹਾਤਮ ਖ਼ਰੀਦ ਲੈਂਦੇ ਹਨ। ਅਜੇਹੇ ਰਸਮੀ ਪਾਠਾਂ 'ਤੇ ਧਨ ਖ਼ਰਚਣ ਦੀ ਥਾਂ ਜੇ ਵਿਦਿਆ ਦੇ ਪ੍ਰਚਾਰ ਲਈ ਉੱਦਮ ਕੀਤਾ ਜਾਏ, ਅਨੇਕਾਂ ਬੋਲੀਆਂ ਵਿਚ ਗੁਰਬਾਣੀ ਦਾ ਉਲਥਾ ਕਰ ਕੇ ਸਤਿਗੁਰ ਨਾਨਕ ਦਾ ਉਪਦੇਸ਼ ਜਗਤ ਵਿਚ ਫੈਲਾਇਆ ਜਾਵੇ, ਤਦ ਪੁੰਨ ਅਤੇ ਲਾਭ ਹੋ ਸਕਦਾ ਹੈ।" *(ਗੁਰਮਤਿ ਮਾਰਤੰਡ)*

ਜਿਥੋਂ ਤਕ ਅਖੰਡ ਪਾਠ ਦੀ ਪ੍ਰੰਪਰਾ ਦਾ ਸੰਬੰਧ ਹੈ, ਪੰਥਕ ਵਿਦਵਾਨਾਂ ਦੀਆਂ ਰਾਵਾਂ ਅਨੁਸਾਰ ਗੁਰੂ-ਕਾਲ ਅੰਦਰ ਅਖੰਡ ਪਾਠ ਦੀ ਕੋਈ ਪ੍ਰੰਪਰਾ ਨਹੀਂ ਸੀ ਅਤੇ ਨਾ ਹੀ ਕਦੀ ਕੋਈ ਅਖੰਡ ਪਾਠ ਹੋਇਆ। ਸਿੱਖ ਪੰਥ ਦੇ ਮਹਾਨ ਵਿਦਵਾਨ ਤੇ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਨੇ ਲਿਖਿਆ ਹੈ:

"ਅਖੰਡ ਪਾਠ ਇਕ ਥੋਥੀ ਰਸਮ ਬਣ ਗਈ ਹੈ। ਜੋ ਪਾਠ ਦਿਨ-ਰਾਤ ਲਗਾਤਾਰ ਹੋਵੇ ਤੇ ਉਸ ਨੂੰ ਕੋਈ ਨਾ ਸੁਣਦਾ ਹੋਵੇ, ਅਜੇਹੇ ਰਸਮੀ ਪਾਠ ਨੂੰ ਗੁਰੂ ਸਾਹਿਬ ਜਾਂ ਉਨ੍ਹਾਂ ਦੇ ਸਮੇਂ ਕੋਈ ਪਰਵਾਨਗੀ ਨਹੀਂ ਸੀ। ਇਹ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਅੱਧੀ ਸਦੀ ਪਿੱਛੋਂ ਦੀ ਕਾਢ ਹੈ। ਜਦੋਂ ਸਿੱਖਾਂ ਨੇ ਸਿਰਾਂ 'ਤੇ ਕਫ਼ਨ ਬੰਨ੍ਹੇ ਹੋਏ ਸਨ ਅਤੇ ਪੰਥ ਦੀ ਖ਼ਾਤਰ ਉਹ ਜੰਗਾਂ-ਜੁੱਧਾਂ ਵਿਚ ਜੂਝ ਰਹੇ ਸਨ। ਇਸ ਤਰ੍ਹਾਂ ਦੀ ਭੀੜ ਜਾਂ ਸੰਕਟ ਪੈਣ ਕਾਰਨ ਅਜੇਹੇ ਪਾਠ ਦੀ ਮਹੱਤਤਾ ਤਾਂ ਹੋ ਸਕਦੀ ਹੈ ਪਰ ਜਦੋਂ ਕੋਈ ਭੀੜ ਜਾਂ ਸੰਕਟ ਹੀ ਨਹੀਂ ਤਾਂ ਸਹਿਜ ਪਾਠ ਕਰਨਾ ਹੀ ਜੋਗ ਹੈ, ਜਿਸਨੂੰ ਗੁਰੂ-ਕਾਲ ਅੰਦਰ ਵੀ ਪਰਵਾਨਗੀ ਸੀ। ਇਸ ਪਾਠ ਨੂੰ ਪਰਿਵਾਰ ਦਾ ਕੋਈ ਮੈਂਬਰ ਜਾਂ ਪਰਿਵਾਰ ਦੇ ਸਾਰੇ ਮੈਂਬਰ ਰਲ ਕੇ ਸੌਖੇ ਹੀ ਕਰ ਸਕਦੇ ਹਨ। ਸਹਿਜ ਪਾਠ ਨੂੰ ਸੁਣਿਆ ਜਾ ਸਕਦਾ ਹੈ ਅਤੇ ਤੁਹਾਡੇ ਮਨਾਂ 'ਤੇ ਕੋਈ ਪ੍ਰਭਾਵ ਵੀ ਪੈ ਸਕਦਾ ਹੈ।"

*(ਗੁਰਦੁਆਰਾ ਗਜ਼ਟ, ਅਗਸਤ, 1986)*

ਡਾਕਟਰ ਮਾਨ ਸਿੰਘ ਨਿਰੰਕਾਰੀ ਅਨੁਸਾਰ:

"ਅਖੰਡ ਪਾਠ ਪ੍ਰੰਪਰਾ ਨਿਰਮਲੇ ਤੇ ਉਦਾਸੀ ਸਾਧਾਂ ਨੇ ਚਲਾਈ। ਇਨ੍ਹਾਂ ਲੋਕਾਂ ਦੇ ਅਖਾੜੇ ਹਿੰਦੂ ਤੀਰਥਾਂ 'ਤੇ ਬਣੇ ਹੋਏ ਸਨ। ਉਨ੍ਹਾਂ ਥਾਵਾਂ 'ਤੇ ਪੰਡਤਾਂ ਦੁਆਰਾ ਹਿੰਦੂ ਧਰਮ ਗ੍ਰੰਥਾਂ ਦੇ ਅਖੰਡ ਪਾਠਾਂ ਦਾ ਰਿਵਾਜ ਸੀ। ਨਿਰਮਲੇ ਤੇ ਉਦਾਸੀ ਸਾਧੂਆਂ ਨੇ ਹਿੰਦੂ ਪੁਜਾਰੀਆਂ ਦੀ ਰੀਸ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਕਰਨ ਦੀ ਪ੍ਰਥਾ ਚਲਾਈ।" *(ਸਿੱਖ ਧਰਮ ਦੇ ਸਿਧਾਂਤ, ਪੰਨਾ 27)*

"ਅਖੰਡ ਪਾਠ ਸਮੇਂ ਕਈ ਅਜੇਹੇ ਕਰਮਕਾਂਡ ਕੀਤੇ ਜਾਂਦੇ ਹਨ, ਜਿਨ੍ਹਾਂ ਦਾ ਗੁਰਮਤਿ ਨਾਲ ਕੋਈ ਸੰਬੰਧ ਨਹੀਂ, ਪਰ ਭੋਲੇ-ਭਾਲੇ ਅੰਨ੍ਹੀ ਸ਼ਰਧਾ ਅਧੀਨ ਸ਼ਰਧਾਲੂ ਪਰਿਵਾਰ ਨਾਰੀਅਲ ਕੁੰਭ (ਪਾਣੀ ਦਾ ਘੜਾ) ਤੇ ਜੋਤਾਂ ਵੀ ਮਰਯਾਦਾ ਸਮਝ ਕੇ ਰੱਖ ਲੈਂਦੇ ਹਨ। ਡਾਕਟਰ ਕਰਤਾਰ ਸਿੰਘ ਹੋਰਾਂ ਉਪਰੋਕਤ ਚੀਜ਼ਾਂ ਦੇ ਮਹਾਤਮ ਬਾਰੇ ਹਿੰਦੂ ਮੰਦਰ ਦੇ ਪੁਜਾਰੀ ਤੋਂ ਪੁੱਛ-ਗਿੱਛ ਕੀਤੀ ਕਿਉਂਕਿ ਗ੍ਰਿਥੀ ਸਿੰਘ ਨਾਰੀਅਲ ਤੇ ਕੁੰਭ ਆਦਿ ਬਾਰੇ ਦੱਸਣ ਤੋਂ ਅਸਮਰਥ ਸਨ। ਹਿੰਦੂ ਪੁਜਾਰੀ ਨੇ ਡਾਕਟਰ ਸਾਹਿਬ ਨੂੰ ਦੱਸਿਆ ਕਿ ਜੋ ਜੋਤ ਜਗ ਰਹੀ ਹੈ, ਇਹ ਅੱਗ ਦੇਵਤੇ ਦੀ ਪੂਜਾ ਹੈ, ਜੋ ਨਾਰੀਅਲ ਹੈ, ਉਹ ਗਣੇਸ਼ ਦੇਵਤੇ ਦੀ ਪੂਜਾ ਹੈ, ਜੋ ਕੁੰਭ ਰੱਖਿਆ ਹੋਇਆ ਹੈ, ਉਹ ਜਲ ਦੇਵਤੇ ਦੀ ਪੂਜਾ ਹੈ। ਜੋ ਲਾਲ ਕੱਪੜਾ ਹੈ, ਉਹ ਦੇਵੀ ਪੂਜਾ ਲਈ ਹੈ। ਹੁਣ ਫ਼ੈਸਲਾ ਅਸੀਂ ਕਰਨਾ ਹੈ ਕਿ ਕੀ ਅਸੀਂ ਦੇਵਤਿਆਂ ਦੀ ਪੂਜਾ ਕਰਨੀ ਹੈ, ਜਾਂ ਅਕਾਲਪੁਰਖ ਦੀ।"

*(ਗੁਰਮਤਿ ਪ੍ਰਕਾਸ਼, ਸਤੰਬਰ 2003, ਪੰਨਾ 62)*

ਗੁਰਬਾਣੀ ਜਾਂ ਗੁਰਮਤਿ ਅਨੁਸਾਰ ਰਸਮੀ ਅਖੰਠ ਪਾਠ ਜਾਂ ਇਕੱਠੇ 51 ਜਾਂ 101 ਅਖੰਡ ਪਾਠਾਂ ਦੀਆਂ ਲੜੀਆਂ ਨੂੰ ਕੋਈ ਪਰਵਾਨਗੀ ਨਹੀਂ, ਪਰ ਲੋਕਾਈ ਅੰਦਰ ਵਹਿਮ ਹੈ ਕਿ ਅਖੰਡ ਪਾਠ ਕਰਾਉਣਾ ਇਕ ਚੰਗਾ ਮਹਾਤਮ ਹੈ ਜਾਂ ਕਿਸੇ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ। ਜੋ ਲੋਕ ਅਜੇਹਾ ਵਹਿਮ ਜਾਂ ਭਰਮ ਫੈਲਾਉਂਦੇ ਹਨ, ਉਨ੍ਹਾਂ ਅੰਦਰ ਕੋਈ ਗੁਰਮਤਿ ਪ੍ਰਤਿ ਸ਼ਰਧਾ ਨਹੀਂ ਹੁੰਦੀ। ਉਹ ਲੋਕ ਆਰਥਕ ਲਾਹਾ ਪ੍ਰਾਪਤ ਕਰਨ ਲਈ ਅਜੇਹੇ ਰਸਮੀ ਪਾਠ ਕਰਾਉਂਦੇ ਹਨ। ਪਿੱਛੇ ਜਿਹੇ ਇਕ ਪਰਿਵਾਰ, ਵਿਦੇਸ਼ ਤੋਂ ਪੰਜਾਬ ਜਾ ਕੇ ਆਪਣੇ ਬੱਚੇ ਦੀ ਸ਼ਾਦੀ ਰਚਾ ਕੇ ਵਾਪਸ ਪਰਤਿਆ। ਪੰਜਾਬ ਵਿਚ ਕਈ ਲੱਖ ਰੁਪਿਆ ਲੈ ਕੇ ਸ਼ਾਦੀ ਦਾ ਆਰਥਕ ਲਾਭ ਪ੍ਰਾਪਤ ਕੀਤਾ। ਵਾਪਸੀ 'ਤੇ ਕੁਝ ਲੋਕਾਂ ਨੂੰ ਆਸ ਸੀ ਕਿ ਵਿਆਹ ਆਦਿ ਖ਼ੁਸ਼ੀ ਵਿਚ ਪਾਰਟੀ ਹੋਵੇਗੀ। ਆਖ਼ਰ ਵਹੁਟੀ ਆਉਣ 'ਤੇ ਪਰਿਵਾਰ ਨੇ ਪਾਰਟੀ ਕਰਨ ਦੀ ਥਾਂ ਅਖੰਡ ਪਾਠ ਕਰਾਉਣ ਦਾ ਫ਼ੈਸਲਾ ਕਰ ਲਿਆ। ਘਰ ਪਾਠ ਕਰਾਇਆ ਪਰ ਬਹੁਤ ਲੋਕਾਂ ਨੂੰ ਪਾਠ ਦੇ ਮੰਤਵ ਬਾਰੇ ਨਾ ਦੱਸ ਸਕੇ। ਜਦ ਸੱਦੇ ਹੋਏ ਪਰਿਵਾਰ ਪਾਠ ਦੀ ਸਮਾਪਤੀ ਉਪ੍ਰੰਤ ਵਾਪਸ ਮੁੜਦੇ ਤਾਂ ਉਨ੍ਹਾਂ ਨੂੰ ਲੱਡੂ ਦਿੰਦੇ। ਜਦ ਲੋਕ ਪੁੱਛਦੇ ਕਿ ਲੱਡੂ ਕਿਸ ਲਈ, ਤਾਂ ਆਖਦੇ ਕਿ ਸਾਡੀ ਬਹੂ ਆਈ ਹੈ। ਜੇਕਰ ਕਿਸੇ ਕੋਲ ਸ਼ਗਨ ਲਈ ਪੈਸੇ ਹੁੰਦੇ ਤਾਂ ਦੇ ਦਿੰਦੇ। ਕਈ ਪਰਿਵਾਰਾਂ ਨੂੰ ਪਾਠ ਦੇ ਮੰਤਵ ਬਾਰੇ ਗਿਆਨ ਨਾ ਹੋਣ ਕਾਰਨ ਉਹ ਸ਼ਗਨ ਲਈ ਪੈਸੇ ਦੇਣ ਤੋਂ ਅਸਮਰਥ ਹੁੰਦੇ। ਸਮਾਗਮ ਦੀ ਸਮਾਪਤੀ ਉਪ੍ਰੰਤ ਜਦੋਂ ਹਿਸਾਬ ਲਗਾਇਆ ਤਾਂ ਨਿਚੋੜ ਇਹੀ ਕੱਢਿਆ ਕਿ ਪਾਠ ਦਾ ਲਾਭ ਘੱਟ ਹੋਇਆ ਤੇ ਖ਼ਰਚ ਜ਼ਿਆਦਾ ਹੋ ਗਿਆ।

ਮੁੱਖ ਰੂਪ ਵਿਚ ਰਾਜਨੀਤਕ ਤੌਰ 'ਤੇ ਵਾਕਫ਼ੀਅਤ ਵਧਾਉਣ, ਜਾਂ ਨਵੀਂ ਦੁਕਾਨ ਖੋਲ੍ਹਣ 'ਤੇ ਲੋਕਾਂ ਨੂੰ ਜਾਣਕਾਰੀ ਦੇਣ, ਜਾਂ ਵਹਿਮ-ਪ੍ਰਸਤੀ ਅਧੀਨ ਸੁੱਖ ਜਾਂ ਮੰਨਤ ਅਨੁਸਾਰ ਪੁੱਤਰ ਜਾਂ ਬੱਚੇ ਦੀ ਪ੍ਰਾਪਤੀ ਲਈ ਅਖੰਡ ਪਾਠ ਸਮਾਗਮ ਰਚਾਏ ਜਾਂਦੇ ਹਨ। ਚਾਰ-ਪੰਜ ਸਾਲ ਪਹਿਲਾਂ ਦੀ ਗੱਲ ਹੈ, ਸੰਗਰੂਰ ਜ਼ਿਲ੍ਹੇ ਦੇ ਇਕ ਪਿੰਡ

'ਚ ਕਿਸੇ ਨੇ ਨਾਈ ਦੀ ਦੁਕਾਨ, ਭਾਵ ਹਜਾਮਤ ਕਰਨ ਦਾ ਕਾਰੋਬਾਰ ਸ਼ੁਰੂ ਕਰਨਾ ਸੀ। ਉਪਰੋਕਤ ਵਿਓਪਾਰ ਦਾ ਉਦਘਾਟਨ ਅਖੰਡ ਪਾਠ ਸਮਾਗਮ ਕਰ ਕੇ ਕੀਤਾ ਗਿਆ। ਗ੍ਰੰਥੀ ਜੀ ਨੇ ਜ਼ਿਆਦਾ ਗਾਹਕਾਂ ਦੀ ਜਾਚਨਾ ਕੀਤੀ। ਹੁਣ ਗੁਰਮਤਿ ਦੇ ਚਿੰਤਕ ਹੀ ਸੋਚਣ ਕਿ ਅਜੇਹੇ ਥਾਂ ਅਖੰਡ ਪਾਠ ਦਾ ਲਾਭ ਕਿਸਨੂੰ ਹੋਇਆ?

ਅੱਜ ਵਿਦੇਸ਼ਾਂ ਵਿਚ ਜੋਤਸ਼ੀ ਵੀ ਲੋਕਾਂ ਨੂੰ ਉਨ੍ਹਾਂ ਦੇ ਵਿਸ਼ਵਾਸਾਂ ਅਧੀਨ ਹੀ ਮੰਤਰ-ਯੁਕਤੀਆਂ ਦੱਸਦੇ ਹਨ। ਹਾਲਾਂਕਿ ਕਿ ਗੁਰਮਤਿ ਅਨੁਸਾਰ ਜੋਤਸ਼ ਵਿਦਿਆ ਵਿਚ ਵਿਸ਼ਵਾਸ ਜਾਂ ਯਕੀਨ ਕਰਨਾ ਗ਼ਲਤ ਹੈ, ਪਰ ਜੋਤਸ਼ੀਆਂ ਦੇ ਜਾਂ ਟੂਣੇ ਮੰਤਰਾਂ ਵਾਲਿਆਂ ਦੇ ਜ਼ਿਆਦਾ ਗਾਹਕ ਪੰਜਾਬੀ ਪਰਿਵਾਰ ਹਨ। ਜੋਤਸ਼ੀਆਂ ਅਤੇ ਪੇਸ਼ਾਵਰ ਪਾਠ ਕਰਨ ਵਾਲਿਆਂ ਦੀਆਂ ਆਪਸ ਵਿਚ ਗੁਪਤ ਸੰਧੀਆਂ ਹਨ ਤੇ ਜੋਤਸ਼ੀ ਲੋਕ ਵੀ ਕਈ ਪਰਿਵਾਰਾਂ ਨੂੰ ਅਖੰਡ ਪਾਠ ਕਰਾਉਣ ਲਈ ਸਲਾਹ ਦਿੰਦੇ ਹਨ। ਇਸ ਨਾਲ ਲੋਕ-ਮਨ ਵਹਿਮ ਤੇ ਭਰਮ ਕਰਨ ਲਈ ਪੱਕੇ ਹੋ ਜਾਂਦੇ ਹਨ। ਇਕੇਰਾਂ ਇਕ ਪ੍ਰਚਾਰਕ ਕਿਸੇ ਪਰਿਵਾਰ ਵੱਲੋਂ ਹੋ ਰਹੇ ਅਖੰਡ ਪਾਠ ਸਮਾਗਮ ਵਿਚ ਬੋਲ ਰਿਹਾ ਸੀ, ਜਿਸ ਵਿਚ ਪਰਿਵਾਰ ਦੀ ਮਹਿਮਾ ਤੇ ਸ਼ਲਾਘਾ ਕੀਤੀ ਗਈ ਤੇ ਨਾਲ ਹੀ ਆਖ ਰਹੇ ਸਨ ਕਿ ਇਕ ਅਖੰਡ ਪਾਠ ਦਾ ਫਲ ਅਸਮੇਧ ਜੱਗ ਦੇ ਬਰਾਬਰ ਹੈ। ਬਹੁਤ ਲੋਕਾਂ ਨੂੰ ਇਹ ਨਹੀਂ ਪਤਾ ਕਿ ਅਸਮੇਧ ਜੱਗ ਕੀ ਹੈ। ਇਸ ਜੱਗ 'ਚ ਘੋੜਾ ਮਾਰ ਕੇ ਖਾਧਾ ਜਾਂਦਾ ਹੈ ਅਤੇ ਇਹ ਹਿੰਦੂ ਧਰਮ ਦੇ ਵਿਧਾਨ ਅਨੁਸਾਰ ਸੰਸਕਾਰ ਹੈ। ਇਸ ਜੱਗ ਦਾ ਗੁਰਮਤਿ ਵਿਚ ਕੀ ਮਹੱਤਵ ਹੋ ਸਕਦਾ ਹੈ?

ਸਾਡੇ ਪ੍ਰਚਾਰਕ ਵੀਰਾਂ ਦਾ ਦੀਵਾਲਾ ਹੀ ਨਿਕਲ ਗਿਆ ਹੈ ਤੇ ਦੂਜੇ ਪਾਸੇ ਗੁਰਦੁਆਰਿਆਂ ਦੇ ਬਹੁਤੇ ਪ੍ਰਬੰਧਕ ਗਿਆਨ-ਵਿਹੂਣੇ ਹਨ, ਜਿਨ੍ਹਾਂ ਨੂੰ ਗੁਰਮਤਿ ਦੇ ਪ੍ਰਚਾਰ ਦਾ ਕੋਈ ਫ਼ਿਕਰ ਨਹੀਂ ਅਤੇ ਉਨ੍ਹਾਂ ਨੂੰ ਗੁਰੂ-ਘਰ ਦੀ ਆਮਦਨ ਵਿਚ ਵਾਧਾ ਲੋੜੀਂਦਾ ਹੈ। ਕੁਝ ਥਾਈਂ ਲੋਕਾਂ ਅੰਦਰ ਜਾਗ੍ਰਿਤੀ ਵੀ ਆ ਰਹੀ ਹੈ। ਮੁੰਬਈ ਦੇ ਇਲਾਕੇ ਵਿਚ ਨਵੇਂ ਤਰ੍ਹਾਂ ਦੇ ਅਖੰਡ ਪਾਠ ਸ਼ੁਰੂ ਹੋਏ ਹਨ, ਜੋ ਪਰਿਵਾਰਾਂ ਵੱਲੋਂ 7 ਦਿਨਾਂ ਵਿਚ ਪੂਰੇ ਹੁੰਦੇ ਹਨ। ਇਸ ਸਾਲ ਵੈਨਕੂਵਰ ਦੇ ਇਕ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਅਖੰਡ ਪਾਠ ਨਾ ਕਰਨ ਦਾ ਫ਼ੈਸਲਾ ਹੋਇਆ ਹੈ ਅਤੇ ਸ਼ਰਧਾਲੂਆਂ ਨੂੰ ਸਹਿਜ ਪਾਠ ਕਰਨ ਲਈ ਪ੍ਰੇਰਿਆ ਜਾ ਰਿਹਾ ਹੈ।

ਅੰਤ 'ਚ ਬੇਨਤੀ ਹੈ ਕਿ ਗੁਰਮਤਿ ਵਿਚ ਸੁੱਖਣਾ ਜਾਂ ਮੰਨਤ ਦਾ ਕੋਈ ਵਿਧਾਨ ਨਹੀਂ। ਅਖੰਡ ਪਾਠਾਂ ਦੀ ਥਾਂ ਸਹਿਜ ਪਾਠ ਹੀ ਕੀਤੇ ਜਾਣ। ਸਹਿਜ ਪਾਠ ਟੀਕੇ ਸਹਿਤ, ਭਾਵ ਅਰਥਾਂ ਸਮੇਤ ਕੀਤੇ ਜਾਣ। ਸਹਿਜ ਪਾਠ ਸੈਂਚੀਆਂ ਤੋਂ ਕੀਤੇ ਜਾ ਸਕਦੇ ਹਨ। ਜੇਕਰ ਪਾਠ ਦੀ ਸੰਥਿਆ ਨਹੀਂ ਲਈ ਤਾਂ ਪਾਠ ਸਿੱਖਣ ਦਾ ਜਤਨ ਕਰਨਾ ਚਾਹੀਦਾ ਹੈ। ਪੜ੍ਹੇ ਲਿਖੇ ਲੋਕਾਂ ਲਈ ਪਾਠ ਸਿੱਖਣਾ ਜਾਂ ਗੁਰਬਾਣੀ ਦੇ ਵਿਆਕਰਣ ਦੀ ਸੂਝ ਲੈਣੀ ਕੋਈ ਮੁਸ਼ਕਲ ਕੰਮ ਨਹੀਂ ਹੈ।

# ਅਖੰਡ ਪਾਠ ਸਮੇਂ 'ਮੱਧ' ਦੀ ਅਰਦਾਸ ਬਾਰੇ ਵਹਿਮ

ਜਿਵੇਂ ਸਮਾਗਮਾਂ ਦੌਰਾਨ ਅਰਦਾਸ ਕਰਨ ਸਮੇਂ ਕੜਾਹ ਪ੍ਰਸ਼ਾਦ ਨੂੰ ਕਿਰਪਾਨ ਭੇਟ ਕਰਨ ਲਈ ਕਈ ਥਾਈਂ ਹਫੜਾ-ਦਫੜੀ ਦੇਖੀ ਜਾਂਦੀ ਹੈ, ਉਸ ਤਰ੍ਹਾਂ ਹੀ ਪਾਠ ਦੌਰਾਨ ਮੱਧ ਦੀ ਅਰਦਾਸ ਕਰਨ ਬਾਰੇ ਨਾ-ਸਮਝੀ ਕਾਰਨ ਬਹੁਤੇ ਪਰਿਵਾਰ ਚਿੰਤਤ ਹੋ ਜਾਂਦੇ ਹਨ। ਇਸ ਸਮੇਂ ਮੱਧ ਦੀ ਅਰਦਾਸ ਉਪ੍ਰੰਤ ਦੇਗ ਤਿਆਰ ਕਰਨ ਲਈ ਸਾਰਾ ਪਰਿਵਾਰ ਇੰਜ ਧਿਆਨ ਲਗਾਉਂਦਾ ਹੈ, ਜਿਵੇਂ 'ਗੱਡੀ ਚੜ੍ਹਨ ਵੇਲੇ ਕਿਤੇ ਗੱਡੀ ਨਾ ਖੁੰਝ ਜਾਏ' ਦਾ ਡਰ ਹੁੰਦਾ ਹੈ। ਇਹ ਵੀ ਮਹਿਸੂਸ ਕੀਤਾ ਜਾਂਦਾ ਹੈ ਜੇਕਰ ਮੱਧ ਦਾ ਸ਼ਬਦ ਲੰਘ ਗਿਆ ਜਾਂ ਉਸ ਸਮੇਂ ਦੇਗ ਅਤੇ ਅਰਦਾਸੀਆ ਤਿਆਰ ਨਾ ਹੋਣ ਤਾਂ ਖੌਰੇ ਕਿੰਨਾ ਕੁ ਪਾਪ ਲੱਗੇਗਾ। ਵੈਨਕੂਵਰ ਵਿਖੇ ਕਿਸੇ ਦੇ ਘਰ ਪਾਠ ਸਮਾਗਮ ਸੀ ਤੇ ਮੱਧ ਦੀ ਅਰਦਾਸ ਲਈ ਕੋਈ ਸੱਜਣ ਨੇੜੇ ਨਾ ਹੋਣ ਕਾਰਨ, ਪਾਠੀ ਨੇ ਪਾਠ ਕਰਦਿਆਂ ਵਿੱਚੋਂ ਬੋਲ ਦਿੱਤਾ ਕਿ ਮੱਧ ਦੀ ਅਰਦਾਸ ਕਰੋ ਕਿਉਂਕਿ ਪਾਠੀ ਨੂੰ ਵੀ ਵਹਿਮ ਸੀ ਕਿ ਜੇ ਸਮੇਂ ਸਿਰ ਅਰਦਾਸ ਨਾ ਹੋਈ ਤਾਂ ਪਤਾ ਨਹੀਂ ਕੀ ਵਾਪਰ ਜਾਏਗਾ। ਬਸ—ਲੱਗ ਗਿਆ ਮੋਰਚਾ। ਆਖਣ ਕਿ ਪਾਠੀ ਨੇ ਪਾਠ ਭੰਗ ਕਰ ਦਿੱਤੈ। ਪਾਠੀ ਨੇ ਸਫ਼ਾਈ ਪੇਸ਼ ਕੀਤੀ ਤੇ ਉਲਟਾ ਘਰ ਵਾਲਿਆਂ ਦਾ ਕਸੂਰ ਕੱਢਿਆ ਕਿ ਉਨ੍ਹਾਂ ਨੇ ਮੱਧ ਦੀ ਅਰਦਾਸ ਲਈ ਤਿਆਰੀ ਨਹੀਂ ਸੀ ਕੀਤੀ। ਮੁਆਮਲਾ ਸੁਲਝ ਗਿਆ।

ਸਾਨੂੰ ਪਾਠ ਜਾਂ ਅਖੰਡ ਪਾਠ ਕਰਾਉਣ ਦਾ ਮੁੱਖ ਮੰਤਵ ਕੋਈ ਸੁੱਖ ਪੂਰਨੀ ਜਾਂ ਕਿਸੇ ਵੱਲੋਂ ਵਹਿਮ ਅਧੀਨ ਪੁੰਨ ਵਾਲਾ ਕਰਮ ਦੱਸਣਾ ਹੀ ਹੁੰਦਾ ਹੈ। ਇਸ ਤੋਂ ਵਧੇਰੇ ਅਸੀਂ ਰਸਮਾਂ ਤੇ ਰੀਤਾਂ ਦੀ ਪੂਰਤੀ ਕਰਨ ਸਮੇਂ ਹੋਰ ਵਹਿਮੀ ਹੋ ਜਾਂਦੇ ਹਾਂ। ਕਿਸੇ ਵੇਲੇ ਪਾਠੀ ਦਾ ਫ਼ਿਕਰ, ਪਾਠੀ ਸਮੇਂ ਸਿਰ ਪਹੁੰਚੇਗਾ ਜਾਂ ਉਸਨੂੰ ਲਿਆਉਣਾ ਪਵੇਗਾ, ਪਾਠੀ ਦੇ ਉੱਠਣ ਸਮੇਂ ਉਸਦੀ ਸੇਵਾ ਦਾ ਫ਼ਿਕਰ, ਕੋਈ ਪਾਠ ਦੀ ਰੌਲ ਕੈਂਸਲ ਹੋ ਜਾਵੇ ਤਾਂ ਵਧੀਕ ਚਿੰਤਾ, ਜਾਂ ਕਈ ਵੇਰ ਮੱਧ ਆਉਣ ਬਾਰੇ ਫ਼ਿਕਰ, ਮੱਧ ਲੇਟ ਆਵੇ ਤਾਂ ਸਮੇਂ ਸਿਰ ਭੋਗ ਪੈਣ ਦਾ ਫ਼ਿਕਰ। ਉਪਰੋਕਤ ਗੱਲਾਂ ਨੂੰ ਧਿਆਨ 'ਚ ਰੱਖਦੇ ਆਖ ਸਕਦੇ ਹਾਂ ਕਿ ਮਾਨਸਕ ਸ਼ਾਂਤੀ ਜਾਂ ਬਾਣੀ ਪਾਠ ਸੁਣਨ ਦਾ ਆਨੰਦ ਪ੍ਰਾਪਤ ਕਰਨਾ ਅਸੰਭਵ ਹੈ।

ਪ੍ਰਚਲਿਤ ਵਹਿਮ ਜਾਂ ਪਿਰਤ ਆਖ ਲਈਏ, ਅਖੰਡ ਪਾਠ ਦੌਰਾਨ ਪਾਠ ਮੱਧ 'ਤੇ ਆਉਣ ਸਮੇਂ ਅਰਦਾਸ ਕੀਤੀ ਜਾਂਦੀ ਹੈ।

ਜਦੋਂ ਪਾਠ ਪੰਨਾ 705 'ਤੇ ਆ ਜਾਂਦਾ ਹੈ:

**ੴ ਸਤਿਗੁਰ ਪ੍ਰਸਾਦਿ ॥**

**ਸਲੋਕ ॥**

**ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥**

ਜਿਸਦੇ ਸੰਖੇਪ ਅਰਥ ਹਨ—ਪਰਮਾਤਮਾ ਮੁੱਢ ਤੋਂ ਪੂਰਾ ਹੈ, ਹੁਣ ਵੀ ਪੂਰਾ ਹੈ ਅਤੇ ਸਦਾ ਪੂਰਾ ਰਹੇਗਾ, ਭਾਵ ਭੂਤ, ਭਵਿੱਖ ਤੇ ਵਰਤਮਾਨ, ਸਾਰਿਆਂ ਸਮਿਆਂ ਵਿਚ ਵਾਹਿਗੁਰੂ ਪੂਰਨ ਹੈ। ਹੁਣ ਭਲਾ ਸੋਚੀਏ, ਇਸ ਸਲੋਕ ਦੇ ਇਹ ਅਰਥ ਕਿਵੇਂ ਬਣ ਗਏ ਕਿ ਅਖੰਡ ਪਾਠ ਦਾ ਮੱਧ ਆ ਗਿਆ ਹੈ। ਇਸ ਸਲੋਕ ਦਾ ਮੱਧ ਆਉਣ ਨਾਲ ਕੋਈ ਸੰਬੰਧ ਨਹੀਂ, ਪਤਾ ਨਹੀਂ ਇਸ ਸਲੋਕ 'ਤੇ ਮੱਧ ਦੀ ਅਰਦਾਸ ਕਰਨ ਦੀ ਪ੍ਰੰਪਰਾ ਕਦੋਂ ਅਤੇ ਕਿਸਨੇ ਸ਼ੁਰੂ ਕੀਤੀ। ਛਾਪੇ ਦੀਆਂ ਬੀੜਾਂ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਹੱਥ-ਲਿਖਤ ਸਨ, ਉਸ ਸਮੇਂ ਪੰਨਾ ਵੱਖਰਾ ਹੋਵੇਗਾ ਜਾਂ ਉਸ ਸਮੇਂ ਮੱਧ ਦੀ ਅਰਦਾਸ ਦੀ ਕੋਈ ਪ੍ਰੰਪਰਾ ਨਹੀਂ ਹੋਵੇਗੀ। ਇਸ ਸੰਬੰਧ ਵਿਚ ਕੋਈ ਇਤਿਹਾਸਕ ਪ੍ਰਮਾਣ ਉਪਲਬਧ ਨਹੀਂ ਹੈ। ਇਹ ਵੀ ਸੰਭਵ ਹੈ ਕਿ ਵਾਰ ਜੈਤਸਰੀ ਦੇ ਸਲੋਕ 'ਤੇ ਹੀ ਮੱਧ ਮਿੱਥ ਲੈਣ ਦਾ ਰਿਵਾਜ ਜਾਂ ਦੇਖਾ-ਦੇਖੀ ਪ੍ਰੰਪਰਾ ਬਣਾ ਲਈ ਹੈ।

ਇਕ ਪੁਸਤਕ ਅੰਦਰ ਇਸ ਮੱਧ ਦੀ ਪ੍ਰੰਪਰਾ ਦੇ ਸਥਾਪਤ ਹੋਣ ਬਾਰੇ ਸਪੱਸ਼ਟੀਕਰਣ ਹੈ ਕਿ ਪੰਨਾ 705 'ਤੇ ਮੱਧ ਕਿਉਂ ਮਿਥਿਆ ਗਿਆ ? ਉਨ੍ਹਾਂ ਅਨੁਸਾਰ 'ਸਲੋਕ ਵਾਰਾਂ ਤੇ ਵਧੀਕ' 1410 ਅੰਕ ਤੋਂ ਸ਼ੁਰੂ ਹੁੰਦੇ ਹਨ। ਇਨ੍ਹਾਂ ਸਲੋਕਾਂ ਨੂੰ ਉਨ੍ਹਾਂ ਆਪਣੀ ਸੋਚ ਮੁਤਾਬਕ ਵਾਧੂ ਮੰਨ ਕੇ 1410 ਦਾ ਅੱਧ ਜਾਂ ਮੱਧ 705 ਮਿਥ ਲਿਆ। ਜੇ ਇਹ ਵੀ ਮੰਨ ਲਈਏ ਕਿ 'ਸਲੋਕ ਵਾਰਾਂ ਤੇ ਵਧੀਕ' ਬਾਣੀ ਨੂੰ ਲਾਂਭੇ ਰੱਖਣਾ ਹੈ ਤਾਂ ਮੱਧ 1409 ਦਾ ਮਿਥਿਆ ਜਾਣਾ ਚਾਹੀਦਾ ਸੀ ਕਿਉਂਕਿ 1410 ਤੋਂ ਸਲੋਕ ਸ਼ੁਰੂ ਹੁੰਦੇ ਹਨ। ਇਹ ਫ਼ੈਸਲਾ ਕਰਨਾ ਕਿਸਦਾ ਅਧਿਕਾਰ ਹੈ ਕਿ 1410 ਦਾ ਅੱਧ 705 ਹੋਣ 'ਤੇ ਮਿਥਿਆ ਗਿਆ। ਦੂਸਰਾ ਸਾਰੀ ਬਾਣੀ ਗੁਰੂਆਂ ਦੀ ਬਾਣੀ ਹੈ, ਗੁਰੂ ਸਾਹਿਬਾਂ ਦੀ ਬਾਣੀ ਨੂੰ ਅਸੀਂ ਲੋਕ ਵਾਧੂ ਕਿਵੇਂ ਆਖ ਸਕਦੇ ਹਾਂ ? ਜਾਂ 'ਸਲੋਕ ਵਾਰਾਂ ਤੇ ਵਧੀਕ' ਦਾ ਅਰਥ ਵਾਧੂ ਕਿਸ ਤਰ੍ਹਾਂ ਹੋ ਸਕਦਾ ਹੈ ?

ਇਹ ਆਪ-ਮੁਹਾਰੇ ਜਾਂ ਦੇਖਾ-ਦੇਖੀ ਬਣੀ ਪ੍ਰੰਪਰਾ ਕਿ 705 'ਤੇ ਮੱਧ ਮਿੱਥਣਾ ਜਾਂ ਅਖੰਡ ਪਾਠ ਦੇ ਮੱਧ ਵਿਚ ਵਿਸ਼ੇਸ਼ ਤੌਰ 'ਤੇ ਅਰਦਾਸ ਕਰਨੀ, ਕਿਸੇ ਗੁਰਮਤਿ ਦੀ ਕਸਵੱਟੀ ਅਨੁਸਾਰ ਪੂਰੀ ਨਹੀਂ ਉਤਰਦੀ। ਇਸ ਪ੍ਰੰਪਰਾ ਨੂੰ ਰਹਿਤ-ਮਰਯਾਦਾ ਅੰਦਰ ਵੀ ਸ਼ਾਮਲ ਨਹੀਂ ਕੀਤਾ ਗਿਆ। ਇਸ ਲਈ ਜ਼ਰੂਰੀ ਨਹੀਂ ਕਿ ਅਸੀਂ ਮੱਧ ਦੀ ਅਰਦਾਸ ਜਾਂ ਪਾਠ ਮੱਧ 'ਤੇ ਆਉਣ ਵੇਲੇ ਵਿਸ਼ੇਸ਼ ਭੱਜ-ਦੌੜ ਕਰੀਏ। ਇਸ ਪ੍ਰਤਿ ਕਦੀ ਕੋਈ ਵਹਿਮ ਨਹੀਂ ਕਰਨਾ ਚਾਹੀਦਾ।

# ਗੁਰੂ ਗ੍ਰੰਥ ਸਾਹਿਬ ਤੋਂ ਵਾਕ ਜਾਂ ਹੁਕਮਨਾਮਾ ਲੈਣ ਦੀ ਪ੍ਰੰਪਰਾ : ਕੀ ਵਾਕ ਚੰਗਾ-ਮਾੜਾ ਹੋ ਸਕਦਾ ਹੈ ?

ਸਾਲ 1980-81 ਦਾ ਵਾਕਿਆ ਹੈ, ਜਦੋਂ ਮੈਨੂੰ ਕੁਝ ਵਿਅਕਤੀ ਕਿਸੇ ਸੱਜਣ ਦੇ ਘਰ ਲੈ ਕੇ ਗਏ। ਸਾਰੇ ਜਥੇ ਦਾ ਇਕ ਹੀ ਮਨੋਰਥ ਸੀ ਕਿ ਪ੍ਰਬੰਧਕ ਕਮੇਟੀ ਦੇ ਲਈ ਚੋਣਵੇਂ ਯੋਗ ਆਦਮੀਆਂ ਨੂੰ ਕਮੇਟੀ ਵਿਚ ਉੱਚ-ਪਦਾਂ ਲਈ ਚੋਣ ਲੜਨ ਲਈ ਪ੍ਰੇਰਨਾ। ਅਸੀਂ ਇਕ ਵੀਰ ਦੇ ਘਰ ਪਹੁੰਚ ਗਏ ਤੇ ਜਥੇ ਦੇ ਜਥੇਦਾਰ ਨੇ ਕਿਹਾ, "ਭਾਈ ਸਾਹਿਬ! ਤੁਸੀਂ ਗੁਰਦੁਆਰਾ ਸਾਹਿਬ ਦੀ ਸੇਵਾ ਲਈ ਜ਼ਰੂਰ ਤਿਆਰ ਹੋਵੋ।" ਅੱਗੋਂ ਉਹ ਨਾਂਹ-ਨੁੱਕਰ ਕਰਨ। ਤਦ ਇਕ ਵੀਰ ਨੇ ਜੁਗਤ ਦੱਸੀ ਕਿ ਜੇਕਰ ਉਹ ਫ਼ੈਸਲਾ ਨਹੀਂ ਕਰ ਸਕਦੇ ਤਾਂ ਗੁਰੂ ਤੋਂ ਪੁੱਛ ਲੈਣ। ਮੈਂ ਹੈਰਾਨ ਸਾਂ ਕਿ ਗੁਰੂ ਤੋਂ ਕਿਵੇਂ ਪੁੱਛਣਗੇ ? ਜੁਗਤ ਦੱਸਣ ਵਾਲੇ ਵੀਰ ਨੇ ਦੱਸ ਹੀ ਦਿੱਤਾ ਕਿ ਫ਼ੈਸਲਾ ਕਿਵੇਂ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ, "ਅਰਦਾਸ ਕਰ ਕੇ ਹੁਕਮਨਾਮਾ ਲਵੋ, ਜੋ ਹੁਕਮ ਆਵੇ, ਉਸ ਅਨੁਸਾਰ ਫ਼ੈਸਲਾ ਕਰ ਲੈਣਾ।"

ਮੈਨੂੰ ਯਾਦ ਨਹੀਂ ਕਿ ਉਸ ਸਮੇਂ ਹੀ ਵਾਕ ਲਿਆ ਜਾਂ ਪਿੱਛੋਂ, ਪਰ ਉਹ ਵੀਰ ਕਮੇਟੀ ਦੇ ਉੱਚ-ਪਦ ਲਈ ਤਿਆਰ ਹੋ ਗਏ ਸਨ ਅਤੇ ਸਫਲ ਵੀ ਹੋਏ। ਉਪਰੋਕਤ ਵਾਕਿਆ ਹੋਣ ਤੋਂ ਕਈ ਸਾਲ ਬਾਅਦ, ਮੈਂ ਇਕ ਪੰਥਕ ਵਿਦਵਾਨ ਤੋਂ ਆਪਣੀ ਸ਼ੰਕਾ ਨਵਿਰਤ ਕਰਨ ਲਈ ਪੁੱਛਿਆ ਕਿ ਕੀ ਗੁਰੂ ਤੋਂ ਚੋਣ ਲੜਨ ਲਈ ਆਗਿਆ ਲਈ ਜਾ ਸਕਦੀ ਹੈ ? ਉਨ੍ਹਾਂ ਉੱਤਰ ਦਿੱਤਾ, "ਇਹ ਇਕ ਵਹਿਮ ਪੈਦਾ ਕਰਨ ਵਾਲੀ ਗੱਲ ਹੈ ਅਤੇ ਕਿਸੇ ਸ਼ਬਦ ਵਿਚ ਇਹ ਲਿਖਿਆ ਨਹੀਂ ਮਿਲੇਗਾ ਕਿ ਕਮੇਟੀ ਦੀ ਚੋਣ ਲਈ ਖੜੇ ਹੋ ਜਾਓ ਜਾਂ ਚੋਣ ਨਾ ਲੜੋ। ਚੋਣ ਲਈ ਖੜੇ ਹੋਣਾ ਜਾਂ ਨਾ ਹੋਣਾ, ਇਹ ਵਿਅਕਤੀ ਦੀ ਆਪਣੀ ਇੱਛਾ ਜਾਂ ਪਰਿਵਾਰ ਦਾ ਫ਼ੈਸਲਾ ਹੋ ਸਕਦਾ ਹੈ। ਜੇ ਆਖੀਏ ਕਿ ਗੁਰੂ ਤੋਂ ਫ਼ੈਸਲਾ ਲਈਏ ਜਾਂ ਹੁਕਮਨਾਮਾ ਲੈ ਕੇ, ਉਸਦੇ ਆਧਾਰ 'ਤੇ ਫ਼ੈਸਲਾ ਕਰੀਏ, ਇਹ ਨਿਰਾ ਵਹਿਮ ਹੈ।

ਇਕ ਵੀਰ ਨੇ ਦਾਸ ਨਾਲ ਰੌਚਕਮਈ ਘਟਨਾ ਸਾਂਝੀ ਕੀਤੀ। ਇਕੇਰਾਂ ਇਕ ਸਿੰਘ ਨੇ ਨੇਪਾਲ ਤੋਂ ਹਵਾਈ ਜਹਾਜ਼ ਰਾਹੀਂ ਕਿਤੇ ਹੋਰ ਜਾਣਾ ਸੀ। ਇਹ ਵਾਕਿਆ 1982-83 ਦਾ ਹੈ। ਉਹ ਸਿੰਘ ਤਿੰਨ ਦਿਨ ਜਹਾਜ਼ ਨਾ ਚੜ੍ਹੇ ਕਿਉਂਕਿ ਉਹ ਤਿੰਨ ਦਿਨ ਅਰਦਾਸ ਕਰ ਕੇ ਹੁਕਮਨਾਮਾ ਲੈਂਦੇ ਰਹੇ ਸਨ, ਅਤੇ ਹੁਕਮਨਾਮੇ ਅਨੁਸਾਰ ਹਵਾਈ ਜਹਾਜ਼ ਚੜ੍ਹਨ ਦੀ ਆਗਿਆ ਨਾ ਮਿਲੀ। ਮੇਰਾ ਖ਼ਿਆਲ ਹੈ ਜੇਕਰ ਉਨ੍ਹਾਂ

ਨੇ ਅੰਤਰ-ਰਾਸ਼ਟਰੀ ਉਡਾਣ ਲੈਣੀ ਹੁੰਦੀ ਅਤੇ 2000 ਡਾਲਰ ਖ਼ਰਚੇ ਹੁੰਦੇ ਤਾਂ ਅਜੇਹਾ ਕੋਈ ਵਹਿਮ ਪੈਦਾ ਹੋਣ ਦਾ ਸਵਾਲ ਹੀ ਨਹੀਂ ਸੀ ਉੱਠਣਾ। ਅਸੀਂ ਕਈ ਵੇਰ ਵਹਿਮ ਤੇ ਪਖੰਡ ਕਰਨ ਸਮੇਂ ਆਰਥਕ ਲਾਭ-ਹਾਨ ਦਾ ਵੀ ਖ਼ਿਆਲ ਰੱਖਦੇ ਹਾਂ। ਗੁਰੂ ਸਾਨੂੰ ਸੰਦੇਸ਼ ਦਿੰਦੇ ਹਨ ਕਿ :

**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥** *(ਪੰਨਾ 918)*

ਭਾਵ, ਕੋਈ ਮਾੜਾ ਕੰਮ ਨਾ ਕਰੋ, ਕਿਸੇ ਨਾਲ ਬੁਰਾ ਨਾ ਕਰੋ, ਧੋਖਾ ਨਾ ਦੇਵੋ। ਜੇ ਅਸੀਂ ਜਹਾਜ਼ ਚੜ੍ਹਨ ਲਈ ਗੁਰਵਾਕ ਅਨੁਸਾਰ ਫ਼ੈਸਲਾ ਲੈਣਾ ਹੋਵੇ ਤਾਂ ਇਹ ਕਿਸੇ ਸ਼ਬਦ ਵਿਚ ਨਹੀਂ ਲਿਖਿਆ ਹੋਵੇਗਾ ਕਿ ਭਾਈ ਜਹਾਜ਼ ਨਾ ਚੜ੍ਹਿਓ, ਜਾਂ ਜਹਾਜ਼ ਚੜ੍ਹ ਜਾਓ। ਗੁਰਮਤਿ ਦੇ ਚਾਨਣ ਵਿਚ ਇਸ ਪ੍ਰੰਪਰਾ (ਗੁਰਵਾਕ) ਬਾਰੇ ਵਿਚਾਰ ਲਾਹੇਵੰਦ ਹੋਵੇਗੀ। ਮੁੱਖਵਾਕ ਲੈਣ ਦੀ ਪ੍ਰੰਪਰਾ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹੋਣ 'ਤੇ ਆਰੰਭ ਹੋਈ ਹੈ। ਇਹ ਸੰਮਤ 1604 ਨੂੰ ਵੀ ਅੰਮ੍ਰਿਤਸਰ ਵਿਖੇ ਬੀੜ ਸਥਾਪਤ ਕਰਨ ਉਪ੍ਰੰਤ ਹੋਇਆ ਅਤੇ ਵਾਕ ਲਿਆ ਗਿਆ :

**ਸੰਤਾ ਕੇ ਕਾਰਜਿ ਆਪਿ ਖਲੋਇਆ,**
**ਹਰਿ ਕੰਮੁ ਕਰਾਵਣਿ ਆਇਆ ਰਾਮ ॥** *(ਸੂਹੀ ਮ: ੫, ਪੰਨਾ 783)*

ਇਸ ਗੁਰਬਾਣੀ ਸ਼ਬਦ ਦੀ ਵਿਆਖਿਆ ਕਰ ਕੇ ਇਹ ਭਾਵ ਨਹੀਂ ਲੈਣਾ ਕਿ ਅਕਾਲ ਪੁਰਖ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਥਾਪਤ ਕਰਨ ਦੀ ਆਗਿਆ ਦੇ ਦਿੱਤੀ। ਵਾਕ ਲੈਣਾ, ਗੁਰੂ ਗ੍ਰੰਥ ਸਾਹਿਬ ਵਿੱਚੋਂ ਬਾਣੀ ਪੜ੍ਹਨ ਦੀ ਪ੍ਰੰਪਰਾ ਸੀ। ਜਿਵੇਂ ਅਸੀਂ ਹਰ ਕਾਰਜ ਦੀ ਆਰੰਭਤਾ ਅਰਦਾਸ ਨਾਲ ਕਰਦੇ ਹਾਂ, ਇਸ ਤਰ੍ਹਾਂ ਹੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਪਹਿਲਾਂ ਹੁੰਦਾ ਹੋਵੇਗਾ, ਅਤੇ ਸੰਪਾਦਨਾ ਉਪ੍ਰੰਤ ਗੁਰੂ ਗ੍ਰੰਥ ਸਾਹਿਬ ਤੋਂ ਕੋਈ ਸ਼ਬਦ ਪੜ੍ਹ ਕੇ ਸੁਣਾਉਣ ਦੀ ਮਰਯਾਦਾ ਪੰਚਮ ਪਾਤਸ਼ਾਹ ਨੇ ਸ਼ੁਰੂ ਕੀਤੀ ਸੀ।

ਸਿੱਖਾਂ ਅੰਦਰ ਗੁਰਬਾਣੀ-ਵਾਕ ਜਾਂ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਲੈਣ ਸੰਬੰਧੀ ਵਹਿਮ ਤੇ ਭਰਮ ਹਨ। ਮੇਰੇ ਇਕ ਮਿੱਤਰ ਦੇ ਲੜਕੇ ਦੀ ਸਰਜਰੀ ਹੋਣੀ ਸੀ। ਇਹ ਸਰਜਰੀ ਦਸੰਬਰ 2002 ਦੇ ਮਹੀਨੇ ਜਾਂ 2003 ਜਨਵਰੀ ਵਿਚ ਸੀ। ਦੋਸਤ ਨੇ ਇਸ ਸੰਕਟ ਤੋਂ ਮੁਕਤੀ ਪ੍ਰਾਪਤ ਕਰਨ ਲਈ ਪੰਜਾਬ ਵਿਚ ਸੰਪਟ ਪਾਠ ਕਰਾਇਆ। ਪਾਠ ਦੀ ਸਮਾਪਤੀ ਉਪ੍ਰੰਤ ਹੁਕਮਨਾਮਾ ਲਿਆ ਗਿਆ ਤੇ ਫ਼ੋਨ 'ਤੇ ਦੱਸਿਆ ਗਿਆ ਕਿ ਹੁਕਮਨਾਮਾ ਬਹੁਤ ਵਧੀਆ ਆਇਆ ਹੈ ਤੇ ਜਲਦੀ ਅਪਰੇਸ਼ਨ (ਸਰਜਰੀ) ਕਰਵਾ ਲਓ। ਚਲੋ ਮੰਨ ਲੈਂਦੇ ਹਾਂ ਕਿ ਹੁਕਮਨਾਮਾ ਚੰਗਾ ਆਇਆ, ਜੇ ਚੰਗਾ ਨਾ ਹੁੰਦਾ ਤਾਂ ਕੀ ਇਹ ਸੰਭਵ ਸੀ ਕਿ ਸਰਜਰੀ ਨਾ ਕਰਾਉਂਦੇ। ਪਹਿਲੀ ਗੱਲ, ਉਨ੍ਹਾਂ ਨੇ ਮਰਜ਼ੀ ਅਨੁਸਾਰ ਹੁਕਮਨਾਮਾ ਲਿਆ ਅਤੇ ਪੇਸ਼ਾਵਰ ਪਾਠੀ ਹੋਣ ਕਾਰਨ ਆਪ ਹੀ ਆਪਣੀ ਮਤ ਅਨੁਸਾਰ ਸ਼ਬਦ ਦੀ ਵਿਆਖਿਆ ਕਰ ਦਿੱਤੀ ਹੋਵੇਗੀ। ਦੂਜਾ, ਕੈਨੇਡਾ ਵਿਚ ਸਰਜਰੀ ਲਈ ਤਾਰੀਖ਼ਾਂ ਨਿਯਤ ਹੁੰਦੀਆਂ ਹਨ ਅਤੇ ਅਜੇਹਾ ਹੋਣਾ ਸੰਭਵ ਹੀ ਨਹੀਂ ਕਿ ਅਸੀਂ ਆਖੀਏ, ਇਕ ਦਿਨ ਸਰਜਰੀ ਲੇਟ ਕਰ ਦਿਓ ਕਿਉਂਕਿ ਹੁਕਮਨਾਮਾ ਵਧੀਆ ਨਹੀਂ ਆਇਆ।

ਇਕ ਹੋਰ ਸੱਚੀ ਘਟਨਾ ਹੈ ਜੋ ਕਿ ਰੋਚਕ ਕਹਾਣੀ ਹੀ ਜਾਪਦੀ ਹੈ। ਵੈਨਕੂਵਰ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਇਕ ਬਾਬਾ ਜੀ ਬਤੌਰ ਗ੍ਰੰਥੀ ਦੀ ਸੇਵਾ ਕਰਨ ਲੱਗ ਪਏ। ਜ਼ਿਆਦਾਤਰ ਲੋਕ ਸਵੇਰ ਵੇਲੇ ਨਵ-ਜੰਮੇ ਬੱਚਿਆਂ ਦੇ ਨਾਮਕਰਣ ਸੰਸਕਾਰ ਲਈ ਗੁਰੂ-ਘਰ ਜਾਂਦੇ ਅਤੇ ਉਸੇ ਬਾਬਾ ਜੀ ਦੇ ਹੱਥੀਂ ਹੀ ਨਾਮਕਰਣ ਦੀ ਰਸਮ ਸਮੇਂ ਅਰਦਾਸ ਕੀਤੀ ਜਾਂਦੀ ਤੇ ਮੁੱਖ-ਵਾਕ ਲਿਆ ਜਾਂਦਾ। ਇਕ ਦਿਨ, ਇਕ ਬੀਬੀ ਨੇ ਦਲੇਰੀ ਨਾਲ ਆਖ ਹੀ ਦਿੱਤਾ, "ਬਾਬਾ ਜੀ! ਮੈਂ ਚਾਰ-ਪੰਜ ਵਾਰੀ ਖ਼ੁਦ ਨਾਮਕਰਣ ਸੰਸਕਾਰਾਂ 'ਚ ਹਾਜ਼ਰ ਹੋਈ ਹਾਂ ਅਤੇ ਤੁਸੀਂ ਸਾਰੇ ਸਮੇਂ ਇਹੀ ਹੁਕਮਨਾਮਾ ਕੱਢਿਆ :

**ਗੁਰਿ ਪੂਰੈ ਮੇਰੀ ਰਾਖਿ ਲਈ॥**
**ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ॥**

*(ਬਿਲਾਵਲੁ ਮ: ੫, ਪੰਨਾ 823)*

ਅਸੀਂ 'ਗ' ਅੱਖਰ ਤੋਂ ਕਿਵੇਂ ਸਾਰੇ ਬੱਚਿਆਂ ਦੇ ਨਾਂ ਰੱਖੀ ਜਾਵਾਂਗੇ।" ਬਾਬਾ ਜੀ ਨੇ ਉੱਤਰ ਦਿੱਤਾ, "ਗੁੱਸੇ ਨਾ ਹੋਵੋ, ਆਪਾਂ ਹੋਰ ਹੁਕਮਨਾਮਾ ਕੱਢ ਦਿੰਦੇ ਹਾਂ।"

ਜ਼ਿਆਦਾਤਰ ਗ੍ਰੰਥੀ ਲੋਕ ਆਪਣੀ ਮਰਜ਼ੀ ਅਨੁਸਾਰ ਸ਼ਬਦ ਚੁਣ ਕੇ ਵਾਕ ਲੈਂਦੇ ਹਨ ਅਤੇ ਕਈ ਥਾਈਂ ਗੁਰੂ-ਘਰਾਂ ਦੇ ਪ੍ਰਬੰਧਕ ਵੀ ਗ੍ਰੰਥੀ ਸਿੰਘਾਂ ਨੂੰ ਵਿਸ਼ੇਸ਼ ਹਿਦਾਇਤ ਕਰਦੇ ਹਨ ਕਿ ਪਰਿਵਾਰਾਂ ਨੂੰ ਖ਼ੁਸ਼ ਕਰਨ ਲਈ ਅੱਗੋਂ-ਪਿੱਛੋਂ ਹੁਕਮਨਾਮਾ ਕੱਢਿਆ ਕਰਨ। ਹਮੇਸ਼ਾਂ ਸਕੱਤਰ ਆਖਣਗੇ, ਦੇਖੋ ਪਰਿਵਾਰ ਦੀ ਸੇਵਾ ਥਾਇ ਪਈ ਹੈ, ਗੁਰੂ ਮਹਾਰਾਜ ਨੇ ਸੁੰਦਰ ਹੁਕਮਨਾਮੇ ਬਖ਼ਸ਼ੇ ਹਨ।

ਜੋ ਲੋਕ ਅਜੇਹਾ ਸੋਚਦੇ ਹਨ ਕਿ ਪਰਿਵਾਰਾਂ ਨੂੰ ਖ਼ੁਸ਼ ਕਰਨ ਲਈ ਕੋਈ ਵਿਸ਼ੇਸ਼ ਵਾਕ ਜਾਂ ਸ਼ਬਦ ਕੱਢਿਆ ਜਾ ਸਕਦਾ ਹੈ, ਜਾਂ ਕੋਈ ਸ਼ਬਦ ਜਾਂ ਵਾਕ ਅਜੇਹੇ ਵੀ ਹਨ ਜਿਨ੍ਹਾਂ ਨਾਲ ਪਰਿਵਾਰ ਨਰਾਜ਼ ਹੋ ਜਾਣਗੇ, ਭੁਲੇਖੇ ਦੇ ਸ਼ਿਕਾਰ ਹਨ। ਗੁਰਬਾਣੀ ਅੰਦਰ ਕੋਈ ਅਜੇਹਾ ਸਿੱਧਾਂਤ ਨਹੀਂ ਹੈ ਕਿ ਕੋਈ ਵਿਅਕਤੀ ਜਾਂ ਪਰਿਵਾਰ ਵਾਕ ਸੁਣ ਕੇ ਖ਼ੁਸ਼ ਹੋਵੇ ਜਾਂ ਕੋਈ ਨਾਰਾਜ਼। ਗੁਰਬਾਣੀ ਦੇ ਸਿੱਧਾਂਤ ਸਪੱਸ਼ਟ ਹਨ, ਉਥੇ ਕੋਈ ਭੇਦ-ਭਾਵ ਜਾਂ ਕਿਸੇ ਨਾਲ ਵਿਤਕਰਾ ਨਹੀਂ ਹੈ। ਜੋ ਲੋਕ ਸ਼ੁਭ ਕਰਮ ਨਹੀਂ ਕਰਦੇ, ਉਨ੍ਹਾਂ ਨੂੰ ਮਾੜਾ ਹੀ ਆਖਿਆ ਜਾਵੇਗਾ ਅਤੇ ਜੋ ਇਨਸਾਨ ਮਨੁੱਖਤਾ ਦੀ ਭਲਾਈ ਅਤੇ ਰੱਬੀ ਬੰਦਗੀ ਕਰਨ ਵਾਲੇ ਹਨ, ਉਨ੍ਹਾਂ ਦੀ ਵਡਿਆਈ ਹੈ। ਸਾਨੂੰ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਸਮੁੱਚੀ ਗੁਰਬਾਣੀ ਸਾਡੇ ਲਈ ਹੁਕਮ ਹੈ। ਹੁਕਮਨਾਮਾ ਜਾਂ ਵਾਕ ਲੈਣ ਸਮੇਂ ਕੋਈ ਸ਼ਬਦ ਆ ਜਾਵੇ, ਭਰਮ ਨਹੀਂ ਕਰਨਾ। ਸ਼ਬਦ ਕਿਸੇ ਵੀ ਪੰਨੇ ਤੋਂ ਪੜ੍ਹਿਆ ਜਾ ਸਕਦਾ ਹੈ, ਪਰ ਇਹ ਆਖਣਾ ਕਿ ਹੁਕਮਨਾਮਾ ਵਧੀਆ ਹੈ ਜਾਂ ਕਰੜਾ ਆਇਆ ਹੈ, ਜਾਂ ਹੁਕਮਨਾਮੇ ਅਨੁਸਾਰ ਕਾਰਜ ਕਰ ਲਓ ਜਾਂ ਨਾ ਕਰੋ, ਸਭ ਵਹਿਮਪ੍ਰਸਤੀ ਹੈ। ਅਜੇਹਾ ਭਰਮ ਜਾਂ ਵਹਿਮ ਪੈਦਾ ਕਰਨ ਵਾਲੇ ਲੋਕ ਜ਼ਿਆਦਾਤਰ ਭੋਲੀ-ਭਾਲੀ ਜਨਤਾ ਜਾਂ ਸੰਗਤਾਂ ਨੂੰ ਗੁਮਰਾਹ ਕਰਦੇ ਹਨ ਜਾਂ ਆਪਣੇ ਨਿੱਜੀ ਮਨੋਰਥਾਂ ਦੀ ਪੂਰਤੀ ਲਈ ਮਨਮਤਿ ਫੈਲਾਉਂਦੇ ਹਨ।

# ਰੁਮਾਲਾ ਭੇਟ ਕਰਨ ਬਾਰੇ ਵਿਚਾਰ-ਚਰਚਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਦੇ ਸਮੇਂ ਤੋਂ ਹੀ ਪ੍ਰੰਪਰਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਰੁਮਾਲਿਆਂ ਵਿਚ ਰੱਖਿਆ ਜਾਂਦਾ ਹੈ ਅਤੇ ਉੱਚੀ ਜਗ੍ਹਾ 'ਤੇ ਵਿਸ਼ੇਸ਼ ਅਸਥਾਨ ਬਣਾ ਕੇ ਪ੍ਰਕਾਸ਼ ਕੀਤਾ ਜਾਂਦਾ ਹੈ। ਉਥੇ ਚੰਦੋਆ ਅਤੇ ਰੁਮਾਲਿਆਂ ਨਾਲ ਸਜਾ ਕੇ ਸਤਿਕਾਰ ਵਜੋਂ ਚੌਰ ਵੀ ਕੀਤਾ ਜਾਂਦਾ ਹੈ, ਜੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਅਤੇ ਦੀਵਾਨ ਵੀ ਸਜਿਆ ਹੋਵੇ। ਸੰਭਵ ਹੈ ਕਿ ਗੁਰੂ ਸਾਹਿਬ ਨੇ ਸਿੱਖਾਂ ਨੂੰ ਸ਼ਖ਼ਸੀ ਪੂਜਾ ਤੋਂ ਦੂਰ ਰੱਖ ਕੇ ਗੁਰ-ਸ਼ਬਦ ਜਾਂ ਗਿਆਨ ਗੁਰੂ ਦਾ ਸਤਿਕਾਰ ਅਤੇ ਸ਼ਬਦ-ਵਿਚਾਰ ਦੀ ਵਿਲੱਖਣ ਪ੍ਰੰਪਰਾ ਨੂੰ ਸਥਾਪਤ ਕਰਨ ਦੀ ਇੱਛਾ ਨਾਲ ਕੀਤਾ ਹੋਵੇ। ਅਜੋਕੇ ਸਮੇਂ ਇਹ ਵਹਿਮ ਹੀ ਹੋ ਗਿਆ ਹੈ ਕਿ ਜੇਕਰ ਪਾਠ (ਸਹਿਜ ਪਾਠ ਜਾਂ ਅਖੰਡ ਪਾਠ) ਕਰਨ ਜਾਂ ਕਰਾਉਣ ਉਪ੍ਰੰਤ ਰੁਮਾਲਾ ਨਾ ਭੇਟ ਕੀਤਾ ਤਾਂ ਸੇਵਾ ਥਾਇੰ ਨਹੀਂ ਪਵੇਗੀ। ਦਾਸ ਦੇ ਪਰਿਵਾਰ ਨੇ ਪਿੱਛੇ ਜਿਹੇ ਘਰ ਸਹਿਜ ਪਾਠ ਕੀਤਾ ਅਤੇ ਭੋਗ ਗੁਰਦੁਆਰਾ ਸਾਹਿਬ ਪਾਇਆ। ਸਿੰਘਣੀ ਨੇ ਗੁਰੂ-ਘਰ ਦੇ ਭਾਈ ਸਾਹਿਬ ਤੋਂ ਰੁਮਾਲੇ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਰੁਮਾਲੇ ਦੀ ਕੋਈ ਜ਼ਰੂਰਤ ਨਹੀਂ ਅਤੇ ਅਸੀਂ ਭੇਟ ਵੀ ਨਾ ਕੀਤਾ।

ਦੂਸਰਾ, ਵਹਿਮ ਵੀ ਗੁਰੂ-ਘਰਾਂ ਦੇ ਵਜ਼ੀਰ ਜਾਂ ਪ੍ਰਬੰਧਕ ਹੀ ਪੈਦਾ ਕਰਦੇ ਹਨ, ਜਦੋਂ ਉਹ ਸ਼ਰਧਾਲੂ ਪਰਿਵਾਰਾਂ ਨੂੰ ਆਖਦੇ ਹਨ ਕਿ ਰੁਮਾਲਾ ਗੁਰੂ-ਘਰ ਤੋਂ ਲੈ ਲੈਣਾ ਤੇ ਉਸਦੀ ਭੇਟਾ ਗੁਰੂ-ਘਰ ਨੂੰ ਦੇ ਦੇਣੀ। ਕਈ ਵਾਰ ਇੰਜ ਜਾਪਦਾ ਹੈ, ਜਿਵੇਂ ਸਟੋਰ ਤੋਂ ਸੈਕੰਡ-ਹੈਂਡ ਵਸਤੂ ਲਈਏ ਤੇ ਉਸਦੀ ਕੀਮਤ ਵੀ ਪੂਰੀ ਅਦਾ ਕਰੀਏ। ਇਸ ਤਰ੍ਹਾਂ ਕਰਨ ਨਾਲ ਗੁਰਦੁਆਰਾ ਸਾਹਿਬ ਨੂੰ ਆਮਦਨ ਹੋ ਜਾਂਦੀ ਹੈ ਅਤੇ ਘੱਟੋ-ਘੱਟ ਰੁਮਾਲੇ ਤਾਂ ਰੀਸਾਈਕਲ ਹੋ ਜਾਂਦੇ ਹਨ। ਧੰਨ ਸ਼ਰਧਾ!

ਅਸੀਂ ਖ਼ੁਦ ਕਦੀ ਜਤਨ ਨਹੀਂ ਕੀਤਾ ਕਿ ਪੰਥਕ ਰਹਿਤ-ਮਰਯਾਦਾ ਨੂੰ ਪੜ੍ਹ ਲਈਏ ਅਤੇ ਦੇਖੀਏ ਕਿ ਇਸ ਸੰਬੰਧ ਵਿਚ ਕੀ ਲਿਖਿਆ ਹੋਇਆ ਹੈ, ਭੋਗ ਦੇ ਸਿਰਲੇਖ ਹੇਠ ਭਾਗ (ਅ):

> "ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲਾ, ਚੌਰ, ਚਾਨਣੀ ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ-ਸ਼ਕਤਿ ਮਾਇਆ ਅਰਦਾਸ ਕਰਾਈ ਜਾਵੇ।"

ਇਥੇ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਪਰ ਅਸੀਂ ਤਾਂ

ਵਹਿਮ ਦੇ ਸ਼ਿਕਾਰ ਹਾਂ, ਜਿਸ ਕਾਰਨ ਰੁਮਾਲਾ ਭੇਟ ਕਰਨ ਨੂੰ ਗ਼ਲਤ ਪ੍ਰੰਪਰਾ ਬਣਾ ਲਿਆ। ਹਾਲਾਂ ਤੀਕ ਮੈਂ ਕਿਸੇ ਪਰਿਵਾਰ ਨੂੰ ਗੁਰੂ-ਘਰ ਦੇ ਪ੍ਰਬੰਧਕਾਂ ਜਾਂ ਗਿਆਨੀ ਜੀ ਪਾਸੋਂ ਪੁੱਛ-ਗਿੱਛ ਕਰਦੇ ਨਹੀਂ ਦੇਖਿਆ ਕਿ ਗੁਰੂ-ਘਰ ਲਈ ਕਿਸ ਵਸਤੂ ਦੀ ਲੋੜ ਹੈ। ਦੂਜੇ ਪਾਸੇ ਪ੍ਰਬੰਧਕਾਂ ਨੇ ਵੀ ਪਾਠ ਕਰਾਉਣ ਵਾਲਿਆਂ ਨੂੰ ਘੱਟ-ਵੱਧ ਹੀ ਕਿਹਾ ਹੈ ਕਿ ਗੁਰੂ-ਘਰ ਅੰਦਰ ਰੁਮਾਲਿਆਂ ਨਾਲ ਕਮਰੇ ਭਰੇ ਪਏ ਹਨ, ਜਿਨ੍ਹਾਂ ਨੂੰ ਸਾਂਭਣ ਲਈ ਮੁਸ਼ਕਲਾਂ ਆ ਰਹੀਆਂ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ ਰੁਮਾਲਾ ਭੇਟ ਕਰਨ ਸੰਬੰਧੀ ਲਿਖਦੇ ਹਨ:

> "ਜਿਸ ਗੁਰਦੁਆਰੇ ਬਹੁਤ ਸੁੰਦਰ ਰੁਮਾਲ ਗੁਰੂ ਗ੍ਰੰਥ ਸਾਹਿਬ ਲਈ ਮੌਜੂਦ ਹੋਣ, ਉਥੇ ਭੋਗ ਪੈਣ ਵੇਲੇ ਰੁਮਾਲ ਅਰਪਣਾ ਲਾਭਦਾਇਕ ਨਹੀਂ। ਜਿਥੇ ਰੁਮਾਲ ਦੀ ਜ਼ਰੂਰਤ ਹੋਵੇ ਉਥੇ ਭੇਟਾ ਕਰਨਾ ਚਾਹੀਏ। ਰੁਮਾਲ ਚੜ੍ਹਾਉਣਾ ਰਸਮ ਨਹੀਂ ਬਣਾ ਲੈਣੀ ਚਾਹੀਏ। ਸਤਿਗੁਰੂ ਰੁਮਾਲਾਂ ਨਾਲੋਂ ਯਤੀਮਾਂ ਨੂੰ ਵਸਤਰ ਦੇਣੇ ਜ਼ਿਆਦਾ ਪਸੰਦ ਕਰਦੇ ਸਨ। ਸਰ੍ਹਾਣੇ, ਗਦੇਲਾ, ਚਾਂਦਨੀ ਆਦਿ ਸਾਮਾਨ ਪ੍ਰੇਮੀ ਘੱਟ ਹੀ ਭੇਟਾ ਕਰਦੇ ਹਨ।" *(ਗੁਰਮਤਿ ਮਾਰਤੰਡ)*

ਕਈ ਚੁੰਚ ਗਿਆਨੀ ਗੁਰਬਾਣੀ ਸ਼ਬਦਾਂ ਦੇ ਆਪਣੀ ਮਰਜ਼ੀ ਅਨੁਸਾਰ ਅਤੇ ਪਰਿਵਾਰਾਂ ਨੂੰ ਖ਼ੁਸ਼ ਕਰਨ ਲਈ ਨਵੇਂ ਅਰਥ ਘੜ ਲੈਂਦੇ ਹਨ। ਜਿਵੇਂ ਪੰਜਾਬ ਵਿਚ ਰੁਮਾਲਾ ਭੇਟ ਜਾਂ ਚੜ੍ਹਾਉਣ ਸਮੇਂ ਇਹ ਸਲੋਕ:

**ਪ੍ਰੇਮ ਪਟੋਲਾ ਤੈ ਸਹਿ ਦਿਤਾ, ਢਕਣ ਕੂ ਪਤਿ ਮੇਰੀ॥** *(ਪੰਨਾ 520)*

ਪੜ੍ਹਦੇ ਹਨ, ਜਾਪਦਾ ਇਸ ਭਾਵਨਾ ਵਿਚ ਇਹ ਹੈ ਕਿ ਗੁਰੂ ਜੀ, ਅਸੀਂ ਤੈਨੂੰ ਪੁਸ਼ਾਕਾ ਦਿੱਤਾ ਹੈ ਅਤੇ ਇਸ ਬਦਲੇ ਸਾਡੀ ਪੱਤ ਰੱਖੀਂ। ਇਹ ਸ਼ਰੇਆਮ ਬਿਪਰਨ ਸ਼੍ਰੇਣੀ ਵਾਂਗੂ ਲੁੱਟ-ਖਸੁੱਟ ਕਰਨ ਲਈ ਕੀਤਾ ਜਾ ਰਿਹਾ ਹੈ। ਇਸ ਗੁਰਬਾਣੀ ਪੰਗਤੀ ਦਾ ਰੁਮਾਲਾ ਚੜ੍ਹਾਉਣ 'ਤੇ ਕੋਈ ਅਜੇਹਾ ਅਰਥ ਨਹੀਂ, ਜਿਵੇਂ ਕਈ ਵਾਰ ਅਰਦਾਸੀਆ ਅਰਦਾਸ ਅੰਦਰ ਜਾਚਨਾ ਕਰਦਾ ਹੈ ਕਿ ਸ਼ਰਧਾਲੂ ਪਰਿਵਾਰ ਨੇ ਤੁਹਾਡੇ ਲਈ ਰੁਮਾਲਾ ਭੇਟ ਕੀਤਾ ਹੈ ਤੇ ਪਰਿਵਾਰ ਦੇ ਲੋਕ-ਪਰਲੋਕ ਦੇ ਪੜਦੇ ਢੱਕਣੇ। ਦੱਸੋ! ਇਹ ਸੌਦਾ ਹੈ ਜਾਂ ਗੁਰੂ ਨਾਲ ਮਖ਼ੌਲ। ਜੇਕਰ ਰੁਮਾਲਾ ਭੇਟ ਕਰਨ ਨਾਲ ਲੋਕ-ਪਰਲੋਕ ਦੇ ਪੜਦੇ ਢੱਕੇ ਜਾਣ ਤਾਂ ਆਮ ਮਨੁੱਖ ਲਈ ਸਚਿਆਰ ਬਣਨ ਅਤੇ ਧਰਮ ਦੀਆਂ ਕਦਰਾਂ-ਕੀਮਤਾਂ ਬਾਰੇ ਚਿੰਤਤ ਹੋਣ ਦੀ ਕੀ ਲੋੜ ਹੈ?

ਸਾਨੂੰ ਇਸ ਪਰਥਾਇ ਇਨਕਲਾਬੀ ਕਦਮ ਉਠਾਉਣੇ ਪੈਣਗੇ। ਸਾਡੇ ਸਮਾਜ ਦਾ ਬੇਅੰਤ ਧਨ ਅਜਾਈਂ ਬਰਬਾਦ ਹੋ ਰਿਹਾ ਹੈ। ਬੇਹਤਰ ਇਹੀ ਹੈ ਕਿ ਲੋਕਾਂ ਨੂੰ ਪ੍ਰੇਰਿਆ ਜਾਏ ਕਿ ਰਸਮੀ ਪਾਠਾਂ ਨਾਲੋਂ ਗੁਰਬਾਣੀ ਨੂੰ ਸਮਝ ਕੇ ਪੜ੍ਹਿਆ ਜਾਵੇ। ਰਸਮੀਂ ਰੁਮਾਲੇ ਬਨਾਉਣਾ ਤੇ ਚੜ੍ਹਾਉਣਾ ਕੋਈ ਜ਼ਰੂਰੀ ਨਹੀਂ। ਦਾਸ ਹਰ ਸਾਲ ਅੱਖੀਂ ਦੇਖਦਾ ਹੈ ਕਿ ਰੁਮਾਲਿਆਂ ਦੀਆਂ ਪੰਡਾਂ ਨਾਲ ਨਗਰ ਕੀਰਤਨ ਸਮੇਂ ਟਰੱਕ ਜਾਂ ਬੱਸਾਂ ਹੀ ਸਜਾਈਆਂ ਜਾਂਦੀਆਂ ਹਨ। ਇਨ੍ਹਾਂ ਦੇ ਸਾਈਜ਼ ਛੋਟੇ ਹੋਣ ਕਾਰਨ ਗ਼ਰੀਬ ਲੋਕਾਂ ਦੇ ਵਸਤਰ ਵੀ ਨਹੀਂ ਬਣ ਸਕਦੇ। ਸ਼ਾਇਦ ਕਈ ਸਨਾਤਨੀ ਤੇ ਵਹਿਮੀ ਲੋਕ ਇਸ

ਗੱਲ ਦੀ ਹਾਮੀ ਨਾ ਭਰਨ ਕਿ ਰੁਮਾਲਿਆਂ ਦੇ ਗ਼ਰੀਬ ਲੋਕਾਂ ਦੇ ਪੋਸ਼ਾਕ ਬਣਾਏ ਜਾਣ। ਟਰੱਕਾਂ 'ਤੇ ਰੁਮਾਲਿਆਂ ਨੂੰ ਕੱਟ-ਵੱਢ ਕੇ ਲਗਾਉਣ ਨਾਲੋਂ ਜੇਕਰ ਗ਼ਰੀਬ ਲੋਕਾਂ ਦਾ ਨਗਨ ਕੱਜਿਆ ਜਾਏ ਤਾਂ ਮਹਾਨ ਪੁੰਨ ਹੋਵੇਗਾ ਜਾਂ ਪਰਿਵਾਰਾਂ ਨੂੰ ਬਣੇ ਬਣਾਏ ਰੁਮਾਲੇ ਦੀ ਥਾਂ ਖੁੱਲ੍ਹਾ ਕੱਪੜਾ ਲਿਆਉਣ ਲਈ ਬੇਨਤੀ ਕੀਤੀ ਜਾਵੇ ਅਤੇ ਉਹ ਕੱਪੜਾ ਭਾਰਤ ਅੰਦਰ ਗ਼ਰੀਬ ਲੋਕਾਂ ਵਿਚ ਵੰਡਿਆ ਜਾਵੇ। ਪਰਿਵਾਰ ਖ਼ੁਦ ਆਪਣੇ ਹੱਥੀਂ ਗ਼ਰੀਬ ਬੱਚਿਆਂ ਦੇ ਕੱਪੜੇ ਬਨਾਉਣ ਅਤੇ ਸਿੱਖੀ ਦੇ ਮੁੱਖ ਆਸ਼ੇ ਅਨੁਸਾਰ :

**ਘਾਲਿ ਖਾਇ ਕਿਛੁ ਹਥਹੁ ਦੇਇ ॥**<br>
**ਨਾਨਕ ਰਾਹੁ ਪਛਾਣਹਿ ਸੇਇ ॥** *(ਪੰਨਾ 1245)*

# ਚਵਰ ਜਾਂ ਚੌਰ ਕਰਨ ਸੰਬੰਧੀ

ਜੂਨ, 2003 ਵਿਚ ਦਾਸ ਐਡਮਿੰਟਨ (ਅਲਬਰਟਾ) ਦੇ ਇਕ ਗੁਰਦੁਆਰਾ ਸਾਹਿਬ ਵਿਖੇ ਅਨੰਦ ਕਾਰਜ ਦੀ ਰਸਮ ਵਿਚ ਹਾਜ਼ਰ ਸੀ। ਇਕ ਗਰਾਈਂ ਵੀਰ ਨੇ ਪੁੱਛਿਆ ਕਿ ਗੁਰੂ ਗ੍ਰੰਥ ਸਾਹਿਬ ਉੱਪਰ ਚਵਰ ਜਾਂ ਚੌਰ ਕਿਉਂ ਕੀਤਾ ਜਾਂਦਾ ਹੈ। ਉਸਦੇ ਸਵਾਲ ਪੁੱਛਣ 'ਤੇ ਮੈਂ ਕਿਹਾ ਕਿ ਤੁਸੀਂ ਚੌਰ ਕਰਨ ਨੂੰ ਕੀ ਸਮਝਦੇ ਹੋ? ਉਸਨੇ ਕਿਹਾ, "ਮੈਨੂੰ ਕੋਈ ਸਪੱਸ਼ਟਤਾ ਨਹੀਂ ਹੈ।"

ਇਸ ਬਾਰੇ ਆਮ ਲੋਕਾਂ ਨੂੰ ਸਪੱਸ਼ਟਤਾ ਨਹੀਂ ਹੈ ਤੇ ਕਈ ਵਾਰ ਇਹ ਵੀ ਸੁਣਿਆ ਜਾਂਦਾ ਹੈ ਕਿ ਇਹ ਮੱਖੀਆਂ ਉਡਾਉਣ ਲਈ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਚੌਰ ਕਰਨਾ ਭਾਰਤੀ ਪ੍ਰੰਪਰਾ ਅਨੁਸਾਰ ਆਦਰ ਤੇ ਸਤਿਕਾਰ ਦਾ ਉੱਚ ਪ੍ਰਤੀਕ ਹੈ ਅਤੇ ਅਜੇਹੇ ਆਦਰ ਤੇ ਸਤਿਕਾਰ ਦੇ ਪਾਤਰ ਰਾਜੇ ਮਹਾਰਾਜੇ ਹੀ ਹੁੰਦੇ ਸਨ। ਅਸੀਂ ਆਪਣੇ ਇਸ਼ਟ ਗੁਰੂ ਗ੍ਰੰਥ ਸਾਹਿਬ ਨੂੰ ਮਹਾਨ ਗੁਰੂ ਮੰਨਦੇ ਹਾਂ, ਇਸ ਲਈ ਗੁਰੂ ਗ੍ਰੰਥ ਸਾਹਿਬ ਦਾ ਸਕਿਤਾਰ ਪਾਤਸ਼ਾਹਾਂ ਤੇ ਮਹਾਰਾਜਿਆਂ ਵਾਂਗੂ ਕਰਦੇ ਹਾਂ। ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਚਵਰ (ਚੌਰ) ਤਖ਼ਤ ਦਾ ਮਾਲਕ ਮੰਨ ਕੇ ਚੌਰ ਜਾਂ ਚਵਰ ਕਰ ਕੇ ਭਾਰਤੀ ਪ੍ਰੰਪਰਾ ਅਨੁਸਾਰ ਸਤਿਕਾਰ ਕਰਦੇ ਹਾਂ।

ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਚਵਰ ਤਖ਼ਤ ਦੇ ਮਾਲਕ ਦੇ ਵਿਸ਼ੇਸ਼ਣ ਨਾਲ ਯਾਦ ਕਰਦੇ ਹਾਂ, ਇਸਦਾ ਭਾਵ ਇਹੀ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਅਸਲ ਪਾਤਸ਼ਾਹ ਮੰਨਦੇ ਹਾਂ। ਅਸਾਨੂੰ ਪਾਤਸ਼ਾਹ ਦਾ ਹੁਕਮ ਵੀ ਮੰਨਣਾ ਜ਼ਰੂਰੀ ਹੈ। ਇਕ ਵੇਰ ਕਿਸੇ ਸ਼ਰਧਾਲੂ ਸਿੱਖ ਦੇ ਗ੍ਰਿਹ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ। ਉਨ੍ਹਾਂ ਨੇ ਕਾਰਪਿਟ 'ਤੇ ਸੁੰਦਰ ਕੁਲੀਨ ਵਿਛਾ ਕੇ ਪ੍ਰਕਾਸ਼ ਕੀਤਾ ਹੋਇਆ ਸੀ। ਇਕ ਸਵੈ-ਸਿਖਿਅਕ ਗ੍ਰੰਥੀ ਸਿੰਘ ਹੁਰੀਂ ਸ਼ਰਧਾਲੂ ਸਿੱਖ ਨੂੰ ਟੁੱਟ ਕੇ ਪਏ, "ਤੁਹਾਨੂੰ ਨਹੀਂ ਪਤਾ ਕਿ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਿਵੇਂ ਕਰਨਾ ਹੈ? ਤੁਸੀਂ ਲੱਕੜ ਦਾ ਤਖ਼ਤਪੋਸ਼ ਕਿਉਂ ਨਹੀਂ ਲਿਆਂਦਾ। ਗੁਰੂ ਗ੍ਰੰਥ ਸਾਹਿਬ ਚਵਰ ਤਖ਼ਤ ਦੇ ਮਾਲਕ ਹਨ।" ਉਸ ਭਲੇ ਪੁਰਸ਼ ਨੂੰ ਇਤਨਾ ਤਾਂ ਜ਼ਰੂਰ ਗਿਆਨ ਚਾਹੀਦਾ ਸੀ ਕਿ ਚਵਰ-ਤਖ਼ਤ ਦਾ ਮਾਲਕ ਤੋਂ ਭਾਵ ਹੈ, ਗੁਰੂ ਗ੍ਰੰਥ ਸਾਹਿਬ ਜੀ ਰਾਜੇ ਮਹਾਰਾਜਿਆਂ ਵਾਂਗੂ ਉੱਚੇ ਸਤਿਕਾਰ ਦੇ ਅਧਿਕਾਰੀ ਹਨ, ਅਸੀਂ ਉਨ੍ਹਾਂ ਨੂੰ ਮਹਾਨ ਤੇ ਸੱਚਾ ਪਾਤਸ਼ਾਹ ਮੰਨਦੇ ਹਾਂ। ਜਿਵੇਂ ਅਸੀਂ ਆਖ ਸਕਦੇ ਹਾਂ ਕਿ ਇੰਗਲੈਂਡ ਦੀ ਰਾਣੀ ਚਵਰ ਤਖ਼ਤ ਦੀ ਮਾਲਕ ਹੈ, ਪਰ ਉਹ ਲੱਕੜ ਦੇ ਤਖ਼ਤ ਪੋਸ਼ 'ਤੇ ਨਹੀਂ ਬੈਠਦੀ।

ਗੁਰੂ ਗ੍ਰੰਥ ਸਾਹਿਬ ਅੰਦਰ ਚੌਰ ਜਾਂ ਚਵਰ ਸੰਬੰਧੀ ਕੁਝ ਪਰਮਾਣ ਹਨ, ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਚਵਰ ਕਰਨਾ ਭਾਰਤੀ ਸਭਿਅਤਾ ਅੰਦਰ ਸਤਿਕਾਰ ਕਰਨਾ ਹੈ ਤੇ ਅਜੇਹਾ ਸਤਿਕਾਰ ਪਾਤਸ਼ਾਹਾਂ ਨੂੰ ਹੀ ਮਿਲਦਾ ਸੀ :

**ਕੇਸਾ ਕਾ ਕਰਿ ਚਵਰੁ ਢੁਲਾਵਾ,**
**ਚਰਣ ਧੂੜਿ ਮੁਖਿ ਲਾਈ॥** *(ਪੰਨਾ 749)*

**ਧੂਪੁ ਮਲਆਨਲੋ ਪਵਣੁ ਚਵਰੋ ਕਰੇ,**
**ਸਗਲ ਬਨਰਾਇ ਫੂਲੰਤ ਜੋਤੀ॥** *(ਪੰਨਾ 663)*

ਇਕ ਹੋਰ ਨਵੀਂ ਪ੍ਰੰਪਰਾ ਪ੍ਰਚਲਿਤ ਕੀਤੀ ਜਾ ਰਹੀ ਹੈ, ਜੋ ਕਿ ਠੀਕ ਨਹੀਂ ਲੱਗਦੀ। ਕਈ ਵੀਰ ਸਦਾ ਮੌਕੇ ਦੀ ਭਾਲ 'ਚ ਰਹਿੰਦੇ ਹਨ ਕਿ ਚੌਰ ਦੀ ਸੇਵਾ ਮਿਲੇ। ਸੇਵਾ ਅਨੇਕਾਂ ਪ੍ਰਕਾਰ ਦੀ ਕੀਤੀ ਜਾ ਸਕਦੀ ਹੈ ਪਰ ਜੇਕਰ ਚੌਰ ਦੀ ਸੇਵਾ ਨੂੰ ਮਹਾਨ ਸਮਝ ਕੇ ਕਰੀਏ ਜਾਂ ਚੌਰ ਦੀ ਸੇਵਾ ਦਾ ਦੂਜੀਆਂ ਸੇਵਾਵਾਂ ਨਾਲੋਂ ਵੱਧ ਮਹਾਤਮ ਮੰਨਿਆ ਜਾਵੇ ਤਾਂ ਅਗਿਆਨਤਾ ਹੈ। ਚਲੋ, ਕਈ ਵਾਰ ਸ਼ਰਧਾ 'ਤੇ ਨਿਰਭਰ ਕਰਦਾ ਹੈ। ਜਦੋਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸੇਵਾਦਾਰ ਜਾਂ ਪਾਠੀ ਪਾਠ ਕਰਦਾ ਹੋਵੇ ਜਾਂ ਹੁਕਮਨਾਮਾ ਲੈ ਰਿਹਾ ਹੋਵੇ, ਉਸ ਸਮੇਂ ਕਿਸੇ ਦੂਸਰੇ ਵਿਅਕਤੀ ਨੂੰ ਚੌਰ ਕਰਨਾ ਠੀਕ ਨਹੀਂ ਜਾਪਦਾ। ਇਸ ਸੰਬੰਧ ਵਿਚ ਕਈ ਪੰਥਕ ਵਿਦਵਾਨਾਂ ਨਾਲ ਵਿਚਾਰ ਕੀਤੀ ਹੈ, ਜਿਨ੍ਹਾਂ ਅਨੁਸਾਰ ਜਦੋਂ ਪਾਠੀ ਜਾਂ ਗ੍ਰੰਥੀ ਤਾਬਿਆ 'ਤੇ ਹੋਣ, ਉਸ ਸਮੇਂ ਚੌਰ ਕਰਨਾ ਜਾਂ ਨਾ ਕਰਨਾ ਉਸ 'ਤੇ ਨਿਰਭਰ ਕਰਦਾ ਹੈ। ਜੇਕਰ ਪਾਠੀ ਜਾਂ ਗ੍ਰੰਥੀ ਦੇ ਹੁਕਮਨਾਮਾ ਲੈਣ ਸਮੇਂ ਕੋਈ ਹੋਰ ਵਿਅਕਤੀ ਚੌਰ ਕਰੇ ਤਾਂ ਚੌਰ ਪਾਠੀ ਜਾਂ ਗ੍ਰੰਥੀ ਉੱਪਰ ਹੋਵੇਗਾ ਨਾ ਕਿ ਗੁਰੂ ਗ੍ਰੰਥ ਸਾਹਿਬ ਉੱਪਰ।

ਇਸ ਗੁੰਝਲ ਨੂੰ ਹੱਲ ਕਰਨ ਲਈ ਕਈ ਥਾਈਂ ਪ੍ਰਬੰਧਕਾਂ ਨੇ ਲੰਬੇ ਤੇ ਭਾਰੇ ਚੌਰ ਬਣਾਏ ਹੋਏ ਹਨ। ਉਹ ਇਸ ਲਈ, ਕਿ ਇਕ ਥਾਂ 'ਤੇ ਹੀ ਗੁਰੂ ਗ੍ਰੰਥ ਸਾਹਿਬ ਦੇ ਵੱਧ ਪ੍ਰਕਾਸ਼ ਕੀਤੇ ਹੁੰਦੇ ਹਨ, ਪਾਠੀ ਪਾਠ ਕਰਦੇ ਹਨ ਤੇ ਹੋਰ ਸੇਵਾਦਾਰ ਉੱਪਰ ਦੀ ਚੌਰ ਕਰਦੇ ਹਨ। ਇਸ ਲਈ ਸਾਨੂੰ ਨਵੀਆਂ ਪਿਰਤਾਂ ਜਾਂ ਪ੍ਰੰਪਰਾਵਾਂ ਚਲਾਉਣ ਤੋਂ ਸੰਕੋਚ ਕਰਨਾ ਚਾਹੀਦਾ ਹੈ। ਚੌਰ ਦੀ ਸੇਵਾ ਓਹੀ ਕਰੇ ਜੋ ਤਾਬਿਆ ਸਜਿਆ ਹੋਵੇ, ਜੇ ਪਾਠ ਹੋ ਰਿਹਾ ਹੈ ਤਾਂ ਉਥੇ ਵਿਸ਼ੇਸ਼ ਤੌਰ 'ਤੇ ਚੌਰ ਦੀ ਸੇਵਾ ਜ਼ਰੂਰੀ ਨਹੀਂ।

ਖ਼ਾਲਸਾ ਪੰਥ ਅੰਦਰ ਚੌਰ ਜਾਂ ਚਵਰ ਦੇ ਅਧਿਕਾਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਪਰ ਕਈ ਥਾਂ ਸੰਤਾਂ ਜਾਂ ਬਾਬਿਆਂ ਨੂੰ ਉਨ੍ਹਾਂ ਦੀਆਂ ਮਿਰਤਕ ਦੇਹਾਂ 'ਤੇ ਚੌਰ ਹੁੰਦੇ ਦੇਖੇ ਗਏ ਹਨ ਜੋ ਕਿ ਗੁਰਮਤਿ ਪ੍ਰੰਪਰਾ ਦੇ ਅਨੁਕੂਲ ਨਹੀਂ। ਇਸ ਤੋਂ ਬਿਨਾਂ ਗੁਰੂ ਸਾਹਿਬਾਂ ਨਾਲ ਸੰਬੰਧਿਤ ਵਸਤੂਆਂ ਦਾ ਸਤਿਕਾਰ ਤਾਂ ਕਰਨਾ ਠੀਕ ਹੈ ਕਿ ਉਨ੍ਹਾਂ ਦੇ ਦਰਸ਼ਨ ਗੁਰੂਆਂ ਦੀ ਯਾਦ ਤਾਜ਼ਾ ਕਰਾਉਂਦੇ ਹਨ, ਪਰ ਉਨ੍ਹਾਂ ਨੂੰ ਚੌਰ ਕਰਨਾ ਗ਼ਲਤ ਪਰਪਾਟੀ ਹੈ। ਆਖ਼ਰ ਵਿਚ ਪੰਥਕ ਪ੍ਰੰਪਰਾਵਾਂ ਦਾ ਏਕੀਕਰਣ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਸ਼ਰਧਾਲੂ ਵੀਰਾਂ ਵੱਲੋਂ ਆਪ-ਮੁਹਾਰੇ ਨਵੀਆਂ ਪਿਰਤਾਂ ਜਾਂ ਪ੍ਰੰਪਰਾਵਾਂ ਸਥਾਪਤ ਨਾ ਕੀਤੀਆਂ ਜਾਣ।

ਕਈ ਵਾਰ ਇਸ ਗੱਲ 'ਤੇ ਵੀ ਵਿਵਾਦ ਹੋ ਜਾਂਦਾ ਹੈ ਕਿ ਕੀ ਚੌਰ ਖਲੋ ਕੇ ਕਰਨਾ ਠੀਕ ਹੈ ਜਾਂ ਤਾਬਿਆ ਬੈਠ ਕੇ। ਇਸ ਪ੍ਰਤਿ ਕੋਈ ਵਹਿਮ ਨਹੀਂ ਕਰਨਾ ਚਾਹੀਦਾ। ਬੇਹਤਰ ਤਾਂ ਇਹੀ ਹੈ ਕਿ ਕੋਈ ਸੇਵਾਦਾਰ ਜਾਂ ਗ੍ਰੰਥੀ ਤਾਬਿਆ ਬੈਠ ਕੇ ਹੀ ਚੌਰ ਕਰੇ, ਪਰ ਕਦੀ ਜੇ ਮੌਕਾ ਬਣੇ ਕਿ ਥੋੜੇ ਸਮੇਂ ਲਈ ਸੇਵਾਦਾਰ ਜਾਂ ਗ੍ਰੰਥੀ ਸਿੰਘ ਨੂੰ ਆਰਾਮ ਦਿਵਾਉਣਾ ਹੈ, ਤਾਂ ਲੋੜ ਸਮੇਂ ਕਿਸੇ ਵੀਰ ਨੂੰ ਚੌਰ ਕਰਨ ਲਈ ਕਿਹਾ ਜਾਵੇ, ਤਾਂ ਖਲੋ ਕੇ ਵੀ ਕੀਤਾ ਜਾ ਸਕਦਾ ਹੈ। ਇਹ ਵੀ ਵਹਿਮ ਨਹੀਂ ਕਰਨਾ ਕਿ ਖਲੋ ਕੇ ਚੌਰ ਕਰਨ ਨਾਲ ਜ਼ਿਆਦਾ ਸ਼ਰਧਾ ਜਾਂ ਸਤਿਕਾਰ ਦਾ ਪ੍ਰਗਟਾਵਾ ਹੁੰਦਾ ਹੈ।

# ਗੁਰੂ ਕਾ ਲੰਗਰ ਜਾਂ... ?

22 ਅਗਸਤ, 2002 ਨੂੰ ਐਡਮਿੰਟਨ ਤੋਂ ਛਪਦੇ ਦੇਸ ਪ੍ਰਦੇਸ ਟਾਈਮਜ਼ ਦੇ ਪੰਨਾ 49 ਉੱਤੇ ਡਾਕਟਰ ਜਸਵਿੰਦਰ ਕੌਰ ਬਿੰਦਰਾ ਵੱਲੋਂ ਸੱਚੀ ਘਟਨਾ ਪੜ੍ਹ ਕੇ ਮਨ ਬਹੁਤ ਦੁਖੀ ਹੋਇਆ ਕਿ ਕਿਵੇਂ ਸ਼ਰਧਾਲੂ ਬੀਬੀ ਨੇ ਕੀਰਤਨ ਸਮਾਗਮ ਰਚਾ ਕੇ ਬਹੁਤ ਚਾਵਾਂ ਨਾਲ ਗੁਰੂ ਕਾ ਲੰਗਰ ਤਿਆਰ ਕੀਤਾ ਹੋਵੇਗਾ, ਤੇ ਜਦ ਸਿੰਘਾਂ ਤੇ ਸਿੰਘਣੀਆਂ ਨੇ ਲੰਗਰ ਨਾ ਛਕਿਆ ਤਾਂ ਉਸਦੇ ਮਨ 'ਤੇ ਲੱਗੀ ਸੱਟ ਦਾ ਅੰਦਾਜ਼ਾ ਅਸੀਂ ਲਗਾਉਣਾ ਹੈ। ਉਸਦੇ ਮਨ 'ਤੇ ਸੱਟ ਲਗਾਉਣ ਵਾਲੇ ਕੌਣ ਸਨ ? ਕੀ ਉਹ ਸਿੱਖ ਸਨ ਜਾਂ ਗੌੜ ਬ੍ਰਾਹਮਣ ? ਜਾਂ ਕੋਈ ਹੋਰ ? ਅਜੇਹੀਆਂ ਮੰਦ-ਘਟਨਾਵਾਂ ਹਰ ਰੋਜ਼ ਵਰਤਦੀਆਂ ਹਨ। ਦੋ ਕੁ ਸਾਲ ਪਹਿਲਾਂ ਮੇਰੀ ਸਿੰਘਣੀ ਕਿਸੇ ਦੇ ਘਰ ਕੀਰਤਨ ਸਮਾਗਮ 'ਤੇ ਗਈ। ਉਸਨੇ ਲੰਗਰ ਤਿਆਰ ਕਰਨ ਸਮੇਂ ਵੀ ਸੇਵਾ ਵਿਚ ਹੱਥ ਵਟਾਇਆ। ਸਮਾਗਮ ਦੀ ਸਮਾਪਤੀ ਉਪ੍ਰੰਤ ਲੰਗਰ ਛਕਣ ਵੇਲੇ ਉਸ ਨੇ ਪੁੱਛਿਆ, "ਆਪਾਂ ਲੰਗਰ ਵਿਚ ਭਿੰਡੀਆਂ ਵੀ ਬਣਾਈਆਂ ਸਨ, ਉਹ ਕਿਥੇ ਨੇ ?" ਘਰਵਾਲਿਆਂ ਉੱਤਰ ਦਿੱਤਾ, "ਭੈਣ ਜੀ, ਉਹ ਸਬਜ਼ੀ ਤਾਂ ਸਿਰਫ਼ ਸਿੰਘਾਂ ਵਾਸਤੇ ਹੀ ਬਣਾਈ ਸੀ।" ਮੇਰੀ ਸਿੰਘਣੀ ਨੇ ਕਿਹਾ, "ਕੀ ਅਸੀਂ ਸਿੰਘ ਨਹੀਂ ?" "ਅਸਲ ਵਿਚ ਭੈਣ ਜੀ, ਉਹ ਸਬਜ਼ੀ ਸਿਰਫ਼ ਸਰਬ-ਲੋਹੀਆਂ ਲਈ ਬਣਾਈ ਸੀ।"

ਸਮਾਗਮ ਇਕ, ਪਰ ਲੰਗਰ ਦੋ। ਕੀ ਇਹ ਗੁਰਮਤਿ ਅਨੁਕੂਲ ਹੈ ? ਕੈਲਗਰੀ ਵਿਖੇ ਵਾਪਰੀ ਉਪਰੋਕਤ ਘਟਨਾ ਨੌਜਵਾਨ ਪੀੜ੍ਹੀ ਲਈ ਨਵੇਂ ਪ੍ਰਸ਼ਨ ਚਿੰਨ੍ਹ ਹਨ। ਇਕ ਪਾਸੇ ਪਰਿਵਾਰ ਜਾਂ ਸਿੱਖ ਸੰਸਥਾਵਾਂ ਜਤਨ ਕਰ ਕੇ ਉਨ੍ਹਾਂ ਨੂੰ ਗੁਰਮਤਿ ਦੀ ਵਡਿਆਈ ਦ੍ਰਿੜ੍ਹ ਕਰਾਉਂਦੇ ਹਨ, ਪਰ ਦੂਜੇ ਪਾਸੇ ਅਜੇਹੇ ਸੁੱਚ-ਭਿੱਟ ਵਾਲੇ ਸਿੱਖਾਂ ਦੀਆਂ ਨਿੱਜੀ ਪ੍ਰੰਪਰਾਵਾਂ ਨੂੰ ਦੇਖ, ਉਹ ਸਿੱਖੀ ਧਾਰਨ ਲਈ ਉਤਸ਼ਾਹਤ ਨਹੀਂ ਹੋਣਗੇ। ਉਸ ਬੀਬੀ ਨੇ ਸ਼ਰਧਾ ਤੇ ਪ੍ਰੇਮ ਸਹਿਤ ਲੰਗਰ ਤਿਆਰ ਕੀਤਾ ਸੀ, ਪਰ ਉਸਦੇ ਹੱਥਾਂ ਦਾ ਤਿਆਰ ਕੀਤਾ ਲੰਗਰ ਨਾ ਛਕਣਾ, ਉਸਦੀ ਭਾਵਨਾ ਨੂੰ ਠੇਸ ਪਹੁੰਚਾਉਣਾ ਸੀ। ਡਾਕਟਰ ਜਸਵਿੰਦਰ ਕੌਰ ਦੇ ਕਹੇ ਸ਼ਬਦ, "ਜੇ ਅਸੀਂ ਸਰਬ-ਸਾਂਝੀਵਾਲਤਾ ਦੀ ਮੂਲ-ਭਾਵਨਾ ਵਿਚ ਯਕੀਨ ਰੱਖਦੇ ਹਾਂ ਤਾਂ ਸਾਨੂੰ ਇਨ੍ਹਾਂ ਸੰਕੀਰਣ ਦਾਇਰਿਆਂ ਨੂੰ ਤੋੜ ਕੇ ਮੁਕਤ ਹੋਣਾ ਪਵੇਗਾ। ਇਸ ਲਈ ਜ਼ਰੂਰੀ ਹੈ ਕਿ ਬਾਹਾਂ ਨੂੰ ਸਿਕੋੜਨ ਦੀ ਥਾਂ ਬਾਹਾਂ ਨੂੰ ਖੋਲ੍ਹ ਕੇ ਸਾਰਿਆਂ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਤੱਤਪਰ ਹੋਈਏ।"

ਜਦੋਂ ਮੇਰੀ ਘਰਵਾਲੀ ਨੇ ਕਿਹਾ ਕਿ ਆਪਾਂ ਵੀ ਕੀਰਤਨ ਸਮਾਗਮ ਰਚਾਈਏ, ਤਾਂ ਮੈਂ ਸਹਿਮਤੀ ਦੇ ਨਾਲ ਸ਼ਰਤ ਵੀ ਲਗਾਈ ਕਿ ਦੋ ਲੰਗਰ ਨਹੀਂ ਹੋਣਗੇ। ਸਾਡੀ ਕੌਮ ਪਹਿਲਾਂ ਹੀ ਨਿੱਕੀ ਹੈ ਤੇ ਅਨੇਕਾਂ ਹੀ ਜੱਥਿਆਂ ਵਿਚ ਵੰਡੀ ਹੋਈ ਹੈ। ਦੂਜੇ ਪਾਸੇ ਡੇਰਿਆਂ ਦਾ ਪ੍ਰਭਾਵ ਦਿਨੋ ਦਿਨ ਵਧ ਰਿਹਾ ਹੈ, ਨਵੇਂ ਨਵੇਂ ਸਿਮਰਨ ਢੰਗ ਜੋਗੀਆਂ ਵਾਂਗ ਪ੍ਰਚਲਿਤ ਹੋ ਰਹੇ ਹਨ ਤੇ ਗੁਰਬਾਣੀ-ਵਿਚਾਰ ਦਾ ਪ੍ਰਚਾਰ ਨਹੀਂ ਹੋ ਰਿਹਾ। ਇਸ ਵਿਚ ਕਸੂਰਵਾਰ ਲੋਕਾਂ ਤੋਂ ਸੁਚੇਤ ਹੋਣਾ ਪਵੇਗਾ।

ਲੋਕਾਂ ਅੰਦਰ ਦੁਬਿਧਾ ਵਧ ਰਹੀ ਹੈ ਅਤੇ ਹੈਰਾਨ ਵੀ ਹੁੰਦੇ ਹੋਣਗੇ ਕਿ ਸਿੱਖੀ ਰੂਪ ਵਿਚ ਦਿੱਸ ਰਹੇ ਕਈ ਵੀਰ ਦੇਗ ਵੀ ਨਹੀਂ ਲੈਂਦੇ, ਜਿਵੇਂ ਕੁਝ ਵਿਅਕਤੀ ਲੰਗਰ ਵਿੱਚੋਂ ਪ੍ਰਸ਼ਾਦਾ ਨਹੀਂ ਛਕਦੇ। ਸੁਣਿਆ ਜਾਂਦਾ ਹੈ ਕਿ ਉਹ ਵੀਰ ਦੋ ਕਾਰਨਾਂ ਕਰ ਕੇ ਪ੍ਰਸ਼ਾਦਾ ਨਹੀਂ ਛਕਦੇ ਜਾਂ ਪ੍ਰਸ਼ਾਦ ਨਹੀਂ ਲੈਂਦੇ। ਪਹਿਲਾ, ਕੁਝ ਲੋਕ ਲੋਹੇ ਦੇ ਬਰਤਨਾਂ ਤੋਂ ਬਗੈਰ ਕੋਈ ਹੋਰ ਬਰਤਨ ਨਹੀਂ ਵਰਤਦੇ। ਦੂਸਰਾ, ਉਹ ਸ਼ੱਕੀ ਹੋ ਜਾਂਦੇ ਹਨ ਕਿ ਪਤਾ ਨਹੀਂ ਲੰਗਰ ਤਿਆਰ ਕਰਨ ਵਾਲੇ ਅੰਮ੍ਰਿਤਧਾਰੀ ਹਨ ਜਾਂ ਨਹੀਂ। ਇਕ ਹੋਰ ਕਾਰਨ ਵੀ ਸੁਣਨ ਵਿਚ ਆਇਆ ਹੈ, ਪਤਾ ਨਹੀਂ ਇਸ ਤੱਥ ਵਿਚ ਕਿਤਨੀ ਸੱਚਾਈ ਹੈ। ਕਈ ਜਥੇਬੰਦੀਆਂ ਵਾਲੇ ਸਿੰਘ ਆਪਣੇ ਹੀ ਜਥੇ ਵੱਲੋਂ ਤਿਆਰ ਕੀਤਾ ਲੰਗਰ ਛਕਦੇ ਹਨ, ਕਿਸੇ ਹੋਰ ਅੰਮ੍ਰਿਤਧਾਰੀ ਵੱਲੋਂ ਤਿਆਰ ਕੀਤਾ ਪ੍ਰਸ਼ਾਦਾ ਪ੍ਰਵਾਨ ਨਹੀਂ ਕਰਦੇ। ਇਹ ਪ੍ਰੰਪਰਾ ਗੁਰੂ-ਕਾਲ ਤੋਂ ਬਾਅਦ ਪ੍ਰਚਲਿਤ ਹੋਈ ਹੈ, ਅਜੇਹੀ ਕੋਈ ਪ੍ਰੰਪਰਾ ਪੁਰਾਤਨ ਸਿੱਖਾਂ ਅੰਦਰ ਨਹੀਂ ਸੀ ਅਤੇ ਨਾ ਹੀ ਕੋਈ ਇਤਿਹਾਸਕ ਸਬੂਤ ਹਨ, ਜਦੋਂ ਇੱਕੋ ਸਮੇਂ ਦੋ ਦੋ ਲੰਗਰ ਤਿਆਰ ਕੀਤੇ ਜਾਂਦੇ ਹੋਣ।

ਪੰਥ-ਰਤਨ ਗਿਆਨੀ ਸ਼ੇਰ ਸਿੰਘ ਜੀ ਅਜੇਹੀ ਬੀਮਾਰੀ ਨੂੰ ਹੀ ਭਾਰਤ ਅੰਦਰ ਛੂਤ-ਛਾਤ ਦਾ ਮੁੱਖ ਕਾਰਨ ਮੰਨਦੇ ਹਨ। ਹਿੰਦੂਆਂ ਨੇ ਮੁਸਲਮਾਨਾਂ ਨੂੰ ਨੀਚ ਸਮਝਿਆ ਤੇ ਮੁਸਲਮਾਨ ਹਿੰਦੂਆਂ ਨੂੰ ਕਾਫ਼ਰ ਆਖਦੇ ਸਨ। ਹਿੰਦੂ ਇਕ ਗੰਦੇ ਹਿੰਦੂ ਪਾਸੋਂ ਲੈ ਕੇ ਖਾ ਸਕਦਾ ਸੀ ਪਰ ਇਕ ਸਾਫ਼ ਮੁਸਲਮਾਨ ਹੱਥੋਂ ਨਹੀਂ ਖਾਂਦੇ ਸਨ। ਗਿਆਨੀ ਜੀ ਲਿਖਦੇ ਹਨ ਕਿ ਜੇ ਇਹ ਸ਼ਰਤ ਲਾਈ ਜਾਵੇ ਕਿ ਰਹਿਤ ਵਾਲੇ ਤੋਂ ਛੁੱਟ ਕਿਸੇ ਦੇ ਹੱਥੋਂ ਨਾ ਖਾਓ ਤਾਂ ਵੀ ਕਈ ਸਿੰਘ ਆਪਣੇ ਜਥੇ ਦੀ ਰਹਿਤ ਨੂੰ ਠੀਕ ਰਹਿਤ ਤੇ ਦੂਜਿਆਂ ਦੀ ਰਹਿਤ ਨੂੰ ਪ੍ਰਵਾਨ ਨਹੀਂ ਕਰਦੇ, ਓਹੀ ਨੌਂ ਪੂਰਬੀਏ ਤੇ ਤੇਰ੍ਹਾਂ ਚੁੱਲ੍ਹੇ। ਖ਼ਾਲਸੇ ਦਾ ਚੌਂਕਾ ਇਤਨਾ ਖੁੱਲ੍ਹਾ ਹੈ ਕਿ ਉਸ ਤੋਂ ਕਿਸੇ ਨੂੰ ਬਾਹਰ ਰੱਖਿਆ ਹੀ ਨਹੀਂ ਜਾ ਸਕਦਾ। ਖ਼ਾਲਸਾ ਜੀ, ਗੁਰਬਾਣੀ ਨੂੰ ਪੜ੍ਹੋ, ਕਿਸੇ ਸੌ ਸਾਖੀ ਜਾਂ ਅਜੇਹੇ ਰਹਿਤਨਾਮੇ ਨੂੰ ਆਧਾਰ ਨਾ ਬਣਾਓ, ਜੋ ਗੁਰਮਤਿ ਦੇ ਉਲਟ ਰਾਇ ਦੇਵੇ। ਗੁਰੂ ਨਾਨਕ ਸਾਹਿਬ ਨੇ ਥਾਂ-ਥਾਂ ਜਾ ਕੇ ਖੁੱਲ੍ਹੇ ਲੰਗਰ ਚਲਾਏ, ਤੇ ਬਿਪਰਾਂ ਵੱਲੋਂ ਸੁੱਚਤਾ ਦੀ ਕੱਟੜਤਾ ਨੂੰ ਭੰਡਿਆ, ਜੂਠ ਦੀ ਵਿਆਖਿਆ ਕੀਤੀ:

ਜੂਠਿ ਨ ਰਾਗੀ ਜੂਠਿ ਨ ਵੇਦੀ॥
ਜੂਠਿ ਨ ਚੰਦ ਸੂਰਜ ਕੀ ਭੇਦੀ॥
ਜੂਠਿ ਨ ਅੰਨੀ, ਜੂਠਿ ਨ ਨਾਈ॥
ਜੂਠਿ ਨ ਮੀਹੁ ਵਰ੍ਹਿਐ ਸਭ ਥਾਈ॥

ਜੂਠਿ ਨ ਧਰਤੀ, ਜੂਠਿ ਨ ਪਾਣੀ॥
ਜੂਠਿ ਨ ਪਉਣੈ ਮਾਹਿ ਸਮਾਣੀ॥
ਨਾਨਕ ਨਿਗੁਰਿਆ ਗੁਣੁ ਨਾਹੀ ਕੋਇ॥
ਮੁਹਿ ਫੇਰਿਐ ਮੁਹੁ ਜੂਠਾ ਹੋਇ॥ *(ਵਾਰ ਸਾਰੰਗ, ਪੰਨਾ 1240)*

ਅੱਗੇ ਜਾ ਕੇ ਗਿਆਨੀ ਸ਼ੇਰ ਸਿੰਘ ਜੀ ਸਪੱਸ਼ਟ ਕਰਦੇ ਹਨ ਕਿ:

"ਖ਼ਾਲਸੇ ਵਿਚ ਸੁੱਚ-ਭਿਟ ਕੋਈ ਚੀਜ਼ ਨਹੀਂ। ਖ਼ਾਲਸੇ ਦਾ ਨਿਸ਼ਾਨਾ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਹੈ। ਭਾਵੇਂ ਕਿਸੇ ਦੇ ਵੀ ਹੱਥੋਂ, ਇਕ ਪੰਗਤ ਜਾਂ ਮੇਜ਼ 'ਤੇ ਭਾਵੇਂ ਗ਼ੈਰ-ਸਿੱਖਾਂ ਵਿਚ ਵੀ ਪ੍ਰਸ਼ਾਦ ਛਕੇ, ਖ਼ਾਲਸੇ ਨੂੰ ਕੁਝ ਨਹੀਂ ਹੁੰਦਾ, ਸਿੱਖਾਂ ਦਾ ਧਰਮ ਕੇਵਲ ਪੰਜਾਬ ਵਿਚ ਜਾਂ ਕੁਝ ਪਿੰਡਾਂ ਵਿਚ ਹੀ ਕੈਦ ਰਹਿਣ ਵਾਲਾ ਨਹੀਂ, ਸਿੱਖ ਤਾਂ ਅਮਰੀਕਾ, ਯੌਰਪ ਤੇ ਹਰ ਥਾਂ ਜਾ ਕੇ ਖੁੱਲ੍ਹਾ ਫਿਰ ਤੁਰ ਕੇ ਸਾਰੇ ਸੰਸਾਰ ਦੇ ਭਰਾਵਾਂ ਦੇ ਹੱਥੋਂ ਛਕ-ਛਕਾ ਕੇ ਸਿੱਖ ਰਹਿ ਸਕਦਾ ਹੈ। ਸਿੱਖ ਨੇ ਸਨਾਤਨੀ ਹਿੰਦੂਆਂ ਦੀ ਤਰ੍ਹਾਂ ਇਹ ਨਹੀਂ ਕਰਨਾ ਕਿ ਬਾਹਰ ਕਿਤੇ ਜਾਵੇ ਹੀ ਨਾ, ਜੇ ਜਾਵੇ ਤਾਂ ਚੁੱਲ੍ਹਾ ਚੌਂਕਾ ਸਭ ਨਾਲ ਹੋਵੇ ਜਾਂ ਆ ਕੇ ਤਨਖ਼ਾਹ ਲਗਾਈ ਜਾਵੇ।... ਪੰਥ ਦੇ ਨਿਆਰਾ ਰਹਿਣ ਦੇ ਅਰਥ ਇਹ ਨਹੀਂ ਕਿ ਸਿੱਖ ਸਾਰੀ ਦੁਨੀਆਂ ਨੂੰ ਦੂਰ ਕਰਨ ਤੇ ਸਿਰੜੀ ਬੈਰਾਗੀ ਦੀ ਤਰ੍ਹਾਂ ਅੱਡਰੀ ਕੁੱਲੀ ਪਾ ਕੇ ਬਹਿ ਜਾਣ। ਨਿਆਰੇ ਰਹਿਣ ਦਾ ਭਾਵ ਇਹ ਹੈ ਕਿ ਆਪਣਾ ਨਿਸ਼ਚਾ ਖ਼ਾਲਸ ਰਹੇ।" *(ਅਸਲੀ ਕੌਮੀ ਦਰਦ, 14 ਅਪ੍ਰੈਲ, 1928)*

ਸਿੱਖਾਂ ਅੰਦਰ ਗੁਰਮਤਿ ਸ਼ਬਦਾਵਲੀ ਦੀ ਅਯੋਗ ਵਰਤੋਂ ਹੋਣ ਲੱਗ ਪਈ ਹੈ। ਜਿਵੇਂ ਲੋਕਾਂ ਵੱਲੋਂ ਪਰਿਵਾਰਾਂ ਨੂੰ ਸੱਦੇ ਦਿੱਤੇ ਜਾਂਦੇ ਹਨ ਕਿ ਅੱਜ 'ਸਾਡਾ ਲੰਗਰ' ਹੈ, ਜਾਂ ਸਟੇਜ ਤੋਂ ਪ੍ਰਚਾਰ ਕੀਤਾ ਜਾਂਦਾ ਹੈ ਕਿ 'ਫਲਾਣੇ ਸਿੰਘ' ਦਾ ਲੰਗਰ ਹੈ। ਅਸੀਂ 'ਗੁਰੂ-ਲੰਗਰ' ਜਾਂ 'ਗੁਰੂ ਕਾ ਲੰਗਰ' ਦੀ ਵਸੀਅਤ ਤੁੜਵਾ ਆਪਣੇ ਆਪਣੇ ਨਾਵਾਂ 'ਤੇ ਲਗਵਾ ਲਈ ਹੈ। ਸ਼ਬਦ ਠੀਕ ਪ੍ਰਯੋਗ ਕੀਤੇ ਜਾ ਸਕਦੇ ਹਨ, ਆਖਿਆ ਜਾ ਸਕਦਾ ਹੈ ਕਿ ਫਲਾਣੇ ਪਰਿਵਾਰ ਨੇ ਗੁਰੂ ਕੇ ਲੰਗਰ ਲਈ ਸੇਵਾ ਲਈ ਹੈ। ਜਿਥੋਂ ਤਕ ਸੰਭਵ ਹੋਵੇ, ਲੰਗਰ ਦੇ ਅੰਦਰ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ, ਸਿਰ ਢੱਕ ਕੇ ਸੇਵਾ ਕੀਤੀ ਜਾਵੇ, ਹੱਥ ਚੰਗੀ ਤਰ੍ਹਾਂ ਧੋਤੇ ਜਾਣ। ਘਿਓ ਦੀ ਵਰਤੋਂ ਘੱਟ ਕੀਤੀ ਜਾਵੇ, ਤੜਕੇ ਲਈ ਘਿਓ ਦੀ ਥਾਂ ਤੇਲ ਵਰਤੇ ਜਾਣ ਪਰ ਘੱਟ ਮਾਤਰਾ ਵਿਚ।

ਜੋ ਦਾਅਵਾ ਕਰਦੇ ਹਨ ਕਿ ਲੋਹੇ ਦੇ ਭਾਂਡੇ ਵਿਚ ਤਿਆਰ ਲੰਗਰ ਛਕਣ ਨਾਲ ਲੋਹੇ ਦੀ ਘਾਟ ਪੂਰੀ ਹੁੰਦੀ ਹੈ, ਅਜੇਹੇ ਤੱਥ ਵਿਚ ਕੋਈ ਸੱਚਾਈ ਨਹੀਂ। ਦੂਸਰਾ ਜ਼ਰੂਰੀ ਨਹੀਂ ਕਿ ਸਾਰਿਆਂ ਦੇ ਅੰਦਰ ਆਇਰਨ (ਲੋਹੇ) ਦੀ ਘਾਟ ਹੋਵੇ। ਕਈ ਵਾਰ ਚੰਗੀ ਧਾਤ ਦੇ ਬਣੇ ਬਰਤਨਾਂ ਦੇ ਪ੍ਰਯੋਗ ਸਿਹਤ ਪੱਖੋਂ ਵਧੀਆ ਸਮਝੇ ਜਾਂਦੇ ਹਨ ਤੇ ਮਾੜੀ ਧਾਤ ਦੇ ਬਰਤਨ ਕਈ ਵਾਰ ਖ਼ਤਰਾ ਵੀ ਬਣ ਸਕਦੇ ਹਨ, ਇਸ ਬਾਰੇ ਮਾਹਿਰਾਂ ਨਾਲ ਗੱਲਬਾਤ ਹੋ ਸਕਦੀ ਹੈ। ਸਰਬ-ਲੋਹ ਦੀ ਵਿਆਖਿਆ ਠੀਕ ਨਹੀਂ ਹੋ ਰਹੀ।

ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ:

"ਸਾਡੇ ਵਿਚ ਵੀ ਕਈ ਸਿੱਖ ਸੁਯੰਪਾਕੀ ਅਤੇ ਵੈਸ਼ਨਵ ਆਦਿਕ ਮੱਤਾਂ ਦੀ ਨਕਲ ਕਰਨ ਵਾਲੇ ਸਰਬ-ਲੋਹੀਏ ਅਤੇ ਬਿਬੇਕੀ ਨਾਉਂ ਦੇ ਬਣ ਗਏ ਹਨ, ਪਰ ਇਹ ਸਭ ਮਨਮਤ ਹੈ।" *(ਗੁਰਮਤਿ ਮਾਰਤੰਡ, ਪੰਨਾ 585)*

ਇਹ ਕਦੀ ਸੰਭਵ ਨਹੀਂ ਹੋ ਸਕਦਾ ਕਿ ਘਰਾਂ ਅੰਦਰ, ਸਟੋਰਾਂ ਵਿਚ ਜਾਂ ਫ਼ੈਕਟਰੀਆਂ ਜਿਥੇ ਸਾਮਾਨ ਤਿਆਰ ਹੁੰਦਾ ਹੈ, ਲੋਹੇ ਦੇ ਬਰਤਨ ਹੀ ਵਰਤਣ। ਜਿਥੋਂ ਤੀਕ ਸੁੱਚ-ਭਿੱਟ ਦੀ ਗੱਲ ਹੈ, ਸਾਨੂੰ ਨਹੀਂ ਪਤਾ ਕਿ ਆਟਾ ਬਨਾਉਣ ਸਮੇਂ, ਜਾਂ ਦਾਲਾਂ ਆਦਿ ਪੈਕ ਕਰਨ ਵਾਲੇ ਸਿਗਰਟ ਪੀਣ ਵਾਲੇ ਹਨ ਜਾਂ ਨਹੀਂ, ਜਾਂ ਉਹ ਇਸ਼ਨਾਨ ਕਰ ਕੇ ਕੰਮ ਕਰਦੇ ਹਨ, ਜਾਂ ਬਿਨਾਂ ਇਸ਼ਨਾਨ। ਸਿੱਖੀ ਅੰਦਰ ਅਜੇਹੀ ਸੌੜੀ ਸੋਚ ਪਰਵਾਨ ਨਹੀਂ। ਭਗਤ ਪੂਰਨ ਸਿੰਘ ਪਿੰਗਲਵਾੜਾ ਜਾਂ ਭਗਵੰਤ ਸਿੰਘ ਦਿਲਾਵਰੀ ਵਾਂਗੂ ਸੇਵਾ-ਭਾਵਨਾ ਭਰਪੂਰ ਕਾਰਜ ਕਰਨ ਨਾਲ ਹੀ ਸਿੱਖੀ ਦਾ ਪ੍ਰਚਾਰ ਹੋ ਸਕਦਾ ਹੈ।

# ਕੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣਾ ਜ਼ਰੂਰੀ ਹੈ ?

ਗੁਰੂ-ਕਾਲ ਤੋਂ ਹੀ ਗੁਰਬਾਣੀ ਦਾ ਸਤਿਕਾਰ ਕਰਨ ਦੀ ਮਰਯਾਦਾ ਆਰੰਭ ਹੋਈ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਉਪ੍ਰੰਤ ਗੁਰੂ ਪੰਚਮ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ ਅਤੇ ਸਮੂਹ ਸਿੱਖਾਂ ਲਈ ਗੁਰਬਾਣੀ ਦਾ ਸਤਿਕਾਰ ਤੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਦੀ ਪ੍ਰੰਪਰਾ ਦਾ ਵਿਧਾਨ ਸਥਾਪਤ ਹੋ ਗਿਆ। ਗੁਰੂ ਸਾਹਿਬਾਨ ਨੇ ਜਿਥੇ ਨਿਰੰਕਾਰ ਨੂੰ ਚਿੰਤਨ ਤੇ ਰੱਬੀ ਮਹਿਮਾ ਲਈ ਗੁਰਬਾਣੀ ਕੀਰਤਨ ਦੀ ਵਿਲੱਖਣ ਰੀਤ ਨੂੰ ਦ੍ਰਿੜ੍ਹ ਕਰਾਇਆ, ਉਥੇ ਹੀ ਸਾਨੂੰ 'ਏਕ ਬਿਨਾ ਮਨ ਨੈਕ ਨ ਆਨੈ', ਦਾ ਸੰਦੇਸ਼ ਦਿੱਤਾ। ਸਾਡੇ ਅੰਦਰ ਖ਼ਾਲਸਾ ਪੰਥ ਦੀ ਸੰਪੂਰਨਤਾ ਦੇ ਸਮੇਂ ਤੋਂ ਆਪਸੀ ਮਿਲਣੀ ਤੇ ਫ਼ਤਹਿ ਬੁਲਾਉਣੀ ਅਤੇ ਗੁਰੂ ਗ੍ਰੰਥ ਸਾਹਿਬ ਅੱਗੇ ਹੀ ਮੱਥਾ ਟੇਕਣਾ ਪ੍ਰਚਲਿਤ ਹੈ।

ਅੱਜ ਕਈ ਪੜ੍ਹੇ-ਲਿਖੇ ਨੌਜਵਾਨਾਂ ਅੰਦਰ ਸ਼ੰਕਾ ਉਪਜਦੀ ਹੈ ਕਿ ਕੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣਾ ਸੱਭਿਅਕ ਕਰਮ ਹੈ ? ਦੂਸਰਾ, ਇਹ ਵੀ ਵਹਿਮ ਜਾਂ ਭਰਮ ਹੈ ਕਿ ਧਾਰਮਕ ਪੁਸਤਕ (ਸ੍ਰੀ ਗੁਰੂ ਗ੍ਰੰਥ ਸਾਹਿਬ) ਨੂੰ ਮੱਥਾ ਟੇਕਣਾ ਬੁੱਤਪ੍ਰਸਤੀ ਹੈ ? ਭਾਈ ਸਾਹਿਬ ਰਣਧੀਰ ਸਿੰਘ ਜੀ (ਨਾਰੰਗਵਾਲ), ਅੰਗਰੇਜ਼ ਡਾਕਟਰ ਨਾਲ, ਮੱਥਾ ਟੇਕਣ ਬਾਰੇ ਚਰਚਾ ਕਰਨ ਸਮੇਂ ਇਹ ਮੰਨਦੇ ਹਨ ਕਿ :

> "ਜੋ ਲੋਕ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਣਾਂ ਤੋਂ ਅਣਜਾਣ ਹਨ, ਉਹ ਜਾਂ ਤਾਂ ਕੋਰੇ ਸਿੱਖ ਹਨ ਜਾਂ ਭੇਖੀ।
>
> *(ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁੱਤਪ੍ਰਸਤੀ ਹੈ, ਪੰਨਾ 18)*

ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਗੁਰਬਾਣੀ ਦਾ ਸਤਿਕਾਰ ਕਰਨ ਦੀ ਪ੍ਰੰਪਰਾ ਮੱਥਾ ਟੇਕਣਾ ਹੈ। ਇਸ ਪ੍ਰੰਪਰਾ ਸੰਬੰਧੀ ਇਕ ਸੱਚੇ ਦ੍ਰਿਸ਼ਟਾਂਤ ਦਾ ਉਲੇਖ ਕਰਨਾ ਲਾਹੇਵੰਦ ਹੋਵੇਗਾ, ਜਿਸ ਤੋਂ ਵਧੇਰੇ ਸਪੱਸ਼ਟਤਾ ਹੋਵੇਗੀ। ਯੂ.ਐਸ.ਏ. ਦੇ ਇਕ ਪਰਿਵਾਰ ਵੱਲੋਂ ਇਕ ਪੰਥਕ ਵਿਦਵਾਨ ਨੂੰ ਗੁੰਝਲਦਾਰ ਸਮੱਸਿਆ ਹੱਲ ਕਰਨ ਲਈ ਬੇਨਤੀ ਕੀਤੀ ਗਈ। ਕੁਝ ਪਰਿਵਾਰਾਂ ਦੇ ਕਿਸ਼ੋਰ (ਗਭਰੂ) ਮੁੰਡੇ ਗੁਰਦੁਆਰੇ ਜਾਂਦੇ ਸਨ ਪਰ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਨੂੰ ਮੂਰਖਤਾ ਜਾਂ ਅਸੱਭਿਅਕ ਕਰਮ ਦੱਸਦੇ ਸਨ। ਹੋਰ ਪਰਿਵਾਰ ਵੀ ਚਿੰਤਤ ਸਨ ਕਿ ਕਿਤੇ ਉਨ੍ਹਾਂ ਦੇ ਬੱਚੇ ਵੀ ਦੇਖਾ-ਦੇਖੀ ਮੱਥਾ ਟੇਕਣਾ ਨਾ ਛੱਡ ਦੇਣ।

ਵਿਦਵਾਨ ਸੱਜਣ ਨੇ ਨੌਜਵਾਨਾਂ ਦੀ ਸਭਾ ਵਿਚ ਹਾਜ਼ਰ ਹੋ ਕੇ ਅਣਜਾਣ-ਪੁਣਾ ਪ੍ਰਗਟਾਇਆ। ਉਨ੍ਹਾਂ ਨੇ ਨੌਜਵਾਨਾਂ ਨੂੰ ਕਿਹਾ, "ਬੱਚਿਓ! ਮੈਂ ਤਾਂ ਅਮਰੀਕਨ ਲੋਕਾਂ ਦੀ ਮੂਰਖਤਾ ਦੇਖ ਹੈਰਾਨ ਹੁੰਦਾ ਹਾਂ, ਜਦ ਉਹ ਕਿਸੇ ਨੂੰ ਮਿਲਦੇ ਹਨ ਤਾਂ ਆਪਣਾ ਹੈਟ ਲਾਹ ਦਿੰਦੇ ਹਨ।" "ਅੰਕਲ ਜੀ, ਤੁਹਾਨੂੰ ਸ਼ਾਇਦ ਪਤਾ ਨਹੀਂ ਕਿ ਇਹ ਗੋਰਿਆਂ ਦੀ ਸਤਿਕਾਰ ਕਰਨ ਦੀ ਪ੍ਰੰਪਰਾ ਹੈ।" ਜਵਾਨ ਮੁੰਡਿਆਂ ਦਾ ਉੱਤਰ ਸੀ। ਉਸ ਤੋਂ ਅੱਗੇ ਗੱਲ ਤੋਰਦਿਆਂ ਵਿਦਵਾਨ ਨੇ ਕਿਹਾ, "ਦੇਖੋ! ਅਮਰੀਕਨ ਪੜ੍ਹੇ-ਲਿਖੇ ਹਨ, ਵਿਗਿਆਨਕ ਖੇਤਰ ਵਿਚ ਵੀ ਅੱਗੇ ਹਨ, ਫਿਰ ਵੀ ਖੇਡਾਂ (ਉਲੰਪਿਕ) ਦੌਰਾਨ ਆਪਣੇ ਝੰਡੇ ਨੂੰ ਸਲੂਟ ਦਿੰਦੇ ਹਨ, ਭਾਵ ਸਤਿਕਾਰ ਪ੍ਰਗਟ ਕਰਦੇ ਹਨ।" ਬੱਚਿਆਂ ਨੇ ਆਪਣੇ ਪਹਿਲੇ ਦਿੱਤੇ ਹੋਏ ਉੱਤਰ ਨੂੰ ਦੁਹਰਾਇਆ ਅਤੇ ਕਿਹਾ ਕਿ ਝੰਡੇ ਨੂੰ ਸਲੂਟ ਦੇਣਾ ਜਾਂ ਮਾਰਨਾ ਇਨ੍ਹਾਂ ਦੀ ਪ੍ਰੰਪਰਾ ਹੈ। ਵਿਦਵਾਨ ਸੱਜਣ ਕੁਝ ਚਿਰ ਲਈ ਚੁੱਪ ਹੋ ਗਏ। ਜਿਸ 'ਤੇ ਨੌਜਵਾਨਾਂ ਨੇ ਸਮਝਿਆ ਕਿ ਸ਼ਾਇਦ ਉਨ੍ਹਾਂ ਨੇ ਸਤਿਕਾਰ ਪੱਖੋਂ ਕੋਈ ਕੁਤਾਹੀ ਕੀਤੀ ਹੈ। ਕੁਝ ਸਮੇਂ ਬਾਅਦ ਵਿਦਵਾਨ ਸਾਹਿਬ ਨੇ ਚੁੱਪ ਤੋੜੀ ਅਤੇ ਕਿਹਾ, "ਪਿਆਰੇ ਬੱਚਿਓ, ਅੱਜ ਤੁਸੀਂ ਮੈਨੂੰ ਮਹਾਨ ਸਬਕ ਪੜ੍ਹਾ ਦਿੱਤੈ। ਜੋ ਸਬਕ ਮੇਰੀ ਮਾਂ ਨੂੰ ਪੜ੍ਹਾਉਣਾ ਚਾਹੀਦਾ ਸੀ, ਉਹ ਤੁਸੀਂ ਪੜ੍ਹਾਇਐ।"

"ਅੰਕਲ ਜੀ! ਕਿਹੜਾ ਸਬਕ?"

"ਮੇਰੀ ਮਾਂ ਮੈਨੂੰ ਛੋਟੇ ਹੁੰਦਿਆਂ ਗੁਰਦੁਆਰੇ ਲੈ ਕੇ ਜਾਂਦੀ ਸੀ ਅਤੇ ਗੁਰੂ ਗ੍ਰੰਥ ਸਾਹਿਬ ਅੱਗੇ ਮੇਰਾ ਸਿਰ ਫੜ ਕੇ ਧੱਕੇ ਨਾਲ ਮੱਥਾ ਟਿਕਾਉਂਦੀ। ਪਰ ਉਸਨੇ ਕਦੀ ਵੀ ਨਹੀਂ ਸਮਝਾਇਆ ਕਿ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣਾ, ਗੁਰਬਾਣੀ ਦਾ ਸਤਿਕਾਰ ਕਰਨ ਦੀ ਸਿੱਖ ਪ੍ਰੰਪਰਾ ਹੈ।" ਉਸ ਤੋਂ ਝੱਟ ਬਾਅਦ ਸਾਰੇ ਗਭਰੂ ਮੁੰਡੇ ਇੱਕੋ ਸੁਰ ਵਿਚ ਬੋਲੇ, "ਤਾਂ ਅੰਕਲ ਜੀ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣਾ ਚਾਹੀਦਾ ਹੈ।" ਜੇ ਅਸੀਂ ਗੋਰਿਆਂ ਦੀ ਰੀਸੇ ਪੱਗ ਲਾਹ ਕੇ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨਾ ਚਾਹੀਏ ਤਾਂ ਇਹ ਸਾਡੀ ਸੱਭਿਅਤਾ ਅਨੁਸਾਰ ਗੁਰੂ ਦੀ ਨਿਰਾਦਰੀ ਹੋਵੇਗੀ। ਸਾਡੇ ਸੱਭਿਆਚਾਰ ਅੰਦਰ ਸਿਰ ਢੱਕ ਕੇ ਜਾਂ ਸਿਰ ਕੱਜ ਕੇ ਸਤਿਕਾਰ ਕਰਨ ਦੀ ਪ੍ਰੰਪਰਾ ਹੈ।

***ਵਿਸ਼ੇਸ਼*** : ਜਦੋਂ ਕਦੀ ਵੀ ਕੋਈ ਗ਼ੈਰ-ਸਿੱਖ ਗੁਰਦੁਆਰਾ ਸਾਹਿਬ ਜਾਣ, ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਲਈ ਨਹੀਂ ਆਖਣਾ ਚਾਹੀਦਾ।

# ਮੱਥਾ ਟੇਕਣ ਦੀ ਪ੍ਰੰਪਰਾ ਤੇ ਵਹਿਮ

ਸੰਸਾਰ ਅੰਦਰ ਸੱਭਿਆਚਾਰ ਪੱਖੋਂ, ਬੋਲੀ ਜਾਂ ਧਾਰਮਕ ਵਖਰੇਵੇਂ ਕਾਰਨ, ਜਿਵੇਂ ਅਨੇਕਾਂ ਹੀ ਪ੍ਰੰਪਰਾਵਾਂ ਦੀ ਭਿੰਨਤਾ ਦੇਖਣ ਨੂੰ ਮਿਲਦੀ ਹੈ, ਉਸੇ ਤਰ੍ਹਾਂ ਮੱਥਾ ਟੇਕਣ ਦੇ ਢੰਗ ਜਾਂ ਸਤਿਕਾਰ ਕਰਨ ਦੇ ਢੰਗ ਵੀ ਵੱਖਰੇ ਵੱਖਰੇ ਹਨ। ਸਾਲ 1987 ਵਿਚ ਮੈਂ ਆਪਣੇ ਦੋ ਬੱਚਿਆਂ ਨੂੰ (ਵੱਡੀ ਬੱਚੀ 10 ਸਾਲ ਦੀ, ਭੁਜੰਗੀ 6 ਸਾਲ) ਲੈ ਕੇ ਸ੍ਰੀ ਅੰਮ੍ਰਿਤਸਰ ਦਰਸ਼ਨਾਂ ਲਈ ਪਹੁੰਚਿਆ। ਪਰਕਰਮਾ ਅੰਦਰ ਦਾਖ਼ਲ ਹੁੰਦਿਆਂ ਹੀ ਮੇਰੀ ਬੱਚੀ ਨੇ ਲੋਕ ਬੇਰੀ ਨੂੰ ਮੱਥਾ ਟੇਕਦੇ ਤੱਕੇ ਅਤੇ ਝੱਟ ਸਵਾਲ ਕਰ ਦਿੱਤਾ– "ਪਿਤਾ ਜੀ! ਇਹ ਲੋਕ ਇਥੇ ਕਿਉਂ ਮੱਥਾ ਟੇਕਦੇ ਹਨ?" ਮੈਂ ਕੁਝ ਚਿਰ ਲਈ ਨਿਰਉੱਤਰ ਹੋ ਗਿਆ ਅਤੇ ਕਿਹਾ, "ਬੱਚੂ, ਉਹ ਬੇਰੀ ਨਾਲ ਗੁਰੂ ਦੀ ਯਾਦ ਜੋੜ ਕੇ ਮੱਥਾ ਟੇਕਦੇ ਹਨ ਪਰ ਆਪਾਂ ਅੰਦਰ ਜਾ ਕੇ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੱਥਾ ਟੇਕਾਂਗੇ।" ਅਸੀਂ ਬੇਰੀਆਂ, ਟਾਹਲੀਆਂ ਅਤੇ ਫਲਾਹੀਆਂ ਨੂੰ 'ਸਾਹਿਬ' ਪਦ ਨਾਲ ਜਿਥੇ ਸਤਿਕਾਰ ਕਰਦੇ ਹਾਂ, ਉਥੇ ਉਨ੍ਹਾਂ ਦੀ ਅੰਨ੍ਹੀ ਸ਼ਰਧਾ ਅਧੀਨ ਪੂਜਾ ਵੀ ਕਰਦੇ ਹਾਂ। ਅਸੀਂ ਇਤਨੇ ਅੰਧ-ਵਿਸ਼ਵਾਸੀ ਹੋ ਗਏ ਹਾਂ ਕਿ ਪਿੱਛੇ ਜਿਹੇ ਵੈਨਕੂਵਰ ਦੇ ਨਗਰ ਕੀਰਤਨ ਵਿਚ ਚੁਸਤ ਪ੍ਰਬੰਧਕਾਂ ਨੇ ਮਾਇਆ ਬਟੋਰਨ ਖ਼ਾਤਰ ਲੋਕਾਂ ਪਾਸੋਂ ਨਕਲੀ ਸ਼ਸਤਰਾਂ ਨੂੰ ਮੱਥਾ ਟਿਕਾਇਆ। ਇਸ ਬਿਪਰਨ ਰੀਤ 'ਤੇ ਗੁਰੂ ਦੀ ਪ੍ਰਤੀਤ ਕਿਵੇਂ ਸੰਭਵ ਹੈ? ਜਿਵੇਂ ਸ਼ੈਤਾਨ ਲੋਕਾਂ ਨੇ ਗਨੇਸ਼ ਦੇ ਬੁੱਤ ਨੂੰ ਦੁੱਧ ਛਕਣ ਲਾ ਦਿੱਤਾ ਸੀ, ਅਜੇਹੇ ਲੋਕਾਂ ਤੋਂ ਬਚਾਓ ਕਰਨਾ ਸਾਡਾ ਆਪਣਾ ਫ਼ਰਜ਼ ਵੀ ਬਣਦਾ ਹੈ।

ਸਾਨੂੰ ਗੁਰੂ ਸਾਹਿਬ ਭਰਮ-ਭੇਖ ਤੋਂ ਦੂਰ ਰੱਖਣਾ ਚਾਹੁੰਦੇ ਸਨ, ਪਰ ਅਸੀਂ ਗੁਰਮਤਿ ਦੀ ਰੋਸ਼ਨੀ ਹੁੰਦੇ ਹੋਏ ਵੀ ਭਟਕਦੇ ਫਿਰਦੇ ਹਾਂ। ਮੱਥਾ ਟੇਕਣ ਬਾਰੇ ਇਕ ਨਵਾਂ ਵਹਿਮ, ਜਿਸਨੂੰ ਜਾਣ ਕੇ ਹਾਸਾ ਵੀ ਆਉਂਦਾ ਹੈ ਤੇ ਦੁਖ ਵੀ। ਇਕ ਕੀਰਤਨੀਏ ਵੀਰ ਕੀਰਤਨ ਕਰਦੇ ਕਰਦੇ ਆਖ ਰਹੇ ਸਨ ਕਿ ਭਾਈ! ਜਦੋਂ ਵੀ ਮੱਥਾ ਟੇਕੋ ਤਾਂ ਮੱਥਾ ਧਰਤੀ 'ਤੇ ਲੱਗਣਾ ਚਾਹੀਦਾ ਹੈ। ਜੋ ਸਾਡੇ ਮਸਤਕ 'ਤੇ ਪੁੱਠੇ ਲੇਖ ਲਿਖੇ ਹੁੰਦੇ ਹਨ, ਉਹ ਮੱਥਾ ਥੱਲੇ ਲੱਗਣ ਨਾਲ ਸਿੱਧੇ ਹੋ ਜਾਂਦੇ ਹਨ। ਇਕ ਫਲਾਣਾ ਸੰਤ ਸੀ ਜਿਨ੍ਹਾਂ ਨੇ ਮੱਥਾ ਰਗੜ ਰਗੜ ਕੇ ਨਿਸ਼ਾਨ ਪਾ ਲਿਆ ਸੀ। ਸਾਨੂੰ ਵੀ ਮੱਥਾ ਫ਼ਰਸ਼ 'ਤੇ ਘਿਸਾਉਣਾ ਚਾਹੀਦਾ ਹੈ। ਮੱਥਾ ਟੇਕਣਾ, ਇਕ ਸਤਿਕਾਰ ਪ੍ਰੰਪਰਾ ਹੈ ਨਾ ਕਿ ਮੱਥੇ 'ਤੇ ਲਿਖੇ ਜਾਂ ਉਕਰੇ ਹੋਏ ਮਾੜੇ ਲੇਖ ਮਿਟਾਉਣ ਲਈ। ਗੁਰਮਤਿ ਅਨੁਸਾਰ ਮੱਥੇ 'ਤੇ ਮਾੜੇ ਜਾਂ ਚੰਗੇ ਲੇਖ ਨਹੀਂ ਜੋ ਕਿ ਛੋਹ ਨਾਲ ਠੀਕ ਹੋ ਜਾਂਦੇ ਹਨ। ਕਈ

ਵਾਰ ਮੁਹਾਵਰੇ ਦੇ ਤੌਰ 'ਤੇ ਅਜੇਹੇ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਗੁਰਬਾਣੀ ਅੰਦਰ ਵੀ ਅਜੇਹੇ ਵਾਕ ਮੁਹਾਵਰੇ ਲਈ ਵਰਤੇ ਜਾਂਦੇ ਹਨ।

ਜਿਥੋਂ ਤਕ ਮੱਥਾ ਟੇਕਣ ਦੀ ਪ੍ਰੰਪਰਾ ਹੈ, ਉਹ ਸਾਡੇ ਵਿਚ ਭਿੰਨ ਭਿੰਨ ਹੈ। ਹੋਰ ਧਰਮਾਂ ਦੇ ਲੋਕਾਂ ਅੰਦਰ ਆਪਣੇ ਆਪਣੇ ਤੌਰ-ਤਰੀਕੇ ਹਨ ਤੇ ਉਨ੍ਹਾਂ ਦੀ ਪਹਿਚਾਣ ਵੀ ਹੋ ਸਕਦੀ ਹੈ, ਪਰ ਸਾਡੇ ਤਾਂ ਦੇਖਾ-ਦੇਖੀ ਹੈ। ਕਈ ਭੇਖੀ ਲੋਕ ਸ਼ੈਤਾਨ ਵੀ ਹਨ, ਉਨ੍ਹਾਂ ਨੇ ਆਪਣੀ ਹੀ ਸੋਚ ਅਨੁਸਾਰ ਮੱਥਾ ਟੇਕਣ ਦੀ ਨਿੱਜੀ ਪ੍ਰੰਪਰਾ ਸਥਾਪਤ ਕਰ ਲਈ ਹੈ, ਭਾਵੇਂ ਸੰਗਤਾਂ ਦੇ ਗੁਰਬਾਣੀ ਧਿਆਨ ਵਿਚ ਵਿਘਨ ਹੀ ਪੈਂਦਾ ਹੋਵੇ।

## ਮੱਥਾ ਟੇਕਣ ਦੇ ਵੱਖ ਵੱਖ ਤੇ ਨਿੱਜੀ ਢੰਗ

**ਡੰਡਾਉਤ ਕਰਨੀ :** ਡੰਡਾਉਤ ਤੋਂ ਭਾਵ ਡੰਡੇ ਵਾਂਗੂੰ ਸਿੱਧੇ ਲੇਟ ਕੇ ਮੱਥਾ ਟੇਕਣਾ ਜਾਂ ਨਮਸਕਾਰ ਕਰਨੀ। ਕੁਝ ਸਾਲ ਪਹਿਲਾਂ ਦਿੱਲੀ ਤੋਂ ਇਕ ਬਾਬਾ ਜੀ ਆਏ। ਉਹ ਜਦੋਂ ਮੱਥਾ ਟੇਕਦੇ ਸਨ ਤਾਂ ਡੰਡਾਉਤ ਕਰਦੇ ਸਨ ਅਤੇ ਗੁਰੂ ਗ੍ਰੰਥ ਸਾਹਿਬ ਅੱਗੇ ਕਾਫ਼ੀ ਸਮਾਂ ਲੰਮੇ ਪਏ ਰਹਿੰਦੇ ਸਨ। ਇਸ ਨਾਲ ਹੋਰ ਸੰਗਤਾਂ ਨੂੰ ਖੜੇ ਹੋ ਕੇ ਮੱਥਾ ਟੇਕਣ ਦੀ ਵਾਰੀ ਉਡੀਕਣੀ ਪੈਂਦੀ। ਹੋ ਸਕਦਾ ਹੈ ਹੋਰ ਵੀ ਕਈ ਲੋਕ ਡੰਡਾਉਤ ਕਰਨ ਵਿਚ ਵਿਸ਼ਵਾਸ ਰੱਖਦੇ ਹੋਣ।

**ਹਥੇਲੀਆਂ ਉੱਪਰ ਰੱਖ ਕੇ :** ਕਈ ਵਾਰ ਦੇਖਣ 'ਚ ਆਉਂਦਾ ਹੈ ਕਿ ਹਥੇਲੀਆਂ ਉੱਪਰ ਨੂੰ ਰੱਖ ਕੇ ਮੱਥਾ ਟੇਕਦੇ ਹਨ, ਕਿਉਂਕਿ ਇਹ ਵਹਿਮ ਹੈ ਕਿ ਪਰਮਾਤਮਾ ਤੋਂ ਮੰਗਣ ਲਈ ਹੱਥ ਅੱਡ ਕੇ ਖਲੋਈਦਾ ਹੈ।

**ਦੋਨੋਂ ਹੱਥ ਜੋੜ ਕੇ ਤੇ ਉੱਪਰ ਰੱਖ ਕੇ :** ਕਈ ਦੋਨੋਂ ਹੱਥ ਜੋੜ ਕੇ ਉੱਪਰ ਨੂੰ ਰੱਖ ਕੇ ਮੱਥਾ ਟੇਕਦੇ ਹਨ।

**ਦੋਨੋਂ ਗੋਡੇ ਜ਼ਮੀਨ 'ਤੇ ਲਾ ਕੇ :** ਦੋਨੋਂ ਗੋਡੇ ਜ਼ਮੀਨ 'ਤੇ ਲਾ ਕੇ ਮੱਥਾ ਟੇਕਣਾ ਮੁਸਲਮਾਨਾਂ ਅੰਦਰ ਪ੍ਰੰਪਰਾ ਹੈ, ਪਰ ਕਈ ਇਸ ਤਰ੍ਹਾਂ ਦਾ ਹੀ ਰਲਦਾ ਮਿਲਦਾ ਢੰਗ ਅਪਨਾ ਕੇ ਮੱਥਾ ਟੇਕਦੇ ਹਨ।

**ਖੜੇ ਖੜੇ ਮੱਥਾ ਟੇਕਣਾ :** ਕੁਝ ਭੈਣ-ਭਰਾ ਖੜੇ ਖੜੇ ਜਾਂ ਮਾੜਾ-ਮੋਟਾ ਸਿਰ ਝੁਕਾ ਕੇ ਮੱਥਾ ਟੇਕ ਕੇ ਬੁੱਤਾ ਸਾਰ ਦਿੰਦੇ ਹਨ।

**ਮੱਥਾ ਟੇਕਣ ਸਮੇਂ ਲੰਬੀ ਅਰਦਾਸ :** ਅਜੇਹੇ ਸਮੇਂ ਵੀ ਦੇਖੇ ਜਾਂਦੇ ਹਨ ਜਦੋਂ ਕਈ ਸ਼ਰਧਾਲੂ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਸਮੇਂ ਲੰਬੀ ਅਰਦਾਸ ਕਰਨ ਲੱਗ ਜਾਂਦੇ ਹਨ ਅਤੇ ਹੋਰ ਮੱਥਾ ਟੇਕਣ ਵਾਲੇ ਕਤਾਰ ਵਿਚ ਖੜੇ ਉਡੀਕਦੇ ਰਹਿੰਦੇ ਹਨ। ਅਜੇਹਾ ਕਰਨਾ ਜਾਂ ਮੱਥਾ ਟੇਕਣ ਸਮੇਂ ਅਰਦਾਸ ਕਰਨੀ ਜਚਦੀ ਨਹੀਂ। ਸ਼ਰਧਾਲੂ ਨੇ ਜੇ ਅਰਦਾਸ ਕਰਨੀ ਹੀ ਹੋਵੇ ਤਾਂ ਜਤਨ ਕਰਨਾ ਚਾਹੀਦਾ ਹੈ ਕਿ ਥੋੜਾ ਜਿਹਾ ਪਾਸੇ ਹੋ ਕੇ ਅਰਦਾਸ ਕੀਤੀ ਜਾਵੇ ਤਾਂ ਜੋ ਸੰਗਤਾਂ ਨੂੰ ਕੋਈ ਵਿਘਨ ਨਾ ਪਵੇ। ਧਰਮ ਦੇ ਇਹ ਅਰਥ ਨਹੀਂ ਕਿ ਤੁਸੀਂ ਆਪਣੇ ਵੱਲੋਂ ਸ਼ਰਧਾ ਦਿਖਾ ਰਹੇ ਹੋ, ਪਰ ਓਹੀ ਸ਼ਰਧਾ ਦੂਸਰਿਆਂ ਲਈ ਵਿਘਨਕਾਰੀ ਬਣੇ।

ਇਸ ਪਰਥਾਇ ਇਕ ਦ੍ਰਿਸ਼ਟਾਂਤ ਦੇਣਾ ਲਾਭਵੰਦ ਹੋਵੇਗਾ। ਤਕਰੀਬਨ 1964-65 ਦੀ ਗੱਲ ਹੈ। ਹਲਵਾਰਾ ਏਅਰ ਫ਼ੋਰਸ ਸਟੇਸ਼ਨ 'ਤੇ ਕਾਫ਼ੀ ਏਅਰਮਿਨ (ਹਵਾਈ ਸੈਨਿਕ) ਤੰਬੂਆਂ ਵਿਚ ਰਹਿੰਦੇ ਸਨ। ਉਨ੍ਹਾਂ ਦਿਨਾਂ 'ਚ ਨਲਕੇ ਵੀ ਖੜਕਾ ਕਰਨ ਵਾਲੇ ਹੁੰਦੇ ਸਨ। ਇਕ ਸਿੰਘ ਅੰਮ੍ਰਿਤ ਵੇਲੇ ਉਠਦਾ ਅਤੇ ਨਲਕਾ ਗੇੜ ਕੇ ਇਸ਼ਨਾਨ ਕਰਦਾ। ਨਲਕੇ ਦੀ ਆਵਾਜ਼ ਟਿਕੀ ਰਾਤ ਹੋਣ ਕਾਰਨ ਹੋਰ ਗ਼ੈਰ-ਸਿੱਖਾਂ ਨੂੰ ਜਾਂ ਸਾਥੀ ਵੀਰਾਂ ਨੂੰ ਜਗਾ ਦਿੰਦੀ। ਇਕ ਦਿਨ ਇਕ ਸਾਥੀ ਨੇ ਆਖ ਹੀ ਦਿੱਤਾ, "ਕਿਆ ਹੋ ਗਿਆ ਸਰਦਾਰ ਜੀ ਕੋ, ਹਮੇਂ ਸੋਨੇ ਭੀ ਨਹੀਂ ਦੇਤਾ।" ਇਹ ਬੋਲ ਸਿੰਘ ਦੇ ਕੰਨੀਂ ਪਏ। ਉਸਨੇ ਉਸ ਦਿਨ ਤੋਂ ਬਾਅਦ ਨਲਕਾ ਗੇੜ ਕੇ ਖੜਕਾ ਕਰਨਾ ਬੰਦ ਕਰ ਦਿੱਤਾ ਅਤੇ ਨਹਿਰ 'ਤੇ ਜਾ ਕੇ ਚੁੱਪ-ਚਪੀਤੇ ਇਸ਼ਨਾਨ ਕਰ ਆਇਆ ਕਰੇ। ਇਸ ਨਿਮਰਤਾ ਤੇ ਸਿੱਖੀ ਸਿਦਕ ਦਾ ਅਸਰ ਉਸਦੇ ਸਾਥੀਆਂ 'ਤੇ ਵੀ ਪਿਆ।

## ਮੱਥਾ ਟੇਕਣ ਦੀ ਗੁਰਸਿੱਖਾਂ ਲਈ ਵਿਲੱਖਣ ਪ੍ਰੰਪਰਾ

ਕੁਝ ਸਾਲ ਪਹਿਲਾਂ ਪੰਥ ਦੇ ਮਹਾਂ ਵਿਦਵਾਨ ਭਾਈ ਅਰਦਮਨ ਸਿੰਘ ਬਾਗੜੀਆਂ ਦਾ ਲੇਖ ਪੜ੍ਹਿਆ ਸੀ, ਜਿਸ ਵਿਚ ਉਨ੍ਹਾਂ ਨੇ ਲੋਕਾਂ ਵੱਲੋਂ ਮੱਥਾ ਟੇਕਣ ਦੇ ਹਾਸੋ-ਹੀਣੇ ਢੰਗਾਂ ਦੀ ਚਰਚਾ ਕੀਤੀ ਸੀ। ਉਨ੍ਹਾਂ ਅਨੁਸਾਰ ਸਾਨੂੰ ਸਭ ਨੂੰ ਆਪਣਾ ਵਿਲੱਖਣ ਮਾਰਗ 'ਬੀਰ ਆਸਣ' ਜਿਸ ਵਿਚ ਸੱਜਾ ਗੋਡਾ ਜ਼ਮੀਨ 'ਤੇ ਲਗਾ ਕੇ ਖੱਬਾ ਉੱਪਰ ਰੱਖ ਕੇ ਹੀ ਮੱਥਾ ਟੇਕਣਾ ਪ੍ਰਚਲਿਤ ਕਰਨਾ ਚਾਹੀਦਾ ਹੈ। ਅੰਮ੍ਰਿਤ ਸੰਚਾਰ ਸਮੇਂ 'ਬੀਰ ਆਸਣ' ਕਰਨ ਲਈ ਆਖਿਆ ਜਾਂਦਾ ਹੈ। ਜੇਕਰ ਕੋਈ ਬਿਰਧ ਹੈ, ਅਪਾਹਜ ਹੈ ਜਾਂ ਬੀਮਾਰੀ ਜਾਂ ਕਿਸੇ ਹੋਰ ਕਾਰਨ 'ਬੀਰ ਆਸਣ' ਹੋ ਕੇ ਮੱਥਾ ਟੇਕਣ ਤੋਂ ਅਸਮਰਥ ਹੈ, ਤਾਂ ਕੋਈ ਕਿੰਤੂ ਨਹੀਂ ਕਰਨਾ ਚਾਹੀਦਾ, ਨਾ ਹੀ ਕੋਈ ਭਰਮ।

ਮੱਥਾ ਟੇਕਣਾ ਮਨ ਦੀ ਅਵਸਥਾ ਨਾਲ ਸੰਬੰਧਤ ਹੈ, ਜੇ ਸਾਡੇ ਅੰਦਰ ਸਤਿਕਾਰ ਲਈ ਭਰਪੂਰ ਸ਼ਰਧਾ ਹੈ, ਤਾਂ ਹੀ ਸਾਡਾ ਮੱਥਾ ਟੇਕਣਾ ਸੋਭਦਾ ਹੈ, ਨਹੀਂ ਤਾਂ ਸ਼ਰਧਾਹੀਨ ਹੋ ਕੇ ਪਖੰਡ ਹੀ ਕਰਨੇ ਹਨ ਤਾਂ ਗੁਰਬਾਣੀ ਦੀ ਇਹ ਤੁਕ ਪੂਰੀ ਢੁੱਕਦੀ ਹੈ:

**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥** *(ਪੰਨਾ 470)*

ਸਮੂਹ ਸਿੱਖ ਪਰਿਵਾਰਾਂ ਨੂੰ ਬੇਨਤੀ ਹੈ ਕਿ ਅਸੀਂ ਕਦੀ ਵੀ ਬੱਚਿਆਂ ਨੂੰ ਕਲਪਤ ਮੂਰਤਾਂ ਅੱਗੇ ਮੱਥਾ ਟੇਕਣ ਲਈ ਨਾ ਆਖੀਏ। ਮੜ੍ਹੀਆਂ, ਸਮਾਧਾਂ, ਬੇਰੀਆਂ, ਟਾਹਲੀਆਂ ਤੇ ਫਲਾਹੀਆਂ ਭਾਵ ਦਰੱਖ਼ਤਾਂ ਦੇ ਚਰਨੀਂ ਮੱਥੇ ਨਾ ਰਗੜੀਏ। ਅਸੀਂ ਬਹੁਤ ਗੌਰਵ ਨਾਲ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਾਦੂ ਦੀ ਸਮਾਧ ਨੂੰ ਨਮਸਕਾਰ ਕਰਨ 'ਤੇ ਤਨਖ਼ਾਹ ਲੱਗਣ ਦੀ ਕਹਾਣੀ ਸੁਣਦੇ ਹਾਂ। ਜੇ ਅਸੀਂ ਗੁਰਮਤਿ ਦੇ ਉਲਟ ਮੜ੍ਹੀਆਂ ਤੇ ਸਮਾਧਾਂ ਨੂੰ ਅਥਵਾ ਦਰੱਖ਼ਤਾਂ ਨੂੰ ਪੂਜਣਾ ਹੈ, ਤਾਂ ਅਸੀਂ ਸਾਰੇ ਤਨਖ਼ਾਹੀਏ ਹਾਂ।

## ਅਨੰਦ ਕਾਰਜ ਸਮੇਂ ਮੱਥਾ ਟੇਕਣਾ

ਵਿਆਹ ਜਾਂ ਅਨੰਦ ਕਾਰਜਾਂ ਦੌਰਾਨ ਤਾਂ ਕਈ ਵਾਰ ਇੰਜ ਭਾਸਦਾ ਹੈ ਕਿ

ਘੋਲ-ਅਖਾੜਾ ਹੈ। ਸਾਡੇ ਅੰਦਰ ਸਮੇਂ ਦੀ ਪਾਬੰਦੀ ਬਾਰੇ ਕੋਈ ਨਿਯਮ ਨਹੀਂ। ਕੰਮ-ਕਾਰਾਂ 'ਤੇ ਅਸੀਂ ਇਕ ਮਿੰਟ ਵੀ ਲੇਟ ਨਹੀਂ ਹੋ ਸਕਦੇ ਪਰ ਸਮਾਜਕ ਜਾਂ ਧਾਰਮਕ ਕਾਰਜਾਂ ਵਿਚ ਸਮੇਂ ਸਿਰ ਪਹੁੰਚਣਾ ਸਾਡੀ ਸੱਭਿਅਤਾ ਦੇ ਅਨੁਕੂਲ ਨਹੀਂ। ਸਾਨੂੰ ਘੱਟੋ-ਘੱਟ ਇਤਨਾ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਅਨੰਦ ਕਾਰਜ ਸਮੇਂ ਸਾਡਾ ਮੱਥਾ ਟੇਕਣਾ ਕੋਈ ਵਿਘਨ ਨਾ ਪਾਵੇ।

ਜਿਤਨਾ ਚਿਰ ਲਾੜਾ ਤੇ ਲਾੜੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਨਹੀਂ ਬੈਠਦੇ, ਉਸ ਸਮੇਂ ਸਾਨੂੰ ਮੱਥਾ ਟੇਕਣਾ ਠੀਕ ਲੱਗਦਾ ਹੈ ਕਿਉਂਕਿ ਕੋਈ ਵਿਘਨ ਨਹੀਂ ਪੈਂਦਾ। ਜੇ ਭੁਜੰਗੀ ਤੇ ਭੁਜੰਗਣ ਗੁਰੂ ਮਹਾਰਾਜ ਅੱਗੇ ਸਜੇ ਹੋਏ ਹਨ ਤਾਂ ਦੂਰੋਂ ਹੀ ਨਮਸਕਾਰ ਕਰ ਕੇ ਬੈਠ ਜਾਣਾ ਚਾਹੀਦਾ ਹੈ। ਜੇ ਤੁਸੀਂ ਮੱਲੋ-ਮੱਲੀ ਜੋੜੀ ਦੇ ਬੈਠਿਆਂ ਮੱਥਾ ਟੇਕੋਗੇ ਤਾਂ ਵਿਆਹ ਵਾਲੇ ਪਰਿਵਾਰ ਖ਼ੁਸ਼ ਨਹੀਂ ਹੋਣਗੇ। ਕਈ ਵਾਰ ਤਾਂ ਅੱਖਾਂ ਵੀ ਕੱਢਣਗੇ ਕਿਉਂਕਿ ਉਨ੍ਹਾਂ ਦੀ ਫ਼ੋਟੋਗ੍ਰਾਫ਼ੀ ਵਿਚ ਵਿਘਨ ਪੈਂਦਾ ਹੈ। ਬੇਹਤਰ ਤਾਂ ਇਹੀ ਹੈ ਕਿ ਜੋੜੀ ਦੇ ਸਜਣ (ਬੈਠਣ) ਤੋਂ ਪਹਿਲਾਂ ਮੱਥਾ ਟੇਕਿਆ ਜਾਵੇ, ਜੇ ਜੋੜੀ ਅੱਗੇ ਬੈਠੀ ਹੋਵੇ ਤਾਂ ਮੱਥਾ ਟੇਕਣ ਤੋਂ ਸੰਕੋਚ ਕਰਨਾ ਚਾਹੀਦਾ ਹੈ। ਕਈ ਪਰਿਵਾਰ ਤਾਂ ਅਨੰਦ ਕਾਰਜ ਰਸਮ ਦੇ ਸ਼ੁਰੂ ਹੋਣ ਪਿੱਛੋਂ ਲੇਟ ਆਉਣ ਵਾਲੇ ਸ਼ਰਧਾਲੂਆਂ ਜਾਂ ਰਿਸ਼ਤੇਦਾਰਾਂ ਨੂੰ ਮੱਥਾ ਟੇਕਣ ਤੋਂ ਵਰਜਦੇ ਹਨ।

ਸ਼ਾਇਦ 2001 ਦੀ ਗੱਲ ਹੋਵੇਗੀ। ਇਕ ਵੀਰ ਕਿਸੇ ਅਨੰਦ ਕਾਰਜ ਵਿਚ ਸ਼ਾਮਲ ਹੋਣ ਲਈ ਲੇਟ ਸੀ, ਅਤੇ ਰਸਮ ਨਿਭਾਈ ਜਾ ਰਹੀ ਸੀ। ਉਸ ਨੇ ਜਤਨ ਵੀ ਕੀਤਾ ਕਿ ਰਿਸ਼ਤੇਦਾਰਾਂ ਦਾ ਘੇਰਾ ਤੋੜ ਕੇ ਮੱਥਾ ਟੇਕਿਆ ਜਾਵੇ। ਜ਼ਿਆਦਾ ਸ਼ਰਧਾਲੂ ਜਾਪਦਾ ਸੀ ਜਾਂ ਅਗਿਆਨੀ, ਵਾਹਿਗੁਰੂ ਹੀ ਜਾਣੇ। ਉਸਨੇ ਲੂਨੀ (ਕੈਨੇਡਾ 'ਚ ਡਾਲਰ ਦਾ ਸਿੱਕਾ) ਦੂਰੋਂ ਹੀ ਵਗਾਹ ਕੇ ਮਾਰੀ, ਪਰ ਚੰਗੇ ਭਾਗਾਂ ਨੂੰ ਕੋਈ ਪ੍ਰਾਣੀ ਫੱਟੜ ਨਹੀਂ ਹੋਇਆ।

ਗੁਰਦੁਆਰਾ ਪ੍ਰਬੰਧਕਾਂ ਨੂੰ ਇਸ ਸੰਬੰਧ ਵਿਚ ਲੋਕਾਂ ਅੰਦਰ ਜਾਗ੍ਰਿਤੀ ਲਿਆਉਣੀ ਚਾਹੀਦੀ ਹੈ ਅਤੇ ਹਰ ਅਨੰਦ ਕਾਰਜ ਦੀ ਰਸਮ ਸ਼ੁਰੂ ਕਰਨ ਤੋਂ ਪਹਿਲਾਂ ਅਤੇ ਬਾਅਦ ਵਿਚ ਬੇਨਤੀ ਕਰਨੀ ਚਾਹੀਦੀ ਹੈ ਤਾਂ ਜੋ ਲੋਕਾਂ ਨੂੰ ਅਨੰਦ ਕਾਰਜ ਵਿਚ ਜਿਥੇ ਭੈਅ ਭਾਵਨੀ ਰੱਖਣ ਲਈ ਕਿਹਾ ਜਾਵੇ, ਉਥੇ ਜੋੜੀ ਸਜਣ ਤੋਂ ਬਾਅਦ ਦੂਰੋਂ ਹੀ ਨਮਸਕਾਰ ਕਰ ਕੇ ਪਿੱਛੇ ਸੰਗਤ ਵਿਚ ਬੈਠਣ ਲਈ ਕਿਹਾ ਜਾਵੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਬਾਰੇ ਵਹਿਮ

ਸਾਡੇ ਲੋਕਾਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਇਕ ਨਵਾਂ ਵਹਿਮ ਫੈਲ ਰਿਹਾ ਹੈ। ਭਾਵੇਂ ਇਹ ਵਹਿਮ ਜ਼ਿਆਦਾ ਪ੍ਰਚਲਿਤ ਨਹੀਂ, ਫਿਰ ਵੀ ਇਸਨੂੰ ਫੈਲਣ ਤੋਂ ਰੋਕਣਾ ਬਹੁਤ ਹੀ ਜ਼ਰੂਰੀ ਹੈ। ਸਾਲ 1995-96 ਦੀ ਗੱਲ ਹੈ ਕਿ ਦਾਸ ਦੋ ਵੀਰਾਂ ਨਾਲ ਕਿਸੇ ਅਸਥਾਨ 'ਤੇ ਗਿਆ, ਜਿਥੇ ਵਿਸ਼ੇਸ਼ ਤੌਰ 'ਤੇ ਅਖੰਡ ਪਾਠ ਲਈ ਵੱਖਰਾ ਕਮਰਾ ਸੀ। ਇਕ ਸ਼ਰਧਾਲੂ ਬੀਬੀ ਪਾਠ ਕਰ ਰਹੀ ਸੀ। ਉਹ ਬੀਬੀ ਰੁਕ ਰੁਕ ਕੇ ਪਾਠ ਕਰੇ ਅਤੇ ਉਸਦਾ ਪਾਠ ਬਹੁਤ ਅਸ਼ੁੱਧ ਸੀ। ਮੇਰੇ ਨਾਲ ਦੇ ਇਕ ਸਿੰਘ ਉਸ ਬੀਬੀ ਦਾ ਪਾਠ ਸ਼ੁੱਧ ਕਰਾਉਣ ਲੱਗ ਪਏ। ਜਿਤਨਾ ਚਿਰ ਅਸੀਂ ਪਾਠ-ਅਸਥਾਨ ਅੰਦਰ ਰਹੇ, ਇਹ ਸੁਧਾਈ ਹੁੰਦੀ ਰਹੀ। ਬਾਅਦ ਵਿਚ ਇਕੱਲੀ ਬੀਬੀ ਨੇ ਪਾਠ ਕਰੀ ਜਾਣਾ ਸੀ, ਨਾ ਕੋਈ ਸੁਣਨ ਵਾਲਾ ਤੇ ਨਾ ਕੋਈ ਸ਼ੁੱਧ ਕਰਾਉਣ ਵਾਲਾ। ਮੈਂ ਬਾਹਰ ਆ ਕੇ ਸਾਥੀ ਸਿੰਘਾਂ ਨੂੰ ਕਿਹਾ, "ਇਸ ਬੀਬੀ ਨੂੰ ਜੇਕਰ ਪਾਠ ਕਰਨ ਦਾ ਅਭਿਆਸ ਨਹੀਂ, ਤਾਂ ਫਿਰ ਪਾਠ ਕਿਉਂ ਕਰ ਰਹੀ ਹੈ ?" ਉਸ ਸਿੰਘ ਨੇ ਕਿਹਾ, "ਇਹ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪਦ-ਛੇਦ ਵਾਲਾ ਨਹੀਂ ਹੈ।" ਇਹ ਜਾਣ ਕੇ ਮਨ ਦੁਖੀ ਹੋਇਆ ਕਿ ਇਹ ਭਰਮ ਕਿਉਂ ਕਿ ਗੁਰੂ ਗ੍ਰੰਥ ਸਾਹਿਬ ਦੇ ਪਦ-ਛੇਦ ਵਾਲੀ ਬੀੜ ਨੂੰ ਪ੍ਰਕਾਸ਼ ਨਹੀਂ ਕਰਨਾ, ਭਾਵੇਂ ਲੜੀਵਾਰ ਬੀੜ ਤੋਂ ਪਾਠ ਕਰਨ ਵਾਲਾ ਕੋਈ ਵਿਰਲਾ ਹੀ ਹੋਵੇ। ਇਸ ਤੋਂ ਵੱਡਾ ਦੁਖਾਂਤ ਇਹ ਹੈ ਕਿ ਪਿੱਛੇ ਜਿਹੇ ਕੈਨੇਡਾ ਦੇ ਇਕ ਸ਼ਹਿਰ ਵਿਚ ਕੁਝ ਵਿਅਕਤੀਆਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਕਿ ਉਹ ਬੀੜ ਪਦ-ਛੇਦ ਵਾਲੀ ਸੀ ਤਾਂ ਅਜੇਹੇ ਲੋਕਾਂ ਤੋਂ ਕੀ ਆਸ ਰੱਖੀਏ ?

ਵਹਿਮੀ ਲੋਕਾਂ ਨੂੰ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਪੁਰਾਣੇ ਸਮੇਂ ਸਮੂਹ ਪੰਜਾਬੀ ਲਿਖਤਾਂ ਪਦ-ਛੇਦ ਤੋਂ ਬਿਨਾਂ ਹੁੰਦੀਆਂ ਸਨ, ਸਿਰਫ਼ ਗੁਰਬਾਣੀ ਹੀ ਨਹੀਂ। ਪੁਰਾਤਨ ਲਿਖਣ ਢੰਗ ਹੀ ਅਜੇਹਾ ਸੀ। ਦੂਜਾ, ਜਿਥੋਂ ਤਕ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣਾ ਹੈ, ਇਹ ਸਾਡੀ ਸਤਿਕਾਰ ਕਰਨ ਦੀ ਪ੍ਰੰਪਰਾ ਹੈ, ਪਰ ਇਕੱਲੇ ਮੱਥਾ ਟੇਕਣ ਨੂੰ ਗੁਰੂ ਦਰਸ਼ਨ ਸਮਝ ਲੈਣਾ ਭੁੱਲ ਹੈ। ਇਸ ਦੇ ਸੰਬੰਧ 'ਚ ਪੰਥਕ ਰਹਿਤ ਮਰਯਾਦਾ ਅੰਦਰ ਅੰਕਿਤ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈਣਾ ਅਤੇ ਸੰਗਤ ਦੇ ਦਰਸ਼ਨ ਕਰਨੇ ਗੁਰੂ ਦਾ ਦਰਸ਼ਨ ਹੈ। ਅਰਦਾਸ ਅੰਦਰ ਵਿਸ਼ੇਸ਼ ਤੌਰ 'ਤੇ ਧਿਆਨ ਦੇਣ-ਵਾਲੀ ਗੱਲ ਹੈ, ਜਦੋਂ ਅਸੀਂ ਆਖਦੇ ਹਾਂ, "ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰਕੇ ਬੋਲੋ ਜੀ"... ਪਾਠ ਦੀਦਾਰ ਤੇ ਸ਼ਬਦ-ਵਿਚਾਰ ਇਕ ਹੀ ਅਰਥ ਰੱਖਦੇ ਹਨ।

ਸਾਲ 1985-86 ਦੌਰਾਨ, ਦਿੱਲੀ ਦੇ ਇਕ ਡੇਰੇ ਦਾ ਬਾਬਾ, ਗੁਰੂ ਗ੍ਰੰਥ ਸਾਹਿਬ ਜੀ ਦਾ ਹੱਥ-ਲਿਖਤ ਸਰੂਪ ਕੈਨੇਡਾ ਲਿਆਇਆ। ਵੈਨਕੂਵਰ ਦੇ ਇਕ ਸਵੈ-ਸਿਖਿਅਕ ਗ੍ਰੰਥੀ ਨੂੰ ਉਸ ਨੇ ਸਾਥੀ ਬਣਾ ਲਿਆ। ਉਨ੍ਹਾਂ ਨੇ ਉਸ ਹੱਥ-ਲਿਖਤ ਸਰੂਪ (ਬੀੜ) ਲਈ ਸ਼ਰਧਾਲੂਆਂ ਵਿਚ ਸ਼ਰਧਾ ਪੈਦਾ ਕੀਤੀ ਅਤੇ ਸ਼ਰਧਾਲੂਆਂ ਦੇ ਘਰਾਂ ਵਿਚ ਜਾ ਕੇ ਮਾਇਆ ਦੇ ਗੱਫੇ ਪ੍ਰਾਪਤ ਕੀਤੇ। ਸ਼ਾਇਦ ਲੋਕਾਂ ਨੂੰ ਪਤਾ ਨਹੀਂ ਕਿ ਛਾਪੇਖ਼ਾਨੇ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀਆਂ ਸਮੂਹ ਬੀੜਾਂ ਹੱਥ-ਲਿਖਤ ਹੀ ਹੁੰਦੀਆਂ ਸਨ। ਅੱਜ ਵੀ ਪੰਜਾਬ ਅਤੇ ਪੰਜਾਬ ਤੋਂ ਬਾਹਰ ਅਨੇਕਾਂ ਹੀ ਹੱਥ-ਲਿਖਤ ਬੀੜਾਂ ਉਪਲਬਧ ਹਨ, ਭਾਵੇਂ ਸਰਕਾਰ (ਕੇਂਦਰੀ) ਨੇ ਦਰਬਾਰ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਦੀਆਂ ਬਹੁਤ ਹੱਥ-ਲਿਖਤ ਬੀੜਾਂ ਅਤੇ ਹੋਰ ਇਤਿਹਾਸਕ ਪੁਸਤਕਾਂ ਨੂੰ ਧੱਕੇ ਨਾਲ ਚੁਰਾ ਲਿਆ। ਉਮੀਦ ਹੈ ਕਿ ਜੇ ਸਿੱਖ ਨੇਤਾ ਜਤਨ ਕਰਨ ਤਾਂ ਛੁਪਾਇਆ ਕੀਮਤੀ ਸਿੱਖ ਵਿਰਸਾ ਵਾਪਸ ਮਿਲ ਸਕਦਾ ਹੈ। ਕੇਂਦਰੀ ਸਰਕਾਰ ਨਾਲ ਅਕਾਲੀ ਨੇਤਾਵਾਂ ਦੀ ਭਾਈਬੰਦੀ ਵੀ ਰਹੀ ਹੈ। ਜੇ ਸਿੱਖ ਕੌਮ ਲਈ ਦਿਲੀ ਹਿੱਤ ਹੋਵੇਗਾ ਤਾਂ ਸਭ ਕੁਝ ਕਰ ਸਕਦੇ ਹਨ। ਸਰਕਾਰ ਨੂੰ ਹੋ ਸਕਦੈ ਕਿ ਇਹ ਵਹਿਮ ਵੀ ਹੋਵੇ ਕਿ ਸਿੱਖਾਂ ਦੇ ਇਤਿਹਾਸਕ ਸਰੋਤਾਂ ਜਾਂ ਪੁਰਾਤਨ ਹੱਥ-ਲਿਖਤ ਵਸਤੂਆਂ ਨੂੰ ਲਾਂਭੇ ਕਰਨ ਨਾਲ ਖ਼ਾਲਸਾ ਪੰਥ ਦੀ ਹੋਂਦ ਧੁੰਦਲੀ ਹੋ ਸਕਦੀ ਹੈ।

ਤਕਰੀਬਨ ਦੋ ਦਹਾਕੇ ਪਹਿਲਾਂ ਪੰਥਕ ਵਿਦਵਾਨਾਂ ਨੇ ਜਤਨ ਕੀਤਾ ਸੀ ਕਿ ਗੁਰਬਾਣੀ ਦੇ ਸ਼ੁੱਧ ਉਚਾਰਨ ਦੀ ਲਹਿਰ ਚਲਾਈ ਜਾਏ। ਉਹ ਕਾਫ਼ੀ ਹੱਦ ਤਕ ਸਫਲ ਵੀ ਹੋਏ। ਵਿਦਵਾਨਾਂ ਦੀ ਸੋਚ ਅਨੁਸਾਰ ਹਾਲਾਂ ਵੀ ਹੱਥ-ਲਿਖਤ ਬੀੜਾਂ ਅਤੇ ਛਾਪੇ ਵਾਲੀਆਂ ਬੀੜਾਂ ਅੰਦਰ ਲਗਾਂ-ਮਾਤਰਾਂ ਦੀ ਭਿੰਨਤਾ ਦੇਖਣ ਨੂੰ ਮਿਲਦੀ ਹੈ, ਜਿਸਦੀ ਸੋਧ ਕਰਨੀ ਜ਼ਰੂਰੀ ਹੈ। ਉਪਰੋਕਤ ਵਿਚਾਰ ਨਾਲ ਵਹਿਮੀ ਤੇ ਸਨਾਤਨੀ ਸਿੱਖਾਂ ਨੇ ਅਸਹਿਮਤੀ ਪ੍ਰਗਟਾਈ ਅਤੇ ਉਨ੍ਹਾਂ ਨੇ ਵਿਦਵਾਨਾਂ ਨੂੰ ਵਿਅੰਗਮਈ ਤਰੀਕੇ ਨਾਲ ਠਿੱਠ ਕਰਨ ਦਾ ਜਤਨ ਕੀਤਾ। "ਲਓ ਜੀ! ਦੇਖੋ ਸਾਡੇ ਵਿਦਵਾਨ ਆਖਦੇ ਹਨ, ਗੁਰੂ ਦੀ ਸੋਧ ਕਰਨੀ ਹੈ।" ਸਨਾਤਨੀ ਜਾਂ ਡੇਰੇਦਾਰਾਂ ਨੂੰ ਸਿੱਖੀ ਸਿਧਾਂਤਾਂ ਬਾਰੇ ਜ਼ਿਆਦਾ ਸਪੱਸ਼ਟਤਾ ਨਹੀਂ ਹੈ। ਜਾਪਦਾ ਹੈ ਕਿ ਇਹ ਲੋਕ ਉਨ੍ਹਾਂ ਦੇ ਹੀ ਜਾਨਸ਼ੀਨ ਹੋਣਗੇ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਪਦ-ਛੇਦ ਕਰਨ ਦੇ ਵਿਰੋਧ ਵਿਚ ਸਨ। ਬੇ-ਸਮਝੀ ਜਾਂ ਅਗਿਆਨਤਾ ਕਰ ਕੇ, ਇਹ ਲੋਕ ਲਗਾਂ-ਮਾਤਰਾਂ ਨੂੰ ਗੁਰੂ ਦੇ ਅੰਗ ਸਮਝਦੇ ਹਨ, ਤਾਹੀਓਂ ਛਾਪੇ ਵਾਲੀਆਂ ਬੀੜਾਂ ਦੀਆਂ ਲਗਾਂ-ਮਾਤਰਾਂ ਦੀ ਸੁਧਾਈ ਨੂੰ "ਗੁਰੂ ਦੀ ਸੋਧ ਕਰਨਾ" ਦੱਸ ਰਹੇ ਸਨ। ਕੁਝ ਲੋਕ, ਇਹ ਵੀ ਖ਼ਿਆਲ ਕਰਦੇ ਹਨ ਜਾਂ ਸੋਚਦੇ ਹਨ ਕਿ ਪਦ-ਛੇਦ ਕਰਨ ਨਾਲ ਬਾਣੀ ਦਾ ਪਾਠ ਅਸ਼ੁੱਧ ਹੋ ਰਿਹਾ ਹੈ ਕਿਉਂਕਿ ਪਦ-ਛੇਦ ਕਰਨ ਵਾਲਿਆਂ ਨੇ ਪਦ-ਛੇਦ ਕਰਨ ਸਮੇਂ ਗ਼ਲਤੀਆਂ ਕੀਤੀਆਂ ਹਨ।

ਉਪਰੋਕਤ ਦੋਸ਼ ਲਗਾਉਣਾ ਕਿ ਪਦ-ਛੇਦ ਕਰਨ ਸਮੇਂ ਗ਼ਲਤੀਆਂ ਹੋਈਆਂ ਹਨ, ਸਹੀ ਨਹੀਂ ਜਾਪਦਾ। ਹਾਂ, ਕੁਝ ਸ਼ਬਦ ਜੋੜਾਂ ਵਿਚ ਵਿਦਵਾਨ ਇਕ ਦੂਜੇ ਵਿਦਵਾਨ ਨਾਲ ਅਸਹਿਮਤ ਹੋ ਸਕਦੇ ਹਨ, ਪਰ ਬਿਨਾਂ ਕੋਈ ਕਾਰਨ ਊਜ ਲਗਾਉਣੀ

ਜੱਚਦਾ ਨਹੀਂ। ਜਿਨ੍ਹਾਂ ਵਿਦਵਾਨਾਂ ਨੇ ਪਦ-ਛੇਦ ਕੀਤਾ, ਉਹ ਸਰਬ-ਪੱਖੀ ਵਿਦਵਾਨ ਸਨ। ਉਨ੍ਹਾਂ ਨੂੰ ਗੁਰਬਾਣੀ ਵਿਆਕਰਣ ਦੀ ਸੂਝ ਸੀ। ਇਥੇ ਇਹ ਵੀ ਦੱਸਣਾ ਠੀਕ ਹੋਵੇਗਾ ਕਿ ਸ਼ੁੱਧ ਉਚਾਰਨ ਜਾਂ ਗੁਰਬਾਣੀ ਦੇ ਵਿਆਕਰਣ ਲਿਖਣ ਵਾਲੇ ਦੋਨੋਂ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਤੇ ਪ੍ਰੋਫ਼ੈਸਰ ਸਾਹਿਬ ਸਿੰਘ ਕਿਸੇ ਡੇਰੇ ਤੋਂ ਨਹੀਂ ਸਨ ਪੜ੍ਹੇ। ਅੱਜ ਜੋ ਗੁਰਬਾਣੀ-ਪ੍ਰਚਾਰ ਵਿਚ ਇਨਕਲਾਬ ਆਇਆ ਹੈ, ਇਨ੍ਹਾਂ ਮਹਾਨ ਸਿਦਕੀ ਤੇ ਉੱਚ ਜੀਵਨੀਏ ਵਿਦਵਾਨਾਂ ਦੀ ਦੇਣ ਹੈ। ਪੰਥ ਅੰਦਰ ਗੁਰਬਾਣੀ ਦੇ ਵਿਆਖਿਆਕਾਰ, ਕਥਾਕਾਰ ਤੇ ਗੁਰਮਤਿ ਸਾਹਿਤ ਦੇ ਲੇਖਕ ਇਨ੍ਹਾਂ ਹੀ ਵਿਦਵਾਨਾਂ ਦੇ ਟੀਕੇ ਪੜ੍ਹਦੇ ਹਨ, ਭਾਵੇਂ ਉਹ ਭਿੰਡਰਾਂ ਜਾਂ ਸੱਤੋ ਵਾਲੀ ਗਲੀ ਟਕਸਾਲ ਦੇ ਵਿਦਿਆਰਥੀ ਹੋਣ, ਕਿਉਂਕਿ ਗੁਰਬਾਣੀ ਨੂੰ ਸਮਝਣ ਤੇ ਸਮਝਾਉਣ ਲਈ ਅਸਲ ਗੁਰਮਤਿ ਸਾਹਿਤ ਰਚਨਹਾਰੇ ਪ੍ਰੋਫ਼ੈਸਰ ਸ਼੍ਰੇਣੀ ਦੇ ਵਿਦਵਾਨ ਹੀ ਹੋਏ ਹਨ। ਉਦਾਹਰਣ ਦੇ ਤੌਰ 'ਤੇ ਪ੍ਰੋਫ਼ੈਸਰ ਤੇਜਾ ਸਿੰਘ, ਪ੍ਰੋਫ਼ੈਸਰ ਸਾਹਿਬ ਸਿੰਘ, ਪ੍ਰੋਫ਼ੈਸਰ ਬਾਵਾ ਹਰਿਕਿਸ਼ਨ ਸਿੰਘ, ਪ੍ਰੋਫ਼ੈਸਰ ਗੁਰਬਚਨ ਸਿੰਘ ਤਾਲਿਬ, ਡਾਕਟਰ ਗੋਪਾਲ ਸਿੰਘ ਸਭ ਨੇ ਅੰਗਰੇਜ਼ੀ ਤੇ ਪੰਜਾਬੀ ਵਿਚ ਗੁਰਮਤਿ ਸਾਹਿਤ ਰਚਿਆ।

ਆਖ਼ਰ ਵਿਚ ਸਮੂਹ ਸ਼ਰਧਾਲੂ ਵੀਰਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸਾਡਾ ਗੁਰੂ, ਗੁਰੂ ਗ੍ਰੰਥ ਤੇ ਗੁਰੂ-ਪੰਥ ਹੈ। ਰਹਿਤ ਮਰਯਾਦਾ ਅੰਦਰ ਲਿਖੇ ਸ਼ਬਦਾਂ ਨੂੰ ਪ੍ਰਗਟਾਉਣਾ ਲਾਹੇਵੰਦ ਹੋਵੇਗਾ, "**ਗੁਰੂ ਪੰਥ ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ-ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।**" (ਪੰਨਾ 23, ਐਡੀਸ਼ਨ ਫ਼ਰਵਰੀ, 1995) ਪੰਥ ਦੇ ਕੁਝ ਵਿਦਵਾਨ ਇਸ ਗੱਲ 'ਤੇ ਦ੍ਰਿੜ੍ਹ ਹਨ ਕਿ ਗੁਰੂ ਸਾਹਿਬ ਨੇ ਗੁਰਿਆਈ ਗੁਰੂ ਖ਼ਾਲਸਾ ਪੰਥ ਨੂੰ ਸੌਂਪੀ, ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਭਾਈ ਅਰਦਮਨ ਸਿੰਘ ਜੀ ਬਾਗੜੀਆਂ ਸਨ। ਇਥੇ ਇਸ ਵਿਸ਼ੇ 'ਤੇ ਚਰਚਾ ਕਰਨਾ ਸਾਡਾ ਮੰਤਵ ਨਹੀਂ, ਮੁਖ ਮੰਤਵ ਇਹੀ ਹੈ ਕਿ ਕੌਮ ਅੰਦਰ ਕੁਰਬਾਨੀ, ਸੇਵਾ ਤੇ ਸਿੱਖ ਸਿੱਧਾਂਤਾਂ ਦਾ ਪ੍ਰਚਾਰ ਕੀਤਾ ਜਾਏ। ਅਜੇਹੇ ਨਵੇਂ ਵਹਿਮਾਂ ਤੋਂ ਉੱਪਰ ਉੱਠਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਪਦ-ਛੇਦ ਵਾਲੀ ਜਾਂ ਬਿਨਾਂ ਪਦ-ਛੇਦ ਵਾਲੀ ਪ੍ਰਕਾਸ਼ ਕੀਤੀ ਜਾਏ। ਇਸ 'ਤੇ ਭਰਮ ਨਹੀਂ ਕਰਨਾ। ਸਾਡਾ ਮੁੱਖ ਮੰਤਵ ਗੁਰਬਾਣੀ ਦੇ ਸੰਦੇਸ਼ ਨੂੰ ਸਮਝ ਕੇ ਉਸ 'ਤੇ ਅਮਲ ਕਰਨਾ ਹੈ। ਸਾਡੀ ਅਰਦਾਸ ਹਮੇਸ਼ਾ ਅਕਾਲ ਪੁਰਖ ਵਾਹਿਗੁਰੂ ਅੱਗੇ ਹੁੰਦੀ ਹੈ ਅਤੇ ਅਸੀਂ ਨਿਰੰਕਾਰ ਦੇ ਪੁਜਾਰੀ ਹਾਂ। ਸਾਡਾ ਤ੍ਰੈ-ਨੁਕਤਾ ਸਿੱਧਾਂਤ ਬਹੁਤ ਸਪੱਸ਼ਟ ਹੈ:

ਪੂਜਾ ਅਕਾਲ ਕੀ,
ਪਰਚਾ ਸ਼ਬਦ ਦਾ,
ਦੀਦਾਰ ਖ਼ਾਲਸੇ ਦਾ।

# ਪ੍ਰਗਟ ਗੁਰਾਂ ਕੀ ਦੇਹ ?

ਇਕੇਰਾਂ ਇਕ ਵਿਦਵਾਨ (ਗੁਰੂ ਘਰ ਦੇ ਵਜ਼ੀਰ) ਕਥਾ ਕਰ ਰਹੇ ਸਨ। ਉਨ੍ਹਾਂ ਦੀ ਕਥਾ ਦਾ ਤੱਤ ਸਾਰ 'ਸ਼ਬਦ-ਗੁਰੂ' ਦੇ ਸੰਬੰਧ ਵਿਚ ਸੀ। ਇਸ਼ਾਰੇ ਮਾਤਰ ਇਕ ਪ੍ਰਚਲਿਤ ਵਹਿਮ ਦਾ ਉਲੇਖ ਕਰਦਿਆਂ, ਉਨ੍ਹਾਂ ਦ੍ਰਿੜਤਾ ਨਾਲ ਆਖ ਹੀ ਦਿੱਤਾ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਗੁਰੂ ਦਾ ਸਰੀਰ ਇੰਜ ਸਮਝਣ ਲੱਗ ਪਏ ਹਾਂ ਜਿਵੇਂ ਆਮ ਮਨੁੱਖਾਂ ਦੇ ਸਰੀਰ। ਇਸ ਭੁਲੇਖੇ ਦੇ ਸ਼ਿਕਾਰ ਹੋਏ, ਅਸੀਂ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਕਰਨ ਦੀਆਂ ਨਵੀਆਂ ਹੀ ਪਿਰਤਾਂ ਚਾਲੂ ਕਰ ਦਿੱਤੀਆਂ ਹਨ। ਜਿਵੇਂ ਗੁਰੂ ਗ੍ਰੰਥ ਸਾਹਿਬ ਦੇ ਸੁੱਖ-ਆਸਣ ਵਾਲੀ ਥਾਂ ਵਿਸ਼ੇਸ਼ ਪਲੰਘ ਸਜਾਏ ਜਾਂਦੇ ਹਨ ਅਤੇ ਉਨ੍ਹਾਂ ਪਲੰਘਾਂ ਉੱਪਰ ਸਿਰਹਾਣੇ ਵੀ ਰੱਖੇ ਜਾਂਦੇ ਹਨ। ਪਲੰਘਾਂ ਉੱਪਰ ਸਿਰਹਾਣੇ ਇਸ ਲਈ ਰੱਖੇ ਜਾਂਦੇ ਹਨ, ਜਿਵੇਂ ਆਮ ਮਨੁੱਖਾਂ ਨੂੰ ਸੌਣ ਸਮੇਂ ਸਿਰ ਦੇ ਆਰਾਮ ਲਈ ਜ਼ਰੂਰੀ ਹੁੰਦੇ ਹਨ।

ਇਸ ਕਥਾ ਦੀ ਖ਼ੂਬ ਚਰਚਾ ਹੋਈ ਅਤੇ ਉਪਰੋਕਤ ਕਹੀ ਗੱਲ ਨੂੰ ਵਿਵਾਦਗ੍ਰਸਤ ਬਣਾ ਦਿੱਤਾ ਗਿਆ। ਗੁਰਦੁਆਰਾ ਕਮੇਟੀ ਕੋਲ ਭਾਈ ਸਾਹਿਬ ਦੀ ਵਿਸ਼ੇਸ਼ ਸ਼ਿਕਾਇਤ ਲਾਈ ਗਈ। ਕਮੇਟੀ ਨੇ ਕਥਾ ਦੀ ਭਾਵਨਾ ਬਾਰੇ ਪੁੱਛ-ਗਿੱਛ ਕੀਤੀ। ਰੱਬੀ ਸ਼ੁਕਰ ਹੈ ਕਿ ਕਮੇਟੀ ਵਿਚ ਪੜ੍ਹੇ-ਲਿਖੇ ਸੱਜਣ ਸਨ, ਜਿਨ੍ਹਾਂ ਨੂੰ ਗੁਰਮਤਿ ਦੀ ਸੂਝ ਸੀ, ਨਹੀਂ ਤਾਂ ਸਨਾਤਨੀ ਸਿੱਖਾਂ ਨੇ ਵਿਦਵਾਨ ਭਾਈ ਸਾਹਿਬ ਦੀ ਛੁੱਟੀ ਕਰਾ ਕੇ ਹੀ ਦਮ ਲੈਣਾ ਸੀ।

ਇਕ ਵੀਰ ਨੇ ਮੈਨੂੰ ਅਨੋਖੀ ਹੀ ਗੱਲ ਦੱਸੀ ਕਿ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਇਕ ਗ੍ਰੰਥੀ ਨੇ ਰੈਣ-ਸਬਾਈ ਕੀਰਤਨ ਤੋਂ ਪਿੱਛੋਂ ਗੁਰੂ ਗ੍ਰੰਥ ਸਾਹਿਬ ਦਾ ਸੁੱਖ-ਆਸਣ ਕਰ ਦਿੱਤਾ ਤੇ ਹੋਰ ਬੀੜ ਲਿਆ ਕੇ ਪ੍ਰਕਾਸ਼ ਕਰ ਦਿੱਤੀ। ਚਲੋ, ਇਹ ਤਾਂ ਬਾਰਾਂ ਘੰਟੇ ਹੀ ਪ੍ਰਕਾਸ਼ ਹੋਇਆ, ਜਦੋਂ ਅਖੰਡ ਪਾਠ 48 ਘੰਟੇ ਲਗਾਤਾਰ ਚੱਲਦਾ ਹੈ, ਕੀ ਗੁਰੂ ਗ੍ਰੰਥ ਸਾਹਿਬ ਨੂੰ ਉਸ ਸਮੇਂ ਥਕਾਵਟ ਨਹੀਂ ਹੁੰਦੀ ? ਖ਼ਾਲਸਾ ਪੰਥ ਦੀ ਸਾਜਣਾ ਨੂੰ 300 ਸਾਲ ਹੋ ਗਏ, ਪਰ ਅਫ਼ਸੋਸ ! ਸਾਨੂੰ ਤਾਂ ਇਹ ਨਹੀਂ ਪਤਾ ਲੱਗਾ ਕਿ ਸਾਡਾ ਗੁਰੂ ਕੀ ਹੈ, ਗੁਰੂ ਕੌਣ ਹੈ ? ਗੁਰੂ ਸੇਵਾ ਕਿਵੇਂ ਹੁੰਦੀ ਹੈ ?

ਸਾਲ 1973 ਵਿਚ ਗਰਮੀ ਦੇ ਦਿਨਾਂ ਵਿਚ ਲੁਧਿਆਣੇ ਸ਼ਹਿਰ ਦੇ ਇਕ ਵਕੀਲ ਦੋਸਤ ਪਾਸ ਦੁਪਹਿਰਾ ਕੱਟਣਾ ਸੀ। ਮੈਂ ਸੁਭਾਵਕ ਹੀ ਪੁੱਛ ਲਿਆ, "ਯਾਰ, ਤੁਸੀਂ ਏਅਰ ਕੰਡੀਸ਼ਨਰ ਨਹੀਂ ਲਗਾਇਆ ?" ਉਸਦਾ ਉੱਤਰ ਸੀ, "ਹੈ, ਪਰ ਇਕ ਕਮਰੇ ਵਿਚ ਹੀ ਹੈ।" ਮੈਂ ਆਖਿਆ, "ਉਸ ਕਮਰੇ ਵਿਚ ਚਲੇ ਜਾਂਦੇ ਹਾਂ।" "ਨਹੀਂ ਯਾਰ,

ਉਥੇ ਨਹੀਂ ਜਾਣਾ, ਉਥੇ ਬਾਬਾ ਜੀ ਹਨ।" ਮੈਂ ਕਿਹਾ, "ਫਿਰ ਕੀ ਹੋ ਗਿਆ, ਜੇ ਬਾਬਾ ਜੀ ਹਨ।" "ਨਹੀਂ ਯਾਰ, ਤੂੰ ਸਮਝਿਆ ਨਹੀਂ, ਉਥੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹਨ।" ਮੈਨੂੰ ਵੀ ਕੋਈ ਗੁਰਮਤਿ ਦੀ ਇਤਨੀ ਸੋਝੀ ਨਹੀਂ ਸੀ ਪਰ ਮੈਂ ਵਿਅੰਗਮਈ ਅੰਦਾਜ਼ ਵਿਚ ਕਿਹਾ, "ਠੀਕ ਨਹੀਂ ਯਾਰ, ਤੁਸੀਂ ਪੜ੍ਹੇ-ਲਿਖੇ ਪਰਿਵਾਰ, ਪਰ ਤੁਹਾਡੀ ਸੋਚ ਮੈਨੂੰ ਪੱਛੜੀ ਲੱਗਦੀ ਹੈ।"

ਅੱਜ ਸਾਧਾਰਨ ਬੁੱਧੀ ਵਾਲੇ ਲੋਕ ਜੇਕਰ ਗੁਰਮਤਿ ਦੀ ਸੂਝ ਨਹੀਂ ਰੱਖਦੇ ਤਾਂ ਸਾਨੂੰ ਰੋਸ ਨਹੀਂ, ਪਰ ਜੋ ਕੌਮ ਦੀ ਜਥੇਦਾਰੀ ਵੀ ਆਪਣੇ ਹੱਥ ਰੱਖਣੀ ਚਾਹੁੰਦੇ ਹੋਣ ਤੇ ਉੱਚ ਵਿਦਿਆ ਦੀਆਂ ਸਨਦਾਂ ਕੰਧਾਂ 'ਤੇ ਫਰੇਮ ਕਰ ਕੇ ਟੰਗੀਆਂ ਹੋਣ, ਪਰ ਗੁਰਮਤਿ ਦੇ ਠੀਕ ਸਿੱਧਾਂਤਾਂ ਤੋਂ ਕੋਹਾਂ ਦੂਰ ਹਨ, ਤਾਂ ਕੌਮ ਦਾ ਬਚਾਓ ਕਿਵੇਂ ਹੋਵੇਗਾ?

# ਗੁਰੂ ਗ੍ਰੰਥ ਸਾਹਿਬ ਦਾ ਸਰੂਪ ਇਕ ਥਾਂ ਤੋਂ ਦੂਜੀ ਥਾਂ ਲੈ ਜਾਣ ਸਮੇਂ...

ਸਾਲ 1984-85 ਦੀ ਗੱਲ ਹੈ, ਮੈਨੂੰ ਯੂ.ਐਸ.ਏ. ਦੇ ਇਕ ਸ਼ਹਿਰ ਵਿਚ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ, ਜਿਥੇ ਇਕ ਜੀਊੜਾ ਗੁਰਦੁਆਰਾ ਸਾਹਿਬ ਦੇ ਬਤੌਰ ਗ੍ਰੰਥੀ ਸਿੰਘ ਦੀ ਸੇਵਾ ਨਿਭਾ ਰਹੇ ਸਨ ਅਤੇ ਨਾਲ ਹੀ ਉਨ੍ਹਾਂ ਦੀ ਸਿੰਘਣੀ ਸੀ। ਉਨ੍ਹਾਂ ਨੇ ਨਿਯਤ ਪ੍ਰੋਗਰਾਮ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਕਿਸੇ ਦੇ ਘਰ ਲੈ ਕੇ ਜਾਣਾ ਸੀ। ਭਾਈ ਸਾਹਿਬ ਹੋਰਾਂ ਆਪਣੀ ਸਿੰਘਣੀ ਨੂੰ ਕਿਹਾ ਕਿ ਕੋਈ ਪਾਣੀ ਛਿੜਕਣ ਵਾਲਾ ਚਾਹੀਦਾ ਹੈ ਤਾਂ ਜੋ ਸਵਾਰੀ ਅੱਗੇ ਪਾਣੀ ਛਿੜਕਿਆ ਜਾਵੇ। ਉਨ੍ਹਾਂ ਦੀ ਧਰਮ-ਪਤਨੀ ਨੇ ਕਿਹਾ, "ਮੈਂ ਉਹ ਕਾਰਜ ਕਰ ਦਿੱਤਾ ਹੈ।" ਉਨ੍ਹਾਂ ਨੇ ਪੁੱਛਿਆ ਕਿਵੇਂ ? "ਜਿਥੋਂ ਦੀ ਆਪਾਂ ਸਵਾਰੀ ਲੈ ਕੇ ਜਾਵਾਂਗੇ, ਉਸ ਰਾਹ 'ਤੇ ਮੈਂ ਪਾਣੀ ਛਿੜਕ ਆਈ ਹਾਂ।" "ਇੰਜ ਨਹੀਂ ਕਰੀਦਾ," ਭਾਈ ਸਾਹਿਬ ਨੇ ਕਿਹਾ। ਕੋਲ ਬੈਠਿਆਂ ਮੇਰੇ ਪਾਸੋਂ ਕਿਹਾ ਗਿਆ, "ਭਾਈ ਸਾਹਿਬ ਜੀ, ਜੋ ਭੈਣ ਜੀ ਨੇ ਕੀਤਾ, ਉਹ ਠੀਕ ਕੀਤਾ ਹੈ, ਜੋ ਉਨ੍ਹਾਂ ਦੀ ਭਾਵਨਾ ਗਰਦ ਜਾਂ ਘੱਟਾ ਦਬਾਉਣ ਦੀ ਸੀ।" ਇਹ ਪਾਣੀ ਛਿੜਕਣਾ, ਰਾਹ ਸਾਫ਼ ਕਰਨਾ, ਉਨ੍ਹਾਂ ਸਮਿਆਂ ਦੀ ਲੋੜ ਸੀ, ਜਦੋਂ ਰਾਹ ਕੱਚੇ ਹੁੰਦੇ ਸਨ ਅਤੇ ਗਰਦ-ਘੱਟਾ ਆਮ ਉੱਡਦਾ ਸੀ। ਅੱਜ ਵੀ ਅਜੇਹੀ ਪ੍ਰੰਪਰਾ ਦਾ ਸਾਕਾਰ ਰੂਪ ਦੇਖਣ ਨੂੰ ਮਿਲਦਾ ਹੈ, ਜਦੋਂ ਕਿਤੇ ਮੰਤਰੀ ਨੇ ਆਉਣਾ ਹੋਵੇ ਜਾਂ ਕਿਸੇ ਮੁਖ ਮਹਿਮਾਨ ਦੇ ਆਗਮਨ 'ਤੇ ਸਜਾਵਟ ਕਰਨੀ ਹੋਵੇ। ਆਖ਼ਰ ਭਾਈ ਸਾਹਿਬ ਨੇ ਇਹ ਮੰਨਿਆ ਕਿ ਤੁਪਕਾ ਤੁਪਕਾ ਪਾਣੀ ਛਿੜਕਣਾ ਵਹਿਮ ਤੇ ਭਰਮ ਅਧੀਨ ਹੀ ਹੋ ਰਿਹਾ ਹੈ।

ਇਕ ਹੋਰ ਅੱਖੀਂ ਡਿੱਠੀ ਝਾਕੀ ਦੀ ਸਾਂਝ ਕਰਾਂਗਾ। ਵੈਨਕੂਵਰ ਦੇ ਇਕ ਗੁਰਦੁਆਰਾ ਸਾਹਿਬ ਅਸੀਂ ਗੁਰਮਤਿ ਸਾਹਿਤ ਦਾ ਸਟਾਲ ਲਗਾ ਰਹੇ ਸਾਂ ਪਰ ਮੀਂਹ ਤੋਂ ਡਰਦੇ ਸਟਾਲ ਬੰਦ ਕਰ ਦਿੱਤਾ। ਉਸ ਸਮੇਂ ਇਕ ਪਰਿਵਾਰ ਆਪਣੇ ਗ੍ਰਹਿ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਲੈ ਕੇ ਜਾ ਰਹੇ ਸਨ। ਇਕ ਵੀਰ ਨੇ ਸਿਰ 'ਤੇ ਸਰੂਪ ਨੂੰ ਰੱਖਿਆ ਹੋਇਆ ਸੀ ਤੇ ਦੂਜਾ ਉਸ ਨੂੰ ਆਖ ਰਿਹਾ ਸੀ ਕਿ ਤੁਰ ਪਵੋ! ਇਕ ਭਾਈ ਨੇ ਸਰੂਪ ਉੱਪਰ ਛਤਰੀ ਵੀ ਤਾਣੀ ਹੋਈ ਸੀ, ਕਿਉਂਕਿ ਕਦੀ ਕਦੀ ਕਣੀ ਡਿਗਦੀ ਸੀ। ਪਰ ਸਾਰਾ ਜੱਥਾ ਪਾਣੀ ਵਾਲੇ ਭਾਈ ਦੀ ਉਡੀਕ ਕਰ ਰਿਹਾ ਸੀ ਤਾਂ ਜੋ ਸਵਾਰੀ ਦੇ ਅੱਗੇ ਅੱਗੇ ਤੁਪਕਾ ਤੁਪਕਾ ਪਾਣੀ ਛਿੜਕਿਆ ਜਾਵੇ। ਸ਼ਾਇਦ ਇੰਦਰ ਦੇਵਤੇ

ਦਾ ਪਾਣੀ ਪਵਿੱਤਰ ਨਹੀਂ ਸੀ। ਅਜੇਹੀ ਸੋਚ ਜਾਂ ਵਹਿਮ ਮਨਾਂ ਤੋਂ ਕਦ ਕੱਢਾਂਗੇ। ਇਹ ਪਵਿੱਤਰਤਾ ਨਹੀਂ, ਧਾਰਮਕ ਸੰਸਕਾਰ ਨਹੀਂ, ਪਰ ਅਜੇਹਿਆਂ ਵਹਿਮਾਂ-ਭਰਮਾਂ ਅਨੁਸਾਰ ਕਰਮ ਕਰਨੇ ਮੂਰਖਤਾ ਦਾ ਪ੍ਰਗਟਾਵਾ ਹੈ।

## ਕੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਲੈ ਜਾਣ ਸਮੇਂ ਜੁੱਤੀ ਲਾਹ ਕੇ ਨੰਗੇ ਪੈਰੀਂ ਜਾਣਾ ਜ਼ਰੂਰੀ ਹੈ ?

ਸਾਲ 1979 ਵਿਚ ਵੈਨਕੂਵਰ, ਬੀ.ਸੀ. ਵਿਖੇ ਗੁਰੂ ਅਮਰਦਾਸ ਜੀ ਦਾ ਪੰਜ ਸੌ ਸਾਲਾ ਪੁਰਬ ਮਨਾਇਆ ਗਿਆ। ਵੈਨਕੂਵਰ ਸ਼ਹਿਰ 'ਚ ਇਹ ਪਹਿਲਾ ਨਗਰ ਕੀਰਤਨ ਆਯੋਜਿਤ ਹੋਇਆ ਸੀ। ਨਗਰ ਕੀਰਤਨ ਵਿਚ ਪੰਜ ਪਿਆਰੇ, ਪੰਜ ਨਿਸ਼ਾਨ ਸਾਹਿਬ ਵਾਲੇ ਸਿੰਘ ਸਨ ਅਤੇ ਸਾਰਿਆਂ ਨੇ ਕੱਪੜੇ ਦੇ ਬੂਟ ਪਾਏ ਹੋਏ ਸਨ, ਕਿਉਂਕਿ ਰਸਤੇ ਵਿਚ ਸੜਕਾਂ 'ਤੇ ਟੁੱਟਿਆ ਕੱਚ ਤੇ ਸਿਗਰਟਾਂ ਦੇ ਟੋਟੇ ਆਮ ਹੁੰਦੇ ਸਨ। ਕੁਝ ਵਹਿਮੀ ਸਿੰਘਾਂ ਨੇ ਜਦ ਸਿੰਘਾਂ ਦੇ ਰਬੜ ਤੇ ਕੱਪੜਿਆਂ ਦੇ ਬੂਟ ਪਾਏ ਦੇਖੇ ਤਾਂ ਸ਼ਾਇਦ ਉਨ੍ਹਾਂ ਨੂੰ ਲੱਗਿਆ ਕਿ ਕਿਤੇ ਨਗਰ ਕੀਰਤਨ ਦਾ ਮਹਾਤਮ ਹੀ ਨਾ ਖ਼ਤਮ ਹੋ ਜਾਏ। ਉਨ੍ਹਾਂ ਨੇ ਪ੍ਰਬੰਧਕਾਂ ਤੋਂ ਪੁੱਛੇ ਬਿਨਾਂ ਬਦੋਬਦੀ ਉਨ੍ਹਾਂ ਸਿੰਘਾਂ ਦੇ ਪੈਰਾਂ ਤੋਂ ਫੁਰਤੀ ਨਾਲ ਬੂਟ ਲਾਹ ਦਿੱਤੇ। ਉਸ ਸਮੇਂ ਥੋੜੀ ਥੋੜੀ ਸਰਦੀ ਵੀ ਸੀ। ਜਿਸ ਕਾਰਨ ਇਕ ਸਿੰਘ ਨੂੰ ਠੰਢ ਲੱਗ ਗਈ ਤੇ ਸਾਈਨਸ ਇਨਫੈਕਸ਼ਨ ਹੋ ਗਈ, ਉਹ ਇਕ ਮਹੀਨਾ ਕੰਮ 'ਤੇ ਜਾਣ ਤੋਂ ਅਸਮਰਥ ਹੋ ਗਿਆ। ਉਸ ਪਿੱਛੋਂ ਪ੍ਰਬੰਧਕਾਂ ਨੇ ਮਹਿਸੂਸ ਕੀਤਾ ਕਿ ਸਿੰਘਾਂ ਦੇ ਬੂਟ ਜ਼ਰੂਰੀ ਹਨ। ਉਨ੍ਹਾਂ ਨੇ ਖ਼ੁਦ ਅਨੇਕਾਂ ਥਾਵਾਂ 'ਤੇ ਕੱਚ (ਬਰੀਕ) ਤੇ ਸਿਗਰਟਾਂ ਦੇ ਟੋਟੇ ਡਿੱਗੇ ਦੇਖੇ। ਕੁਝ ਸਾਲ ਪੰਜਾਂ ਪਿਆਰਿਆਂ ਤੇ ਨਿਸ਼ਾਨ ਸਾਹਿਬ ਲੈ ਕੇ ਤੁਰਨ ਵਾਲਿਆਂ ਲਈ ਪੈਰੀਂ ਬੂਟ ਪਾਉਣ ਦੀ ਖੁੱਲ੍ਹ ਰਹੀ ਪਰ ਛੇਤੀ ਹੀ ਕਰਮ-ਕਾਂਡੀ ਤੇ ਵਹਿਮੀ ਸਿੱਖਾਂ ਲਈ ਨੰਗੇ ਪੈਰੀਂ ਤੁਰਨ ਨੂੰ ਧਰਮ-ਕਰਮ ਸਮਝਿਆ ਜਾਣ ਲੱਗ ਪਿਆ।

ਰਹਿਤ ਮਰਯਾਦਾ ਅੰਦਰ ਲਿਖਿਆ ਹੋਇਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਇਕ ਥਾਂ ਤੋਂ ਦੂਜੀ ਥਾਂ ਲੈ ਕੇ ਜਾਣੀ ਹੋਵੇ... ਜੇ ਜੁੱਤੀ ਵੀ ਪਾਉਣੀ ਪਵੇ ਤਾਂ ਭਰਮ ਨਹੀਂ ਕਰਨਾ। ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ:

> "ਪ੍ਰੇਮੀ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਰ 'ਤੇ ਰੱਖ ਕੇ ਸਫ਼ਰ ਕਰਦੇ ਹੋਏ ਜੁੱਤੀ ਉਤਾਰ ਕੇ ਨੰਗੇ ਪੈਰੀਂ ਜਾਂਦੇ ਹਨ ਅਰ ਚੌਰ ਕਰਨ ਵਾਲਾ ਅਤੇ ਕੀਰਤਨੀਏ ਸਿੱਖ ਵੀ ਜੁੱਤੀ ਉਤਾਰ ਦਿੰਦੇ ਹਨ, ਪਰ ਇਹ ਅਵਿਦਯਾ ਅਤੇ ਭਰਮ ਮੂਲਕ ਕਰਮ ਹੈ, ਰਸਤੇ ਵਿਚ ਜੁੱਤੀ ਉਤਾਰ ਕੇ ਜਾਣਾ ਯੋਗ ਨਹੀਂ, ਜੇ ਜੁੱਤੀ ਦੀ ਭਿੱਟ ਅਪਵਿੱਤਰਤਾ ਦਾ ਕਾਰਨ ਹੋ ਸਕਦੀ ਹੈ ਤਦ ਰਸਤੇ ਵਿਚ ਪਿਆ ਖੰਘਾਰ, ਕੁੱਤੇ ਆਦਿ ਜੀਵਾਂ ਦਾ ਮਲ-ਮੂਤਰ ਪੈਰਾਂ ਨੂੰ ਕਿਤਨਾ ਵਧ ਕੇ ਅਪਵਿੱਤਰ ਕਰ ਸਕਦਾ ਹੈ ? ਕੰਕਰ, ਕੰਡਾ ਆਦਿ ਪੈਰਾਂ ਨੂੰ ਦੁਖ ਦਾ ਕਾਰਨ ਹੁੰਦੇ ਹਨ। ਜੋ ਗੁਰੂ ਸਾਹਿਬ ਦੀ ਅੜਦਲ ਵਿਚ ਸਿੱਖ ਚੱਲਦੇ ਸਨ, ਉਹ ਨਗਨ ਚਰਨ ਨਹੀਂ ਹੋਇਆ ਕਰਦੇ ਸਨ।" *(ਗੁਰਮਤਿ ਮਾਰਤੰਡ, ਪੰਨਾ 382)*

ਪੰਥ ਦੀ ਰਹਿਤ ਮਰਯਾਦਾ ਦੇ ਘਾੜਤ ਜਿਥੇ ਵਿਦਵਤਾ ਵਾਲੇ ਸਨ, ਉਥੇ ਉਹ ਦੂਰ-ਅੰਦੇਸ਼ੀ ਦੇ ਮਾਲਕ ਵੀ ਸਨ। ਉਨ੍ਹਾਂ ਨੇ ਸਮੂਹ ਲੋਕਾਂ ਦੀਆਂ ਭਾਵਨਾਵਾਂ ਨੂੰ ਅੱਗੇ ਰੱਖਿਆ। ਅੱਜ ਜੇ ਸੜਕਾਂ 'ਤੇ ਬਰਫ ਪਈ ਹੋਵੇ, ਜਾਂ ਤਾਪਮਾਨ ਮਾਈਨਸ 5 ਤੋਂ 30 ਹੋਵੇ, ਜਾਂ ਮੀਂਹ ਤੇ ਚਿੱਕੜ ਨਾਲ ਰਾਹ ਗੰਦੇ ਹੋਣ, ਜੇ ਅਸੀਂ ਫਿਰ ਵੀ ਨੰਗੇ ਪੈਰੀਂ ਰਹਿਣ ਨੂੰ ਪਵਿੱਤਰ ਕਰਮ ਸਮਝੀਏ ਜਾਂ ਜੁੱਤੀ ਨਾ ਪਾਉਣ ਦੀ ਜ਼ਿਦ ਕਰੀਏ, ਫਿਰ ਸਿੱਖਾਂ ਦਾ ਰੱਬ ਹੀ ਰਾਖਾ ਹੈ। ਧਰਮ ਦੀਆਂ ਪ੍ਰੰਪਰਾਵਾਂ ਜਾਂ ਧਰਮ ਦੇ ਸੰਸਕਾਰ ਧਰਮ ਦੀ ਪਹਿਚਾਣ ਹਨ, ਪਰ ਗੁਰਮਤਿ, ਅਜੇਹੀ ਅੰਨ੍ਹੀ ਸ਼ਰਧਾ ਅਧੀਨ ਬੇ-ਲੋੜੀਆਂ ਰਸਮਾਂ ਤੇ ਰੀਤਾਂ ਜੋ ਕਿ ਵਹਿਮੀ ਹੋ ਕੇ ਕੀਤੀਆਂ ਜਾਣ, ਨੂੰ ਪਰਵਾਨ ਨਹੀਂ ਕਰਦੀ।

# ਕੀ ਗੁਰੂ ਗ੍ਰੰਥ ਸਾਹਿਬ ਨੂੰ ਭੋਗ ਲੱਗਦਾ ਹੈ ?

ਅਸੀਂ ਪੰਥ-ਵਿਰੋਧੀ ਧਿਰਾਂ ਨੂੰ ਨਿੰਦਦੇ ਹਾਂ ਕਿ ਉਹ ਖ਼ਾਲਸਾ ਪੰਥ ਦੀ ਏਕਤਾ ਨੂੰ ਭੰਗ ਕਰਨ ਦਾ ਜਤਨ ਕਰਦੇ ਹਨ, ਪਰ ਅਸੀਂ ਆਪਣੇ ਆਪ ਨੂੰ ਦੋਸ਼-ਮੁਕਤ ਸਮਝਦੇ ਹਾਂ। ਸਾਲ 1995 ਵਿਚ ਕਿਸੇ ਪਰਿਵਾਰ ਦੇ ਕਹਿਣ 'ਤੇ ਸਾਨੂੰ ਭਿੰਡਰੀਂ ਕਿਰਪਾਨਾਂ ਲਿਆਉਣ ਲਈ ਜਾਣਾ ਪਿਆ। ਅਸੀਂ ਉਥੇ ਜਾ ਕੇ ਕਿਰਪਾਨਾਂ ਬਾਰੇ ਪੁੱਛ-ਗਿੱਛ ਕੀਤੀ ਅਤੇ ਖ਼ਾਹਿਸ਼ ਜ਼ਾਹਰ ਕੀਤੀ ਕਿ ਸਟੀਲ ਦੀ ਸਿਰੀ ਸਾਹਿਬ ਹੀ ਲੋੜੀਂਦੀ ਹੈ। ਅੱਗੋਂ ਸਾਨੂੰ ਕਿਹਾ ਗਿਆ ਕਿ 'ਸਰਬ-ਲੋਹ ਦੀ ਕਿਰਪਾਨ ਤੋਂ ਬਿਨਾਂ ਭੋਗ ਨਹੀਂ ਲੱਗਦਾ।' ਮੈਂ ਹੈਰਾਨ ਹੋ ਕੇ ਪੁੱਛਿਆ, "ਦੱਸੋ, ਕਿਉਂ ਨਹੀਂ ਲੱਗਦਾ ?" ਉਹ ਨਿਰਉੱਤਰ ਸਨ। ਇਸ ਸੰਬੰਧ ਵਿਚ ਉਨ੍ਹਾਂ ਵੀਰਾਂ ਨੇ ਗੁਰਮਤਿ ਪ੍ਰਤਿ ਸੂਝ ਨਾ ਹੋਣ ਕਾਰਨ ਕੋਈ ਵਿਚਾਰ-ਚਰਚਾ ਨਹੀਂ ਕੀਤੀ।

ਇਥੇ ਇਕ ਦ੍ਰਿਸ਼ਟਾਂਤ ਦੇਣਾ ਜ਼ਰੂਰੀ ਹੈ। ਇਕ ਡੇਰੇ ਦੇ ਬਾਬਾ ਜੀ ਦੇ ਹੱਥ ਕੰਬਣ ਲੱਗ ਪਏ ਅਤੇ ਸੇਵਕਾਂ ਨੇ ਨਾਲਾ ਖੋਲ੍ਹਣ ਤੇ ਕੱਸਣ ਦੀ ਤਕਲੀਫ਼ ਕਾਰਨ ਕਛਹਿਰੇ ਨੂੰ ਬਟਨ ਲਗਾ ਦਿੱਤੇ। ਹੌਲੀ ਹੌਲੀ ਡੇਰੇ ਦੇ ਸ਼ਰਧਾਲੂਆਂ ਨੇ ਵੀ ਕਛਹਿਰੇ ਨੂੰ ਬਟਨ ਲਾ ਲਏ, ਇਸ ਤਰ੍ਹਾਂ ਕਛਹਿਰੇ ਨੂੰ ਬਟਨ ਲਗਾਉਣ ਦੀ ਪਿਰਤ ਹੀ ਚਲਾ ਦਿੱਤੀ। ਜਦ ਕੋਈ ਪੁੱਛਦਾ ਕਿ ਤੁਸੀਂ ਕਛਹਿਰੇ ਨੂੰ ਬਟਨ ਕਿਉਂ ਲਗਾਉਂਦੇ ਹੋ, ਤਾਂ ਉਨ੍ਹਾਂ ਦਾ ਇਹੀ ਉੱਤਰ ਹੁੰਦਾ ਕਿ ਉਨ੍ਹਾਂ ਦੇ ਬਾਬਾ ਜੀ ਦੇ ਲੱਗੇ ਹੋਏ ਸਨ। ਬਸ, ਸਾਡਾ ਹਾਲ ਇਹੀ ਹੈ।

ਸਰੀ (ਬੀ.ਸੀ.) ਦੇ ਇਕ ਗੁਰੂ-ਘਰ ਦੇ ਵਜ਼ੀਰ ਨੂੰ ਦਾਸ ਪੁੱਛ ਬੈਠਾ ਕਿ ਤੁਸੀਂ ਅਰਦਾਸ ਵਿਚ 'ਸੀਤ ਪ੍ਰਸ਼ਾਦ' ਕਿਉਂ ਆਖਦੇ ਹੋ ਅਤੇ ਸੀਤ ਦੇ ਕੀ ਅਰਥ ਹਨ ? ਉਨ੍ਹਾਂ ਕਿਹਾ ਕਿ 'ਸੀਤ' ਦੇ ਅਰਥ ਸੀਤਲ ਹਨ ਅਤੇ ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਹਨ। ਮੈਂ ਉਨ੍ਹਾਂ ਨੂੰ ਨਿਮਰਤਾ ਸਹਿਤ ਦੱਸਿਆ ਕਿ ਭਾਈ ਕਾਨ੍ਹ ਸਿੰਘ ਸੀਤ ਦੇ ਅਰਥ ਜੂਠਾ ਲਿਖਦੇ ਹਨ। ਉਹ ਇਤਨਾ ਸੁਣਦੇ ਹੀ ਉਥੋਂ ਖਿਸਕ ਗਏ। ਸਾਨੂੰ ਪਤਾ ਲੱਗਿਆ ਕਿ ਵਜ਼ੀਰ ਦੀ ਉਥੇ ਕੋਈ ਮਰਜ਼ੀ ਨਹੀਂ ਸੀ, ਜੋ ਕੁਝ ਅਰਦਾਸ ਪ੍ਰਤਿ ਜਾਂ ਮਰਯਾਦਾ ਲਾਗੂ ਕਰਨ ਦੀ ਕੋਈ ਗੱਲ ਹੁੰਦੀ, ਉਹ ਪ੍ਰਬੰਧਕਾਂ ਦੀ ਸੋਚ ਅਨੁਸਾਰ ਹੁੰਦੀ ਸੀ। ਸਾਡੇ ਵੱਲੋਂ ਵਿਰੋਧੀ ਧਿਰਾਂ ਨੂੰ ਦੋਸ਼ੀ ਠਹਿਰਾਉਣਾ ਕੁਝ ਹੱਦ ਤਕ ਤਾਂ ਠੀਕ ਹੋ ਸਕਦਾ ਹੈ, ਪਰ ਜੇ ਅਸੀਂ ਆਖੀਏ ਕਿ ਅਰਦਾਸ 'ਚ ਸੀਤ (ਜੂਠਾ) ਪ੍ਰਸ਼ਾਦ ਆਖਣਾ, ਜਾਂ ਮਰਯਾਦਾ ਨੂੰ ਲਾਗੂ ਕਰਨਾ ਆਦਿ, ਇਹ ਸਾਡੇ ਆਪਣੇ ਵੱਸ

ਵੀ ਹੈ, ਜਾਂ ਇਸ ਬਾਰੇ ਭੁਲੇਖਾ ਵੀ ਹੋ ਸਕਦਾ ਹੈ, ਇਹ ਵੀ ਸੰਭਵ ਹੋ ਸਕਦਾ ਹੈ ਕਿ ਕਮੇਟੀ ਵਿਚ ਅਜੇਹੇ ਆਦਮੀ ਹੋਣ ਜੋ ਵਿਰੋਧੀ ਧਿਰਾਂ ਨਾਲ ਗੁਪਤ ਸੰਪਰਕ ਰੱਖਦੇ ਹੋਣ।

ਬਹੁਤ ਥਾਈਂ ਅਰਦਾਸ ਕਰਨ ਸਮੇਂ ਕਿਹਾ ਜਾਂਦਾ ਹੈ ਕਿ ਆਪ ਨੂੰ ਭੋਗ ਲੱਗੇ, ਜਾਂ ਆਪ ਪ੍ਰਸ਼ਾਦ ਛਕੋ, ਜਾਂ ਆਪ ਨੂੰ ਭੋਗ ਲੱਗੇ ਅਤੇ ਸੀਤ ਪ੍ਰਸ਼ਾਦ ਸੰਗਤ ਵਿਚ ਅਤੁੱਟ ਵਰਤੇ, ਜਾਂ ਗੁਰਬਾਣੀ ਦੀ ਪੰਗਤੀ 'ਹੁਣ ਲਾਵੈ ਭੋਗੁ ਹਰਿ ਰਾਏ' ਬੋਲੀ ਜਾਂਦੀ ਹੈ। ਜਿਵੇਂ ਪੁਜਾਰੀ ਸ਼੍ਰੇਣੀ ਨੇ ਧਰਮ ਦੇ ਬੁਰਕੇ ਵਿਚ ਅਗਿਆਨਤਾ-ਵੱਸ ਲੋਕਾਂ ਨੂੰ ਲੁੱਟਿਆ, ਹੁਣ ਦਾੜ੍ਹੀ ਕੇਸਾਂ ਵਾਲੇ ਬਿਪਰ (ਬ੍ਰਾਹਮਣ) ਬਣ ਰਹੇ ਹਨ। ਇਹ ਭੋਗ ਲਗਾਉਣ ਦੀ ਪ੍ਰਥਾ ਮੰਦਰਾਂ ਦੇ ਪੁਜਾਰੀਆਂ ਦੀ ਹੈ। ਉਹ ਸ਼ਰਧਾਲੂਆਂ ਪਾਸੋਂ ਖਾਣ-ਪੀਣ ਦੀਆਂ ਵਸਤੂਆਂ ਲੈ ਲੈਂਦਾ ਹੈ ਅਤੇ ਵਿਸ਼ਵਾਸ ਦਿਵਾਉਂਦਾ ਹੈ ਕਿ ਠਾਕੁਰ ਛਕਦੇ ਹਨ, ਪਰ ਛਕਦਾ ਉਹ ਆਪ ਹੈ। ਠਾਕੁਰ ਤਾਂ ਮੂਰਤੀ ਹੈ ਉਹ ਕੁਝ ਨਹੀਂ ਛਕ ਸਕਦਾ:

ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥ *(ਪੰਨਾ 479)*

ਠਾਕੁਰਾਂ ਨੂੰ ਭੋਗ ਲਗਾਉਣ ਵਾਲੀ ਪ੍ਰਥਾ ਸਾਡੇ ਕਿਵੇਂ ਪਰਵੇਸ਼ ਕਰ ਗਈ ? ਮੁੱਖ ਕਾਰਨ ਇਹੀ ਹੈ ਕਿ ਘੱਲੂਘਾਰਿਆਂ ਦੇ ਸਮੇਂ ਸਿੱਖਾਂ ਦੇ ਧਾਰਮਕ ਅਸਥਾਨ ਨਿਰਮਲੇ ਅਤੇ ਉਦਾਸੀ ਸੰਪਰਦਾਵਾਂ ਦੀ ਨਿਗਰਾਨੀ ਹੇਠ ਰਹੇ, ਜਿਥੇ ਉਨ੍ਹਾਂ ਨੇ ਬਿਪਰਨ-ਰੀਤਾਂ ਤੇ ਸੰਸਕਾਰਾਂ ਨੂੰ ਅਪਣਾਇਆ। ਪੇਂਡੂ ਲੋਕਾਂ ਨੇ ਹੌਲੀ ਹੌਲੀ ਇਨ੍ਹਾਂ ਰੀਤਾਂ ਨੂੰ ਗੁਰਮਤਿ ਦਾ ਅੰਗ ਸਮਝ ਲਿਆ। ਹੁਣ ਪੰਜਾਬ ਅੰਦਰ ਨਿਰਮਲੇ ਅਤੇ ਉਦਾਸੀ ਸੰਪਰਦਾਵਾਂ ਵਾਂਗ ਹਰ ਰੋਜ਼ ਨਵੇਂ ਡੇਰੇ ਖੁੰਬਾਂ ਵਾਂਗ ਜਨਮ ਲੈ ਰਹੇ ਹਨ। ਡੇਰੇ ਵਾਲਿਆਂ ਦੀ ਭੋਲੀ-ਭਾਲੀ ਲੋਕਾਈ ਅੰਦਰ ਦਾਲ ਗਲ ਰਹੀ ਹੈ। ਰਾਜਨੀਤਕ ਖੇਤਰ 'ਚ ਹਾਵੀ ਲੋਕ ਵੋਟਾਂ ਖ਼ਾਤਰ ਡੇਰਿਆਂ ਜਾਂ ਸਾਧਾਂ ਨਾਲ ਤਾਲ-ਮੇਲ ਰੱਖਦੇ ਹਨ। ਅੱਜ ਸਿੰਘ ਸਭਾਵਾਂ ਜਾਂ ਸਥਾਨਕ ਕਮੇਟੀਆਂ ਦੇ ਗੁਰਦੁਆਰਿਆਂ ਵਿਚ ਹੀ ਨਹੀਂ ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੀ ਇਨ੍ਹਾਂ ਰਾਜਨੀਤਕ ਲੋਕਾਂ ਦਾ ਬੋਲ-ਬਾਲਾ ਹੈ। ਰਹਿਤ ਮਰਯਾਦਾ ਨੂੰ ਨਾ ਮੰਨਣ ਵਾਲੇ ਪੰਜਾਬ ਦੇ ਕੇਵਲ ਡੇਰੇ ਵਾਲੇ ਹੀ ਨਹੀਂ, ਸਗੋਂ ਅਨੇਕਾਂ ਗੁਰਦੁਆਰਿਆਂ ਅੰਦਰ ਬਾਬਿਆਂ ਦਾ ਪ੍ਰਭਾਵ ਹੈ। ਕੁਝ ਸਾਲ ਪਹਿਲਾਂ ਸੰਤ-ਸਮਾਜ ਨੇ ਪੰਥਕ ਮਰਯਾਦਾ ਦੇ ਵਿਰੁੱਧ ਆਪਣੀ ਹੀ ਮਰਯਾਦਾ ਬਣਾ ਕੇ ਛਾਪ ਦਿੱਤੀ। ਇਥੇ ਕਿਹਾ ਜਾ ਸਕਦਾ ਹੈ ਕਿ ਅਜੇਹੀ ਮਰਯਾਦਾ ਬਨਾਉਣ ਜਾਂ ਸੰਤ-ਸਮਾਜ ਜਥੇਬੰਦੀ ਸਥਾਪਤ ਕਰਨ ਦੇ ਪਿੱਛੇ ਵਿਰੋਧੀ ਧਿਰਾਂ ਜਾਂ ਸਵਾਰਥੀ ਲੋਕਾਂ ਦਾ ਹੱਥ ਹੈ। ਭਾਵੇਂ ਕਈ ਥਾਵਾਂ 'ਤੇ ਲੋਕਾਂ ਅੰਦਰ ਜਾਗ੍ਰਿਤੀ ਆਈ ਹੈ ਅਤੇ ਸਾਧਾਂ ਸੰਤਾਂ ਪ੍ਰਤਿ ਸ਼ਰਧਾ ਘਟ ਰਹੀ ਹੈ, ਪਰ ਵਹਿਮ-ਪ੍ਰਸਤੀ ਪੂਰੀ ਤਰ੍ਹਾਂ ਅਲੋਪ ਹੋਣੀ ਅਸੰਭਵ ਹੈ।

**ਦੁਖ ਉਸ ਸਮੇਂ ਵੀ ਬਹੁਤ ਹੁੰਦਾ ਹੈ, ਜਦੋਂ ਤਖ਼ਤਾਂ ਦੇ ਜਥੇਦਾਰ ਡੇਰੇਦਾਰਾਂ ਦੀ ਤਾਜਪੋਸ਼ੀ ਜਾਂ ਉਨ੍ਹਾਂ ਦੇ ਜਾ-ਨਸ਼ੀਨਾਂ ਦੇ ਦਸਤਾਰ ਬੰਨ੍ਹਣ ਦੀ ਰਸਮ ਕਰਨ ਲਈ ਹਾਜ਼ਰ ਹੁੰਦੇ ਹਨ।**

ਪੰਥ ਦੀ ਪਰਵਾਨਿਤ ਮਰਯਾਦਾ ਇਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਕੜਾਹ ਪ੍ਰਸ਼ਾਦ ਹਾਜ਼ਰ ਹੋਵੇ ਅਤੇ ਅਰਦਾਸੀਆ ਕਹੇ, 'ਕੜਾਹ ਪ੍ਰਸ਼ਾਦਿ ਦੀ ਦੇਗ ਹਾਜ਼ਰ ਹੈ, ਪਰਵਾਨ ਹੋਵੇ।' ਅਰਦਾਸ ਪਿੱਛੋਂ ਹੁਕਮਨਾਮਾ ਲੈ ਕੇ ਪਰਵਾਨਗੀ ਲਈ ਕਿਰਪਾਨ ਭੇਟ ਕੀਤੀ ਜਾਵੇ। ਜੇ ਮੰਦਰ ਦੇ ਪੁਜਾਰੀ ਵਾਂਗ 'ਭੋਗ ਲਾਓ' ਆਖਣਾ ਹੈ, ਤਾਂ ਸਾਡੀ ਵਿਲੱਖਣਤਾ ਕਿਵੇਂ ? ਬਹੁਤ ਥਾਈਂ ਪ੍ਰਬੰਧਕ ਹੱਠ ਕਰਨ ਵਾਲੇ ਅਤੇ ਉਪ੍ਰੰਤ ਦੇਖਾ-ਦੇਖੀ ਵਾਲੇ ਹੀ ਹਨ, ਜਿਵੇਂ ਕਛਹਿਰੇ ਦੇ ਬਟਨਾਂ ਵਾਂਗੂ ਕਾਰਨ ਨਹੀਂ ਜਾਣਨਾ, ਓਹੀ ਹਾਲ ਸਾਡਾ ਹੈ। ਕਿਰਪਾਨ ਭੇਟ ਕਰਨ ਦੀ ਰੀਤ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸ਼ੁਰੂ ਹੋਈ ਸੀ।

ਅਜੇਹੀ ਹੀ ਰੀਤ ਪੰਜਾਂ ਪਿਆਰਿਆਂ ਦੇ ਪ੍ਰਸ਼ਾਦ ਦੇਣ ਸੰਬੰਧੀ ਹੈ। ਜੋ ਵੀਰ ਵਹਿਮ-ਪ੍ਰਸਤੀ ਅਧੀਨ ਆਖ ਰਹੇ ਹਨ ਕਿ ਕਿਰਪਾਨ ਸਰਬ ਲੋਹ ਦੀ ਹੋਵੇ ਅਤੇ ਜੋ ਅਰਦਾਸ 'ਚ ਕਹਿਣ 'ਤੇ ਕਿ ਪ੍ਰਸ਼ਾਦਿ ਪਰਵਾਨ ਹੋਵੇ, ਝੱਟ ਪੱਟ ਉਸੇ ਸਮੇਂ ਕਿਰਪਾਨ ਭੇਟ ਕਰਨ ਦੇ ਹਾਮੀ ਹਨ, ਉਨ੍ਹਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪ੍ਰੰਪਰਾ ਦਾ ਅਧਿਆਤਮਕਤਾ ਨਾਲ ਕੋਈ ਸੰਬੰਧ ਨਹੀਂ, ਸਾਨੂੰ ਤਾਂ ਪੰਥਕ ਏਕਤਾ ਅਤੇ ਪੰਥ ਦੀ ਵਿਲੱਖਣਤਾ ਲਈ ਪ੍ਰੰਪਰਾਵਾਂ ਦੇ ਏਕੀਕਰਣ ਲਈ ਕਦਮ ਚੁੱਕਣਾ ਚਾਹੀਦਾ ਹੈ। ਭੋਗ ਲਾਓ, ਜਾਂ ਭੋਗ ਲੱਗੇ ਜਾਂ ਸੀਤ (ਜੂਠਾ) ਪ੍ਰਸ਼ਾਦਿ ਆਦਿ ਸ਼ਬਦਾਂ ਦਾ ਪ੍ਰਯੋਗ ਕਰਨਾ ਬਿਪਰਨ ਰੀਤ ਹੈ।

ਜਿਥੋਂ ਤਕ ਲੰਗਰ 'ਚ ਕਿਰਪਾਨ ਭੇਟ ਕਰਨ ਦੀ ਮਰਯਾਦਾ ਹੈ, ਇਹ ਵੀ ਗੁਰਮਤਿ ਰੀਤ ਨਹੀਂ ਹੈ। ਲੰਗਰ ਲਈ ਅਰਦਾਸ ਕਰਨੀ ਹੀ ਮਰਯਾਦਾ ਹੈ। ਲੰਗਰ ਤਾਂ ਹੈ ਹੀ ਗੁਰੂ ਦਾ, ਅਰਦਾਸ ਕੇਵਲ ਗੁਰੂ ਤੋਂ ਆਗਿਆ ਲੈਣ ਲਈ ਅਤੇ ਅਕਾਲ ਪੁਰਖ ਦਾ ਧੰਨਵਾਦ ਕਰਨ ਲਈ ਕੀਤੀ ਜਾਂਦੀ ਹੈ। ਕੁਝ ਸਾਲ ਪਹਿਲਾਂ ਮਿਸਰ ਦੇ ਰਾਜੇ ਨਾਸਰ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਪ੍ਰਸ਼ਾਦਿ ਲੈਣ ਤੋਂ ਇਨਕਾਰ ਕਰ ਦਿੱਤਾ। ਉਹ ਮੁਸਲਮਾਨ ਸੀ ਤੇ ਪ੍ਰਸ਼ਾਦਿ ਨੂੰ ਧਾਰਮਕ ਰੰਗ ਸੀ। ਇਸ ਤਰ੍ਹਾਂ ਕੁਝ ਸਮਾਂ ਪਹਿਲਾਂ ਪ੍ਰਧਾਨ ਮੰਤਰੀ, ਮੋਰਾਰਜੀ ਡਿਸਾਈ ਨੇ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਪ੍ਰਸ਼ਾਦਿ ਨਹੀਂ ਲਿਆ। ਉਸਦਾ ਧਰਮ ਹਿੰਦੂ ਸੀ। ਪ੍ਰਸ਼ਾਦਿ ਨੂੰ ਕਿਰਪਾਨ ਭੇਟ ਕੀਤੀ ਹੋਈ ਸੀ। ਇਸ ਬਾਰੇ ਸਿੱਖਾਂ ਨੂੰ ਕੋਈ ਗਿਲਾ ਵੀ ਨਹੀਂ ਹੋਣਾ ਚਾਹੀਦਾ, ਜੇਕਰ ਕਿਸੇ ਹੋਰ ਧਰਮ ਦਾ ਅਨੁਯਾਈ ਗੁਰਦੁਆਰੇ ਮੱਥਾ ਨਾ ਟੇਕੇ ਜਾਂ ਪ੍ਰਸ਼ਾਦਿ ਨਾ ਲਵੇ।

ਇਸ ਪਰਥਾਇ ਸਾਨੂੰ ਸਾਰਿਆਂ ਨੂੰ ਭਰਮ ਅਤੇ ਵਹਿਮ ਹੁੰਦਾ ਹੈ ਕਿਉਂਕਿ ਸਾਡੀ ਸੋਚ, ਸਾਡਾ ਵਿਸ਼ਵਾਸ ਆਪਣੇ ਆਪਣੇ ਧਰਮ ਦੇ ਇਰਦ-ਗਿਰਦ ਕੁੱਟ-ਕੁੱਟ ਭਰਿਆ ਹੁੰਦਾ ਹੈ। ਸਾਨੂੰ ਆਖਿਆ ਜਾਂਦਾ ਹੈ ਜਾਂ ਦ੍ਰਿੜ੍ਹ ਕਰਾਇਆ ਜਾਂਦਾ ਹੈ ਕਿ ਸਿੱਖ ਨੇ ਦੇਵਤੇ ਜਾਂ ਦੇਵੀ ਦਾ ਪ੍ਰਸ਼ਾਦਿ ਨਹੀਂ ਲੈਣਾ। ਮੁਸਲਮਾਨ ਕਿਸੇ ਹੋਰ ਤਰੀਕੇ ਨਾਲ ਬਣਿਆ ਮਾਸ ਨਹੀਂ ਖਾਵੇਗਾ। ਯਹੂਦੀ ਸਿਰਫ਼ ਕੋਸ਼ਰ ਮਾਸ ਖਾਏਗਾ ਅਤੇ ਮੁਸਲਮਾਨੀ ਬਣੇ ਹਲਾਲ ਨੂੰ ਨਹੀਂ ਖਾਏਗਾ (ਯਹੂਦੀ ਤੇ ਮੁਸਲਮਾਨਾਂ ਦਾ ਕੋਸ਼ਰ ਤੇ ਹਲਾਲ ਕਰਨ ਦਾ ਇਕੋ ਹੀ ਤਰੀਕਾ ਹੈ)। ਸਿੱਖਾਂ ਬਾਰੇ ਪਹਿਲਾਂ ਕਾਫ਼ੀ ਝਗੜੇ ਸੁਣਦੇ ਰਹੇ ਹਾਂ ਕਿ ਮੁਸਲਮਾਨੀ ਇਲਾਕਿਆਂ ਵਿਚ ਮੁਸਲਮਾਨ ਝਟਕਾ ਕਰਨ ਦੀ ਆਗਿਆ ਨਹੀਂ ਸਨ

ਦਿੰਦੇ। ਅੱਜ ਵਿਦੇਸ਼ਾਂ ਵਿਚ ਬਹੁਤ ਘੱਟ ਲੋਕ ਪੁੱਛ-ਗਿੱਛ ਕਰਦੇ ਹਨ ਕਿ ਮਾਸ ਕਿਵੇਂ ਬਣਿਆ ਹੋਇਆ ਹੈ। ਮੁਸਲਮਾਨ ਆਪਣੀ ਧੁਨ ਦੇ ਪੱਕੇ ਹਨ ਤੇ ਹਮੇਸ਼ਾਂ ਹਲਾਲ ਹੀ ਖਾਂਦੇ ਹਨ। ਅਜੇਹਾ ਸਭ ਕੁਝ ਧਰਮਾਂ ਦੇ ਰੰਗਾਂ ਜਾਂ ਪ੍ਰੰਪਰਾਵਾਂ ਅਨੁਸਾਰ ਨਿੱਕੀ ਨਿੱਕੀ ਗੱਲ 'ਤੇ ਵਹਿਮ ਪੈਦਾ ਹੋ ਜਾਂਦੇ ਹਨ। ਸਾਲ 2002 ਦੇ ਅਖ਼ੀਰ 'ਚ ਮੁਸਲਮਾਨਾਂ ਤੇ ਯਹੂਦੀਆਂ ਨੇ ਸਾਂਝੇ ਤੌਰ 'ਤੇ ਕੈਨੇਡਾ ਸਰਕਾਰ ਪਾਸ ਅਪੀਲ ਕੀਤੀ ਕਿ ਉਨ੍ਹਾਂ ਦੀ ਧਾਰਮਕ ਪ੍ਰੰਪਰਾ ਅਨੁਸਾਰ ਹਲਾਲ ਤੇ ਕੋਸ਼ਰ ਮਾਸ ਬਨਾਉਣ ਦੀ ਰੀਤ ਨੂੰ ਕਿਤੇ ਕੈਨੇਡੀਅਨ ਕਾਨੂੰਨ ਮੁਤਾਬਕ ਜਾਨਵਰ ਨੂੰ ਤੜਫ਼ਾ ਕੇ ਮਾਰਨਾ ਨਾ ਸਮਝਿਆ ਜਾਵੇ। ਕੈਨੇਡਾ ਵਿਚ ਜਾਨਵਰ ਜਾਂ ਪੰਛੀ ਨੂੰ ਤੜਫ਼ਾ ਕੇ ਮਾਰਨਾ ਗ਼ੈਰ-ਕਾਨੂੰਨੀ ਹੈ ਪਰ ਯਹੂਦੀ ਤੇ ਮੁਸਲਮਾਨ ਤੜਫ਼ਾ ਕੇ ਮਾਸ ਤਿਆਰ ਕਰਨ ਨੂੰ ਧਰਮ-ਕਰਮ ਸਮਝਦੇ ਹਨ।

*ਵਿਸ਼ੇਸ਼ :* ਮੁਸਲਮਾਨ ਤੇ ਯਹੂਦੀ ਲੋਕ ਜਦੋਂ ਵੀ ਬਾਹਰ ਖਾਂਦੇ ਹਨ ਤਾਂ ਮਾਸ ਭੋਜਨ ਲੈਣ ਸਮੇਂ ਪੁੱਛ-ਗਿੱਛ ਕਰਦੇ ਹਨ, ਜਾਂ ਬਾਹਰ ਦਾ ਮਾਸ ਖਾਣ ਤੋਂ ਸੰਕੋਚ ਕਰਦੇ ਹਨ, ਇਸ ਤੋਂ ਪ੍ਰਗਟ ਹੁੰਦਾ ਹੈ ਕਿ ਉਨ੍ਹਾਂ ਵਿਚ ਆਪਣੇ ਆਪਣੇ ਧਰਮ ਪ੍ਰਤਿ ਗੌਰਵਤਾ ਹੈ, ਪਰ ਸਾਡੇ ਦੇਸ਼ ਅੰਦਰ ਪਿੱਛੇ ਜਿਹੇ ਹੀ (2003) ਹਲਾਲ ਮਾਸ ਦੀ ਵਰਤੋਂ ਬਾਰੇ ਖੁੱਲ੍ਹੀ ਚਰਚਾ ਹੋਈ ਅਤੇ ਪਹਿਲਾਂ ਕਿਸੇ ਨੇ ਖ਼ਿਆਲ ਹੀ ਨਹੀਂ ਕੀਤਾ ਜਾਂ ਸਾਡੇ ਲੋਕਾਂ ਅੰਦਰ ਮੁਸਲਮਾਨਾਂ ਤੇ ਯਹੂਦੀਆਂ ਵਾਂਗ ਧਾਰਮਕ ਤੇ ਸੱਭਿਆਚਾਰਕ ਗੌਰਵਤਾ ਦੀ ਅਣਹੋਂਦ ਹੈ।

# ਕੜਾਹ ਪ੍ਰਸ਼ਾਦ ਵਰਤਾਉਣ ਬਾਰੇ

ਸਾਲ 1979-80 ਦੀ ਗੱਲ ਹੋਵੇਗੀ, ਜਦੋਂ ਦਾਸ ਨੂੰ ਅਲਬਰਟਾ ਦੇ ਸ਼ਹਿਰ ਕੈਲਗਰੀ ਵਿਖੇ ਨਵੇਂ ਗੁਰਦੁਆਰਾ ਸਾਹਿਬ ਦੇ ਸਥਾਪਨਾ ਦਿਵਸ 'ਤੇ ਜਾਣ ਦਾ ਅਵਸਰ ਮਿਲਿਆ। ਇਸ ਸਮਾਗਮ 'ਤੇ ਸ਼ਹਿਰ ਦੇ ਕਾਫ਼ੀ ਅਨ-ਮਤਾਂ ਦੇ ਲੋਕ, ਵਿਸ਼ੇਸ਼ ਕਰਕੇ ਗੋਰੇ ਹਾਜ਼ਰ ਹੋਏ। ਸਮਾਗਮ ਦੀ ਸਮਾਪਤੀ 'ਤੇ ਕੜਾਹ ਪ੍ਰਸ਼ਾਦ ਵਰਤਾਉਣ ਵੇਲੇ ਵਿਸ਼ੇਸ਼ ਕੜਛੀਆਂ ਜਾਂ ਚਮਚਿਆਂ ਦੀ ਵਰਤੋਂ ਕੀਤੀ ਗਈ। ਇਸ ਨਵੀਂ ਪਿਰਤ ਨੂੰ ਪੜ੍ਹੇ-ਲਿਖੇ ਲੋਕਾਂ ਨੇ ਠੀਕ ਅਤੇ ਕੁਝ ਸਿੱਖਾਂ ਨੇ ਗ਼ਲਤ ਆਖਿਆ। ਪ੍ਰਬੰਧਕਾਂ ਨੇ ਮਹਿਸੂਸ ਕੀਤਾ ਕਿ ਜੇਕਰ ਹੱਥਾਂ ਨਾਲ ਪ੍ਰਸ਼ਾਦ ਵਰਤਾਇਆ ਤਾਂ ਗ਼ੈਰ-ਸਿੱਖਾਂ ਨੇ ਚੰਗਾ ਨਹੀਂ ਸਮਝਣਾ, ਕਿਉਂਕਿ ਪੱਛਮੀ ਦੇਸ਼ਾਂ ਅੰਦਰ ਖਾਣ ਵਾਲੀਆਂ ਚੀਜ਼ਾਂ ਨੂੰ ਵਰਤਾਉਣ ਸਮੇਂ ਚਮਚੇ ਜਾਂ ਕੜਛੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪੱਛਮੀ ਦੇਸ਼ਾਂ ਵਿਚ ਹੱਥਾਂ ਨਾਲ ਖਾਣ ਅਤੇ ਹੱਥਾਂ ਨਾਲ ਵਰਤਾਉਣ ਨੂੰ ਸਫ਼ਾਈ ਪੱਖੋਂ ਘੱਟ ਪਰਵਾਨ ਕੀਤਾ ਜਾਂਦਾ ਹੈ।

ਸਾਲ 2003 ਦੇ ਨਵੰਬਰ ਮਹੀਨੇ ਵਿਚ ਵੈਨਕੂਵਰ ਦੇ ਇਲਾਕੇ ਵਿਚ ਇਕ ਗੁਰਦੁਆਰਾ ਸਾਹਿਬ ਵਿਖੇ ਅਨੰਦ ਕਾਰਜ ਵਿਚ ਹਾਜ਼ਰੀ ਭਰੀ ਅਤੇ ਸਮਾਪਤੀ 'ਤੇ ਕੜਾਹ ਪ੍ਰਸ਼ਾਦ ਵਰਤਾਉਣ ਵਾਲਿਆਂ ਨੇ ਆਪਣੇ ਹੱਥਾਂ ਵਿਚ ਵਿਸ਼ੇਸ਼ ਪਲਾਸਟਿਕ ਦੇ ਦਸਤਾਨੇ ਪਾ ਕੇ ਪ੍ਰਸ਼ਾਦ ਵਰਤਾਇਆ। ਬਹੁਤ ਲੋਕਾਂ ਨੂੰ ਇਹ ਨਵੀਂ ਪਿਰਤ ਦੇਖ ਕੇ ਹੈਰਾਨੀ ਹੋਈ। ਕਈ ਲੋਕਾਂ ਨੂੰ ਹੱਥਾਂ ਵਿਚ ਪਲਾਸਟਿਕ ਦੇ ਦਸਤਾਨੇ ਵੇਖ ਗਿਲਾਨੀ ਵੀ ਹੋਈ।

ਉਪਰੋਕਤ ਦੋਨੋਂ ਥਾਈਂ ਨਵੀਆਂ ਪਿਰਤਾਂ ਦੇਖ ਕੇ ਅਤੇ ਇਨ੍ਹਾਂ ਪਿਰਤਾਂ ਨੂੰ ਸ਼ੁਰੂ ਕਰਨ ਦੇ ਮੁੱਖ ਕਾਰਨਾਂ ਨੂੰ ਜਾਣ ਕੇ ਸਾਨੂੰ ਪੰਥਕ ਤੌਰ 'ਤੇ ਕੁਝ ਸੋਚਣਾ ਜ਼ਰੂਰੀ ਹੈ। ਅੱਜ ਕੱਲ੍ਹ ਸਿੱਖ ਸਾਰੇ ਸੰਸਾਰ ਵਿਚ ਰਹਿ ਰਹੇ ਹਨ ਅਤੇ ਉਥੋਂ ਦੇ ਸੱਭਿਆਚਾਰ ਅਨੁਸਾਰ ਨਵੇਂ ਪ੍ਰਭਾਵ ਗ੍ਰਹਿਣ ਕਰ ਰਹੇ ਹਨ, ਜਿਵੇਂ ਖਾਣ-ਪੀਣ ਅਤੇ ਰਹਿਣੀ ਬਹਿਣੀ ਆਦਿ ਵਿਚ। ਅਸੀਂ ਵਿਦੇਸ਼ੀ ਲੋਕਾਂ ਦੇ ਸੱਭਿਆਚਾਰ ਅਨੁਸਾਰ ਆਪਣੀਆਂ ਧਾਰਮਕ ਰਵਾਇਤਾਂ ਨੂੰ ਬਦਲਣ ਦਾ ਜਤਨ ਨਹੀਂ ਕਰਨਾ, ਸਗੋਂ ਜੇ ਸੰਭਵ ਹੋਵੇ ਤਾਂ ਆਪਣੇ ਆਪ ਹੀ ਕੁਝ ਰਵਾਇਤਾਂ ਵਿਚ ਤਬਦੀਲੀ ਕਰ ਸਕਦੇ ਹਾਂ, ਜੇਕਰ ਉਸ ਨਾਲ ਧਾਰਮਕ ਰਵਾਇਤ ਦੀ ਭਾਵਨਾ ਵਿਚ ਫ਼ਰਕ ਨਾ ਪਵੇ। ਜਿਵੇਂ ਲੰਗਰਾਂ ਅੰਦਰ ਪਹਿਲਾਂ ਸੰਗਤਾਂ ਹੱਥਾਂ 'ਤੇ ਪਰਸ਼ਾਦੇ ਰੱਖ ਕੇ ਉੱਪਰ ਦਾਲ ਜਾਂ ਸਬਜ਼ੀ ਪਵਾ

ਲੈਂਦੇ ਸਨ, ਪਰ ਸਮੇਂ ਅਨੁਸਾਰ ਹੁਣ ਵਿਸ਼ੇਸ਼ ਖ਼ਾਨਿਆਂ ਵਾਲੀਆਂ ਥਾਲੀਆਂ ਦਿੱਤੀਆਂ ਜਾਂਦੀਆਂ ਹਨ, ਚਮਚੇ ਦਿੱਤੇ ਜਾਂਦੇ ਹਨ ਤੇ ਪਾਣੀ ਪੀਣ ਲਈ ਗਲਾਸ। ਇਹ ਨਵੀਂ ਪਿਰਤ ਹੈ।

ਇਸ ਤਰ੍ਹਾਂ ਹੀ ਵਿਦੇਸ਼ਾਂ ਵਿਚ ਲੰਗਰ ਵਿਚ ਕੰਮ ਕਰਨ ਵਾਲੇ ਜੇ ਸਫ਼ਾਈ ਆਦਿ ਰੱਖਣ ਦਾ ਕੋਰਸ ਕਰ ਲੈਣ ਤਾਂ ਅਨੇਕਾਂ ਬੀਮਾਰੀਆਂ ਤੋਂ ਬਚਾਓ ਹੋ ਸਕਦਾ ਹੈ। ਲੰਗਰ ਹਾਲਾਂ ਅੰਦਰ ਲੰਗਰ ਬਨਾਉਣ ਵਾਲੇ ਥਾਂਵਾਂ ਦੀ ਇੰਸਪੈਕਟਰ ਚੈਕਿੰਗ ਕਰਦੇ ਹਨ ਤੇ ਸਫ਼ਾਈ ਪੱਖੋਂ ਹਦਾਇਤਾਂ ਵੀ ਕਰਦੇ ਹਨ। ਇਸ ਵਿਦੇਸ਼ੀ ਸੱਭਿਆਚਾਰ ਦਾ ਜਿਥੇ ਸਫ਼ਾਈ ਦਾ ਵਿਸ਼ੇਸ਼ ਜਾਂ ਕਾਨੂੰਨੀ ਤੌਰ 'ਤੇ ਖ਼ਿਆਲ ਰੱਖਣਾ ਪੈਂਦਾ ਹੈ, ਉਥੇ ਦੇਸ਼ ਦੇ ਸਭ ਧਾਰਮਕ ਅਸਥਾਨਾਂ 'ਤੇ ਸਫ਼ਾਈ ਦਾ ਰੱਖਣਾ ਜ਼ਰੂਰੀ ਹੋਵੇ। ਸਫ਼ਾਈ ਪੱਖੋਂ ਜੇ ਕੜਾਹ ਪ੍ਰਸ਼ਾਦ ਵਰਤਾਉਣ ਵੇਲੇ ਚਮਚੇ ਜਾਂ ਕੜਛੀਆਂ ਦਾ ਪ੍ਰਯੋਗ ਕੀਤਾ ਜਾਵੇ ਤਾਂ ਮੇਰਾ ਖ਼ਿਆਲ ਹੈ ਕਿ ਕੋਈ ਵਿਘਨ ਨਹੀਂ ਪਵੇਗਾ। ਜਿਵੇਂ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ:

> "ਕੜਾਹ ਪ੍ਰਸ਼ਾਦ ਵਰਤਾਉਣ ਵਾਲੇ ਦੇ ਹੱਥ ਸਾਫ ਹੋਣ, ਉਂਗਲਾਂ 'ਤੇ ਛਾਪ ਜਾਂ ਛੱਲਾ ਨਾ ਹੋਵੇ, ਮੁਖ ਉਪਰ ਰੁਮਾਲ ਬੱਧਾ ਹੋਵੇ... ਹੱਥਾਂ ਨਾਲ ਵਰਤਾਣ ਤੋਂ ਜੇ ਚਮਚ ਨਾਲ ਵਰਤਾਇਆ ਜਾਵੇ ਤਾਂ ਬਹੁਤ ਉੱਤਮ ਹੈ।"
>
> *(ਗੁਰਮਤਿ ਮਾਰਤੰਡ, ਪੰਨਾ 291-92)*

***ਵਿਸ਼ੇਸ਼*** : ਸਾਨੂੰ ਇਹ ਵੀ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਜਦੋਂ ਗ਼ੈਰ-ਸਿੱਖ ਸੰਗਤ ਵਿਚ ਹਾਜ਼ਰ ਹੋਣ ਤਾਂ ਉਨ੍ਹਾਂ ਦੀ ਭਾਵਨਾ ਦਾ ਜ਼ਰੂਰ ਖ਼ਿਆਲ ਰੱਖਿਆ ਜਾਵੇ। ਜੇ ਉਹ ਖ਼ੁਸ਼ੀ ਨਾਲ ਪ੍ਰਸ਼ਾਦ ਲੈਣ ਤਾਂ ਠੀਕ ਹੈ, ਕਿਸੇ ਨੂੰ ਮਜਬੂਰ ਨਹੀਂ ਕਰਨਾ ਚਾਹੀਦਾ ਕਿ ਉਹ ਜ਼ਰੂਰ ਹੀ ਪ੍ਰਸ਼ਾਦ ਲੈਣ।

# ਨਿਤਨੇਮ ਦੇ ਪਾਠ ਸੰਬੰਧੀ ਵਹਿਮ

ਨਿਤਨੇਮ ਦੇ ਅੱਖਰੀ ਅਰਥ ਹਨ : 'ਨਿਤ ਦੀ ਮਰਯਾਦਾ'। ਨਿਤਨੇਮ ਮਰਯਾਦਾ ਦੀ ਪ੍ਰੰਪਰਾ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋਈ ਹੈ, ਜਿਸਦਾ ਸਬੂਤ ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਕਰਦੇ ਹਨ :

**ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ॥**
**ਗਿਆਨੁ ਗੋਸਟਿ ਚਰਚਾ ਸਦਾ, ਅਨਹਦਿ ਸਬਦਿ ਉਠੇ ਧੁਨਕਾਰਾ॥**
**ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥**
**ਗੁਰਮੁਖਿ ਭਾਰਿ ਅਥਰਬਣਿ ਤਾਰਾ॥੩੮॥੧॥**

ਉਪਰੋਕਤ ਪਉੜੀ ਤੋਂ ਨਿਤਨੇਮ ਦੀਆਂ ਬਾਣੀਆਂ ਬਾਰੇ ਸਪੱਸ਼ਟ ਹੁੰਦਾ ਹੈ ਕਿ ਸਿੱਖਾਂ ਵਿਚ ਸਵੇਰ ਵੇਲੇ ਜਪੁ (ਬਾਣੀ), ਸ਼ਾਮ ਵੇਲੇ ਸੋ ਦਰੁ, ਜਿਸਦਾ ਨਾਂ ਮੌਜੂਦਾ ਸਮੇਂ ਰਹਰਾਸਿ ਪ੍ਰਚਲਿਤ ਹੋ ਗਿਆ ਹੈ ਅਤੇ ਰਾਤ ਨੂੰ ਸੋਹਿਲਾ ਬਾਣੀ ਪੜ੍ਹੀ ਜਾਂਦੀ ਸੀ। ਇਥੇ ਸੋ ਦਰੁ ਆਰਤੀ ਤੋਂ ਭਾਵ ਸੋਹਿਲਾ ਦੀ ਬਾਣੀ ਹੈ :

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥** *(ਪੰਨਾ 646)*

ਦੇ ਸਿੱਧਾਂਤ ਅਨੁਸਾਰ ਸਿੱਖ ਕੌਮ ਅੰਦਰ ਮਰਯਾਦਾ ਦਾ ਏਕੀਕਰਣ ਹੋਣਾ ਜ਼ਰੂਰੀ ਹੈ। ਗੁਰਮਤਿ ਸਾਹਿਤ ਦੀ ਛਪਾਈ ਅਤੇ ਗੁਰਮਤਿ ਪ੍ਰੰਪਰਾਵਾਂ ਨੂੰ ਨਿਰਧਾਰਤ ਕਰਨ ਦੀ ਜ਼ਿੰਮੇਵਾਰੀ ਇਕ ਕੇਂਦਰੀ ਅਸਥਾਨ ਤੋਂ ਜਾਂ ਉਨ੍ਹਾਂ ਦੀ ਨਿਗਰਾਨੀ ਹੇਠ ਹੋਵੇ ਤਾਂ ਹੀ ਕੌਮ ਦੀ ਤਰੱਕੀ ਸੰਭਵ ਹੈ ਅਤੇ ਭੋਲੇ-ਭਾਲੇ ਲੋਕਾਂ ਨੂੰ ਗੁਮਰਾਹ ਹੋਣ ਤੋਂ ਬਚਾਇਆ ਜਾ ਸਕਦਾ ਹੈ। ਦੁਖਾਂਤ ਇਹੀ ਹੈ ਕਿ ਸਾਡੀ ਕੌਮ ਅੰਦਰ ਅਨੇਕਾਂ ਪ੍ਰਕਾਰ ਦੇ ਵਹਿਮ ਪ੍ਰਚਲਿਤ ਹੋ ਰਹੇ ਹਨ ਜਾਂ ਜਾਣ ਬੁੱਝ ਕੇ ਭਰਮ ਤੇ ਵਹਿਮ ਫੈਲਾਏ ਜਾ ਰਹੇ ਹਨ। ਇਸਦੀ ਮਿਸਾਲ ਦੇਣੀ ਜ਼ਰੂਰੀ ਹੈ। ਸਾਲ 1984 ਦਾ ਸੰਤਾਪ ਸਿੱਖਾਂ ਲਈ ਅਭੁੱਲ ਰਹੇਗਾ, ਜਦੋਂ ਸਿੱਖਾਂ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਨ ਉਪ੍ਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਵੀ ਭੰਗ ਕਰਨ ਦਾ ਜਤਨ ਹੋਇਆ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਢਾਹੁਣ ਉਪ੍ਰੰਤ ਇਹ ਸ਼ੋਸ਼ਾ ਛੱਡਿਆ ਗਿਆ.ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨੁਕਸਾਨ ਇਸ ਲਈ ਹੋਇਆ ਕਿਉਂਕਿ ਉਥੇ ਛੋਟੀ ਰਹਰਾਸਿ ਪੜ੍ਹੀ ਜਾਂਦੀ ਸੀ। ਸਰਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਢਾਹੁਣ ਦੇ ਜੁਰਮ ਤੋਂ ਮੁਕਤ ਹੋਣਾ ਚਾਹੁੰਦੀ ਸੀ, ਤਾਹੀਓਂ ਸ਼ੋਸ਼ੇ ਛੱਡੇ ਗਏ। ਸ਼ਾਇਦ

ਜ਼ਿਆਦਾਤਰ ਲੋਕਾਂ ਨੂੰ ਪਤਾ ਨਹੀਂ ਕਿ ਜਦੋਂ ਇਹ ਘੱਲੂਘਾਰਾ ਵਾਪਰਿਆ, ਉਥੇ ਭਿੰਡਰਾਂਵਾਲਿਆਂ ਦੀ ਮਰਯਾਦਾ ਅਨੁਸਾਰ ਰਹਰਾਸਿ ਦੀ ਪਾਠ-ਪ੍ਰੰਪਰਾ ਧੱਕੇ ਨਾਲ ਲਾਗੂ ਕੀਤੀ ਗਈ ਸੀ।

ਸਾਡੇ ਵਿਚ ਸਭ ਤੋਂ ਪਹਿਲਾਂ ਛੋਟੀ ਤੇ ਵੱਡੀ ਰਹਰਾਸਿ ਦਾ ਵਹਿਮ ਕਿਉਂ ਹੋਇਆ ? ਇਕੇਰਾਂ ਕਿਸੇ ਸ਼ਰਧਾਲੂ ਪਰਿਵਾਰ ਦੇ ਘਰ ਸਾਂ। ਸੋ ਦਰੁ ਦਾ ਸਮਾਂ ਹੋਣ 'ਤੇ ਉਨ੍ਹਾਂ ਮੈਨੂੰ ਪਾਠ ਕਰਨ ਨੂੰ ਕਿਹਾ। ਮੈਂ ਪੰਥਕ ਰਹਿਤ ਮਰਯਾਦਾ ਅਨੁਸਾਰ ਨਿਰਧਾਰਤ ਸੋ ਦਰੁ ਦਾ ਪਾਠ ਕੀਤਾ, ਪਰ ਵਹਿਮ ਕਾਰਨ ਉਨ੍ਹਾਂ ਨੂੰ ਧਰਵਾਸ ਨਾ ਆਇਆ ਅਤੇ ਦੁਬਾਰਾ ਉਨ੍ਹਾਂ ਨੇ ਡੇਰੇਦਾਰਾਂ ਦੀ ਮਰਯਾਦਾ ਅਨੁਸਾਰ ਬਣਾਈ ਹੋਈ ਰਹਰਾਸਿ ਦਾ ਪਾਠ ਕੀਤਾ। ਅਫ਼ਸੋਸ ਇਸ ਗੱਲ ਦਾ ਹੈ ਕਿ ਸਾਡੇ ਸਿੱਖ ਸਮਾਜ ਵਿਚ ਬਹੁ-ਗਿਣਤੀ ਦੇ ਲੋਕ ਗੁਰਮਤਿ ਦੀ ਸੂਝ-ਬੂਝ ਤੋਂ ਸੱਖਣੇ ਰਹਿਣਾ ਪਸੰਦ ਕਰਦੇ ਹਨ, ਜਿਸਦੇ ਫਲਸਰੂਪ ਡੇਰੇਦਾਰਾਂ ਅਤੇ ਸਰਕਾਰਾਂ ਵੱਲੋਂ ਪ੍ਰਚਲਿਤ ਵਹਿਮ ਅਤੇ ਸ਼ੋਸ਼ਿਆਂ ਨੂੰ ਝੱਟ ਗ੍ਰਹਿਣ ਕਰ ਲੈਂਦੇ ਹਨ ਅਤੇ ਕੌਮ ਅੰਦਰ ਪਾਠਾਂ ਦੀਆਂ ਵੰਡੀਆਂ ਅਤੇ ਭਾਂਤ-ਭਾਂਤ ਦੀਆਂ ਧਾਰਮਕ ਰਹੁ-ਰੀਤਾਂ ਨੂੰ ਆਧਾਰ ਮੰਨ ਕੇ ਜਥੇ ਵੰਡ ਹੋ ਰਹੀ ਹੈ। ਗੁਰੂ ਸਾਹਿਬ ਨੇ ਆਪਣੇ ਹੱਥੀਂ ਸਿੱਖਾਂ ਲਈ ਨਿਤਨੇਮ ਦੀਆਂ ਬਾਣੀਆਂ ਨਿਰਧਾਰਤ ਕਰ ਦਿੱਤੀਆਂ ਸਨ। ਇਨ੍ਹਾਂ ਸਮੁੱਚੀਆਂ ਬਾਣੀਆਂ ਦਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਮੌਜੂਦ ਹੈ। ਸਵੇਰ ਦੀ ਮੁਖ ਬਾਣੀ 'ਜਪੁ' ਭਾਵ ਜਪੁ ਜੀ। ਉਸ ਪਿੱਛੋਂ ਸੋ ਦਰੁ ਦੇ ਪੰਜ ਸ਼ਬਦ ਅਤੇ ਸੋ ਪੁਰਖੁ ਦੇ ਚਾਰ ਸ਼ਬਦ ਭਾਵ ਕੁਲ 9 ਸ਼ਬਦ, ਸ਼ਾਮ ਵੇਲੇ ਦੀ ਬਾਣੀ, ਜਿਸਦਾ ਪ੍ਰਚਲਿਤ ਨਾਂ ਰਹਰਾਸਿ ਪੈ ਗਿਆ ਹੈ। ਸੋ ਦਰੁ ਤੇ ਸੋ ਪੁਰਖੁ ਪਿੱਛੋਂ ਸੋਹਿਲਾ ਦੇ ਪੰਜ ਸ਼ਬਦ, ਜਿਸਦਾ ਪਾਠ ਸੌਣ ਵੇਲੇ ਕਰਨ ਦੀ ਮਰਯਾਦਾ ਹੈ। ਉਪਰੋਕਤ ਨਿਤਨੇਮ ਦਾ ਸਰੂਪ ਗੁਰੂ ਸਾਹਿਬ ਨੇ ਆਪ ਬਣਾਇਆ, ਫਿਰ ਵੱਡੀ ਜਾਂ ਛੋਟੀ ਰਹਰਾਸਿ ਦਾ ਨਾਂ ਦੇਣ ਵਾਲੇ ਕੌਣ ਹਨ ? ਛੋਟੀ ਜਾਂ ਵੱਡੀ ਰਹਰਾਸਿ ਦਾ ਵਹਿਮ ਕਿਉਂ ? ਗੁਰੂ ਪੰਥ ਨੇ ਤਰ੍ਹਾਂ ਤਰ੍ਹਾਂ ਦੇ ਜਥਿਆਂ ਵੱਲੋਂ ਛਾਪੇ ਗੁਟਕੇ ਅਤੇ ਉਨ੍ਹਾਂ ਅੰਦਰ ਹੋਰ ਵਾਧੂ ਸ਼ਬਦ ਜੋੜ ਕੇ ਬਣਾਏ ਨਿਤਨੇਮ ਪਾਠ-ਸਰੂਪਾਂ ਦਾ ਏਕੀਕਰਣ ਕਰਨ ਲਈ 1936 ਵਿਚ ਪਾਸ ਕਰ ਕੇ ਨਵਾਂ ਸਰੂਪ ਨਿਰਧਾਰਤ ਕਰ ਦਿੱਤਾ। ਇਸ ਬਾਰੇ ਸ੍ਰ. ਮਹਿੰਦਰ ਸਿੰਘ ਜੋਸ਼ ਦੇ ਲਿਖੇ ਬਚਨ ਆਖ ਰਹੇ ਹਾਂ, ਜਿਸ ਅਨੁਸਾਰ ਬਾਣੀ-ਸਰੂਪ ਦੀ ਜਾਣਕਾਰੀ ਹੋ ਸਕੇ :

> "ਮੌਜੂਦਾ ਪੰਥਕ ਰਹਿਤ ਮਰਯਾਦਾ ਤਿਆਰ ਕਰਨ ਵੇਲੇ ਰਹਰਾਸਿ ਸਾਹਿਬ ਦਾ ਸਰੂਪ ਨਿਸਚਿਤ ਕਰ ਦਿੱਤਾ ਗਿਆ ਅਤੇ ਉਸ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਤਨੇਮ ਦੇ ਗੁਟਕੇ ਛਾਪਣੇ ਆਰੰਭ ਕਰ ਦਿੱਤੇ ਪਰ ਇਸਦੇ ਬਾਵਜੂਦ ਅਜੇ ਤਕ ਵੀ ਰਹਰਾਸਿ ਸਭ ਜਗ੍ਹਾ ਇੱਕੋ ਜਿਹੀ ਨਹੀਂ ਪੜ੍ਹੀ ਜਾਂਦੀ...।"

ਪੰਥਕ ਰਹਿਤ ਮਰਯਾਦਾ ਅਨੁਸਾਰ ਨਿਤਨੇਮ ਦੀਆਂ ਬਾਣੀਆਂ ਜਪੁ, ਜਾਪ ਅਤੇ 10 ਸਵੱਯੇ ('ਸ੍ਰਾਵਗ ਸੁਧ' ਵਾਲੇ) ਇਹ ਬਾਣੀਆਂ ਅੰਮ੍ਰਿਤ ਵੇਲੇ (ਸਵੇਰੇ),

ਸੋ ਦਰੁ (ਰਹਰਾਸਿ) ਸ਼ਾਮ ਵੇਲੇ ਅਤੇ ਸੋਹਿਲਾ, ਇਹ ਰਾਤ ਸੌਣ ਸਮੇਂ। ਪੰਥਕ ਨਿਤਨੇਮ ਦਾ ਸਹੀ ਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਛਪੇ ਗੁਟਕਿਆਂ ਅੰਦਰ ਮਿਲਦਾ ਹੈ। ਸੋ ਦਰੁ, ਸੋ ਪੁਰਖੁ ਤੇ ਸੋਹਿਲਾ ਬਾਣੀਆਂ ਦੇ ਸਾਰੇ ਸ਼ਬਦ ਰਾਗਾਂ ਅਨੁਸਾਰ ਆਪਣੀ ਆਪਣੀ ਥਾਂ ਦੁਬਾਰਾ ਪੜ੍ਹੇ ਜਾ ਸਕਦੇ ਹਨ।

ਬੇਹਤਰ ਇਹੀ ਹੈ ਕਿ ਜਿਥੇ ਅਸੀਂ ਗੁਰੂ ਦੇ ਹੁਕਮ ਅਨੁਸਾਰ ਨਿਤਨੇਮ ਦੀਆਂ ਬਾਣੀਆਂ ਪੜ੍ਹਨੀਆਂ ਹਨ, ਉਥੇ ਇਨ੍ਹਾਂ ਬਾਣੀਆਂ ਦੇ ਅਰਥ ਪੜ੍ਹੀਏ ਤਾਂ ਜੋ ਗੁਰਮਤਿ ਦੀ ਸੂਝ ਪ੍ਰਾਪਤ ਕਰ ਕੇ ਗੁਰੂ ਖ਼ਾਲਸਾ ਪੰਥ ਦੇ ਸਿਪਾਹੀ ਹੋਣ ਦਾ ਗੌਰਵ ਪੈਦਾ ਹੋਵੇ।

ਪੰਥਕ ਜਤਨ ਨਾਲ ਨਿਤਨੇਮ ਦੀਆਂ ਬਾਣੀਆਂ ਭਾਵੇਂ ਨਿਰਧਾਰਤ ਕਰ ਦਿੱਤੀਆਂ ਹਨ ਪਰ ਪੰਥਕ ਦੋਖੀ ਤੇ ਕੁਝ ਪਖੰਡੀ ਡੇਰੇਦਾਰਾਂ ਵੱਲੋਂ ਊਜ ਲਗਾਈ ਜਾਂਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਣੀ ਘਟਾ ਦਿੱਤੀ ਗਈ ਹੈ। ਇਸ ਸ਼ੋਸ਼ੇ ਦਾ ਕੋਈ ਸਿਰ ਮੂੰਹ ਨਹੀਂ ਹੈ। ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਗੁਰੂ ਸਾਹਿਬਾਨ ਨੇ ਪੰਥ ਲਈ ਨਿਤਨੇਮ ਦੇ ਪਾਠ ਲਈ ਬਾਣੀਆਂ ਚੁਣ ਕੇ ਸਥਾਪਤ ਕਰ ਕੇ ਮਰਯਾਦਾ ਬਣਾ ਦਿੱਤੀ ਸੀ, ਉਨ੍ਹਾਂ ਨਿਤਨੇਮ ਦੀਆਂ ਬਾਣੀਆਂ ਦਾ ਸਰੂਪ ਗੁਰੂ ਗ੍ਰੰਥ ਸਾਹਿਬ ਅੰਦਰ ਮੌਜੂਦ ਹੈ। ਅਜੇਹੀ ਹੀ ਊਜ ਕਈ ਦਹਾਕੇ ਪਹਿਲਾਂ ਵੀ ਲਗਾਈ ਗਈ ਸੀ ਤੇ ਨਿਤਨੇਮ ਦੀਆਂ ਬਾਣੀਆਂ ਦੀ ਆਮ ਲੋਕਾਂ ਨੂੰ ਨਾ ਹੀ ਕੋਈ ਸੂਝ ਸੀ ਤੇ ਨਾ ਹੀ ਸਪੱਸ਼ਟਤਾ। ਇਸ ਸੰਬੰਧੀ ਪੰਥ-ਰਤਨ ਗਿਆਨੀ ਸ਼ੇਰ ਸਿੰਘ ਜੀ ਸਪੱਸ਼ਟ ਕਰਦੇ ਹਨ:

> "ਕਈ ਭਰਾ ਆਖਦੇ ਹਨ ਕਿ ਅੱਜਕੱਲ੍ਹ ਸਿੰਘ ਸਭਾ ਵਾਲਿਆਂ ਨੇ ਰਹਰਾਸਿ ਵਿਚ ਵਾਧਾ ਕਰ ਦਿੱਤਾ ਹੈ, ਪਰ ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਸਿੰਘ ਸਭਾ ਤੋਂ ਪਹਿਲਾਂ ਰਹਰਾਸਿ ਜਾਂ ਚੌਪਈ ਦੇ ਪਾਠ ਦਾ ਇਕ ਨਿਯਮ ਨਹੀਂ ਸੀ... ਸਗੋਂ ਸੱਚ ਤਾਂ ਇਹ ਹੈ ਕਿ ਰਹਰਾਸਿ ਵਿਚ ਲੋਕਾਂ ਨੇ ਗੜਬੜ ਪਾਈ ਹੋਈ ਸੀ ਤੇ ਸਿੰਘ ਸਭਾਵਾਂ ਨੇ ਵੀਚਾਰ ਕੇ ਕਿਸੇ ਨਤੀਜੇ ਉੱਪਰ ਪਹੁੰਚਣਾ ਜ਼ਰੂਰੀ ਸਮਝਿਆ।"

ਵਹਿਮ-ਪ੍ਰਸਤੀ ਦਾ ਬੋਲਬਾਲਾ ਹੋਣ ਕਾਰਨ, ਅਸੀਂ ਸੂਝ-ਬੂਝ ਤੋਂ ਕੰਮ ਨਹੀਂ ਲੈਂਦੇ। ਸ਼ਾਇਦ ਸਾਨੂੰ ਇਹ ਵੀ ਭਰਮ ਹੈ ਕਿ ਜੇਕਰ ਵੱਧ ਬਾਣੀਆਂ ਪੜ੍ਹੀਏ ਤਾਂ ਵੱਧ ਫਲ ਮਿਲਦਾ ਹੈ, ਜੇ ਘੱਟ ਪੜ੍ਹੀਏ ਤਾਂ ਘੱਟ। ਕਈ ਵੀਰ ਆਖਦੇ ਹਨ ਕਿ ਨਿਤਨੇਮ ਦੀਆਂ ਬਾਣੀਆਂ ਦਾ ਫਲ ਉਤਨਾ ਨਹੀਂ, ਜਿਤਨਾ ਸਿਮਰਨ ਦਾ ਹੈ। ਹੁਣ ਮੁਸ਼ਕਲ ਤਾਂ ਇਹੀ ਹੈ ਕਿ ਕੋਈ ਅਜੇਹਾ ਮਾਪਦੰਡ ਨਹੀਂ, ਜਿਸ ਨਾਲ ਬਾਣੀਆਂ ਜਾਂ ਸਿਮਰਨ ਦੇ ਫਲਾਂ ਦਾ ਹਿਸਾਬ ਲਗਾਇਆ ਜਾ ਸਕੇ। ਕਈ ਬਾਬੇ ਤਾਂ ਆਪਣੇ ਸੇਵਕਾਂ ਨੂੰ ਨਿਤਨੇਮ ਦੀ ਥਾਂ ਮਾਲਾ ਫੇਰਨ ਦਾ ਸੁਖਾਲਾ ਤਰੀਕਾ ਦੱਸਦੇ ਹਨ, ਤਾਂ ਜੋ ਲੋਕਾਂ ਨੂੰ ਵਿਸ਼ੇਸ਼ ਤੌਰ 'ਤੇ ਗੁਟਕਿਆਂ ਤੋਂ ਪਾਠ ਕਰਨ ਦੀ ਤਕਲੀਫ਼ ਨਾ ਹੋਵੇ।

ਜੋ ਵੀਰ ਕਿਰਤੀ ਨਹੀਂ ਹਨ, ਉਨ੍ਹਾਂ ਪਾਸ ਅਧਿਕ ਸਮਾਂ ਹੋਣ ਕਾਰਨ ਉਹ

ਵੱਧ ਬਾਣੀਆਂ ਦਾ ਨਿਤਨੇਮ ਕਰ ਸਕਦੇ ਹਨ, ਜਿਵੇਂ ਸ਼ਰਧਾ ਅਨੁਸਾਰ ਹਰ ਰੋਜ਼ ਸੁਖਮਨੀ ਸਾਹਿਬ ਤੇ ਵਾਰ ਆਸਾ ਦਾ ਵੀ ਪਾਠ ਕਰਦੇ ਹਨ। ਜੇ ਸਮੇਂ ਦਾ ਹਿਸਾਬ ਲਗਾਈਏ ਤਾਂ ਨਿਤਨੇਮ ਲਈ ਹੋਰ ਬਾਣੀਆਂ ਰਲਾ ਕੇ ਤਿੰਨ ਘੰਟੇ ਦਾ ਸਮਾਂ ਲੋੜੀਂਦਾ ਹੈ। ਆਮ ਕਿਰਤੀ ਮਨੁੱਖ ਪਾਸ ਇਤਨਾ ਸਮਾਂ ਕੱਢਣਾ ਅਸੰਭਵ ਹੈ, ਭਾਵੇਂ ਅਸੀਂ ਇਸ ਗੱਲ ਨਾਲ ਸਹਿਮਤ ਜਾਂ ਅਸਹਿਮਤ ਹੋਈਏ, ਇਹ ਵੱਖਰੀ ਗੱਲ ਹੈ।

ਗੁਰੂ ਸਾਹਿਬ ਸਿੱਖਾਂ ਨੂੰ ਸ੍ਰੇਸ਼ਟ ਵਿਅਕਤੀ ਅਤੇ ਸੰਤ-ਸਿਪਾਹੀ ਬਣਾਉਣਾ ਲੋਚਦੇ ਸਨ ਪਰ ਅਸੀਂ ਤਾਂ ਆਪਣਾ ਨਿਸ਼ਾਨਾ ਡੇਰੇ ਜਾਂ ਬਾਬਿਆਂ ਦੇ ਸਿੱਖ ਬਣਨ ਤਕ ਹੀ ਸੀਮਤ ਕਰ ਲਿਆ। ਅਸੀਂ ਖ਼ੁਦ ਸੰਤ-ਸਿਪਾਹੀ ਬਣਨ ਦੀ ਥਾਂ ਭੇਖੀ ਤੇ ਝੂਠੇ ਸੰਤਾਂ ਦੇ ਸ਼ਰਧਾਲੂ ਬਣ ਰਹੇ ਹਾਂ। ਗੁਰਮਤਿ ਦੇ ਮਹਾਨ ਵਿਦਵਾਨਾਂ ਨੇ ਦੂਰ-ਅੰਦੇਸ਼ੀ ਨਾਲ ਮੌਜੂਦਾ ਨਿਤਨੇਮ ਦੀਆਂ ਬਾਣੀਆਂ ਨੂੰ ਨਿਰਧਾਰਤ ਕੀਤਾ ਤਾਂ ਜੋ ਕਿਰਤੀ ਸਿੱਖ ਕਿਰਤ ਕਰਦਿਆਂ ਗੁਰਮਤਿ ਦੀ ਮਰਯਾਦਾ ਅਨੁਸਾਰ ਆਪਣਾ ਨਿਤਨੇਮ ਵੀ ਅਟੁੱਟ ਕਰ ਸਕਣ।

ਸਾਡਾ ਜੀਵਨ ਸ੍ਰੇਸ਼ਟ ਤਾਂ ਹੀ ਬਣ ਸਕਦਾ ਹੈ ਜੇ ਅਸੀਂ ਗੁਰਬਾਣੀ ਨੂੰ ਸਮਝ ਕੇ ਆਪਣੇ ਜੀਵਨ 'ਚ ਅਪਣਾਈਏ ਅਤੇ ਗੁਰੂ ਪੰਥ ਨੂੰ ਮਜ਼ਬੂਤ ਕਰਨ ਲਈ ਪੰਥਕ ਰਹਿਤ ਮਰਯਾਦਾ ਨੂੰ ਗੁਰੂ ਦਾ ਹੁਕਮ ਸਮਝ ਸਿਰ ਮੱਥੇ ਮੰਨੀਏ। ਅਜੇਹਾ ਮੰਨਣਾ ਜਾਂ ਸੋਚਣਾ ਕਿ ਵੱਡੀ ਰਹਰਾਸਿ ਜਾਂ ਛੋਟੀ ਰਹਰਾਸਿ, ਇਹ ਨਿਰੀ ਵਹਿਮ-ਪ੍ਰਸਤੀ ਹੈ।

# ਬਾਣੀਆਂ ਦੇ ਮਹਾਤਮ ਬਾਰੇ ਵਹਿਮ

ਕੁਝ ਚੁਸਤ ਲੋਕਾਂ ਨੇ ਬਾਣੀਆਂ ਦੇ ਤਰ੍ਹਾਂ ਤਰ੍ਹਾਂ ਦੇ ਮਹਾਤਮ ਦੱਸ ਕੇ ਸੰਕਟ-ਮੋਚਨ ਜਾਂ ਹੋਰ ਸਿਰਲੇਖਾਂ ਹੇਠ ਪੁਸਤਕਾਂ ਵੀ ਛਾਪ ਦਿੱਤੀਆਂ ਹਨ। ਇਨ੍ਹਾਂ ਪੁਸਤਕਾਂ ਵਿਚ ਆਪਣੀ ਇਸਤਰੀ ਜਾਂ ਪਤੀ ਵੱਸ ਕਰਨ ਲਈ, ਮੁਕੱਦਮਾ ਜਿੱਤਣ ਵਾਸਤੇ, ਜਾਂ ਅਨੇਕਾਂ ਬੀਮਾਰੀਆਂ ਤੋਂ ਮੁਕਤੀ ਪਾਉਣ ਲਈ ਸ਼ਬਦ-ਵੰਡ ਕੀਤੀ ਹੋਈ ਹੈ। ਇਸ ਤਰ੍ਹਾਂ ਹੀ ਨਿਤਨੇਮ ਦੀਆਂ ਬਾਣੀਆਂ ਪੜ੍ਹਨ ਦੇ ਵੱਖ ਵੱਖ ਮਹਾਤਮ ਪ੍ਰਗਟਾਏ ਹੋਏ ਹਨ, ਪਰ ਗੁਰਮਤਿ ਦੀ ਕਸਵੱਟੀ ਅਨੁਸਾਰ ਇਹ ਨਿਰਾ ਵਹਿਮ ਤੇ ਭਰਮ ਪੈਦਾ ਕਰਨਾ ਹੀ ਹੈ। ਜਿਵੇਂ :

> "ਆਸਾ ਦੀ ਵਾਰ ਚੌਰਾਸੀ ਦੇ ਗੇੜ ਨੂੰ ਮੁਕਾਉਣ ਲਈ, ਅਨੰਦੁ ਸਾਹਿਬ ਜੀਵਨ ਮੁਕਤੀ ਲਈ, ਚੌਪਈ ਰੱਖਿਆ ਲਈ, ਸਵੱਯੇ ਵੈਰਾਗ ਪੈਦਾ ਕਰਨ ਲਈ ਤੇ ਪਖੰਡ ਦਾ ਖੰਡਨ ਕਰਨ ਵਾਸਤੇ, ਜਾਪ ਸਾਹਿਬ ਅਕਾਲ ਪੁਰਖ ਨੂੰ ਨਮਸਕਾਰ ਤੇ ਸਰੂਪ ਲਖਣ ਲਈ, ਜਪੁ ਜੀ ਬ੍ਰਹਮ ਗਿਆਨ ਵਾਸਤੇ, ਸੋ ਦਰੁ ਦਾ ਪਾਠ ਸਚਖੰਡ ਵਿਚ ਥਾਂ ਪ੍ਰਾਪਤ ਕਰਨ ਲਈ, ਸੋਹਿਲਾ ਜਮਦੂਤਾਂ ਤੋਂ ਬਚਣ ਵਾਸਤੇ।" *(ਸਰੋਤ : ਗੁਰਬਾਣੀ ਪਾਠ ਦਰਸ਼ਨ, ਭਿੰਡਰਾਂਵਾਲੇ)*

ਨਾਨਕਸਰ ਵਾਲਿਆਂ ਨੇ ਆਪਣੇ ਵੱਲੋਂ ਛਪਾਏ ਗੁਟਕਿਆਂ ਵਿਚ ਸੁਖਮਨੀ ਸਾਹਿਬ ਦੀ ਬਾਣੀ ਦਾ ਮਹਾਤਮ ਦੱਸਣ ਲਈ ਮਨੁੱਖ ਦੇ ਸਵਾਸਾਂ ਦੀ ਗਿਣਤੀ ਕਰ ਦਿੱਤੀ ਕਿ ਮਨੁੱਖ 24 ਹਜ਼ਾਰ ਸਵਾਸ ਨਿਤ ਲੈਂਦਾ ਹੈ। 24 ਅਸ਼ਟਪਦੀਆਂ ਦਾ ਮੇਲ 24 ਹਜ਼ਾਰ ਨਾਲ ਕਿਵੇਂ ਕੀਤਾ, ਇਹ ਉਹੀ ਜਾਣ ਸਕਦੇ ਹਨ।

ਬਾਣੀਆਂ ਪੜ੍ਹਨ ਦੇ ਲਾਭ ਬਾਰੇ ਖੁਲਾਸਾ ਕਰਦੇ ਗਿਆਨੀ ਸ਼ੇਰ ਸਿੰਘ ਜੀ ਲਿਖਦੇ ਹਨ :

> "ਸਾਡੇ ਸਤਿਗੁਰੂਆਂ ਨੇ "ਸੁਣਿਆ, ਮੰਨਿਆ ਮਨਿ ਕੀਤਾ ਭਾਉ॥" ਅਰਥਾਤ ਸੁਣੋ, ਸਮਝੋ ਫਿਰ ਚੰਗੀ ਤਰ੍ਹਾਂ ਵੀਚਾਰ ਕਰ ਕੇ ਨਿਸ਼ਚੇ ਕਰੋ ਤੇ ਫਿਰ ਮਨ ਵਿਚ ਧਾਰਨ ਕਰੋ, ਤੇ ਉਸ ਪਰ ਅਮਲ ਕਰੋ; ਇਹ ਅਮੋਲਕ ਸਿਖਿਆ ਦੇ ਕੇ ਸਾਨੂੰ ਮੰਤਰ-ਜਾਲ ਤੋਂ ਛੁਡਾਇਆ। ਬਲਕਿ ਨਗਾਰੇ ਦੀ ਚੋਟ ਨਾਲ ਆਖਿਆ, "ਲਿਖੰ ਜੰਤ੍ਰ ਕੇਤੇ ਪੜ੍ਹੰ ਮੰਤ੍ਰ ਕੋਟੰ॥" "ਬਚੈਗੋ ਨ ਕੋਈ ਕਰੇ ਕਾਲ ਚੋਟੰ॥" ਪਰ ਪੜੋਸੀਆਂ ਵਾਲੀ ਛੋਹ ਦੀ ਬੀਮਾਰੀ ਤੋਂ ਅਸੀਂ ਬਚ ਨਾ ਸਕੇ ਤੇ ਅਸੀਂ ਵੀ ਗੁਣਾਂ ਦੀ ਖਾਣ ਗੁਰਬਾਣੀ ਨੂੰ ਆਖ਼ਰ ਮੰਤਰ ਬਣਾਉਣ ਦਾ

ਹੀ ਜਤਨ ਕੀਤਾ। ਕਈ ਪੋਥੀਆਂ ਲਿਖੀਆਂ ਮਿਲਦੀਆਂ ਹਨ, ਜਿਨ੍ਹਾਂ ਵਿਚ ਲਿਖਿਆ ਹੁੰਦਾ ਹੈ ਕਿ ਫਲਾਣੀ ਪਉੜੀ ਫਲਾਣੇ ਪਾਸੇ ਮੂੰਹ ਕਰ ਕੇ ਪੜ੍ਹੀਏ ਤਾਂ ਇਸਤਰੀ ਆਵੇ, ਜਾਂ ਕਿਸੇ ਹੋਰ ਤਰ੍ਹਾਂ ਪੜ੍ਹੀਏ ਤਾਂ ਧਨ ਆਵੇਗਾ।... ਅਸੀਂ ਅਮੋਲਕ ਹੀਰਿਆਂ ਨੂੰ ਕੌਡੀਆਂ ਸਮਝ ਕੇ ਵਰਤ ਰਹੇ ਹਾਂ। ਲੋੜ ਇਹ ਹੈ ਕਿ ਬਾਣੀ ਸਮਝ ਕੇ ਪੜ੍ਹੀਏ ਤੇ ਤੁਕ ਤੁਕ ਦਾ ਭਾਵ ਵੀਚਾਰੀਏ, ਅਤੇ ਦੇਖੀਏ ਕਿ ਦੁਨੀਆਂ ਵਿਚ ਜੀਵਨ ਮੁਕਤ ਹੋਣ ਲਈ ਬਾਣੀ ਕਿਹੜੇ ਢੰਗ ਦੱਸਦੀ ਹੈ।" *(ਜੀਵਨ ਤੇ ਲਿਖਤਾਂ)*

ਸ਼ਾਇਦ ਕਿਸੇ ਨੂੰ ਭੁਲੇਖਾ ਜਾਂ ਵਹਿਮ ਹੋ ਸਕਦਾ ਹੈ ਕਿ ਜ਼ਿਆਦਾ ਬਾਣੀਆਂ ਦਾ ਜਾਪ ਜਾਂ ਪੜ੍ਹਨ ਨਾਲ ਕੋਈ ਵੱਧ ਮਹਾਤਮ ਹੈ। ਇਸ ਬਾਰੇ ਇਕ ਦ੍ਰਿਸ਼ਟਾਂਤ ਦੇਣਾ ਜ਼ਰੂਰੀ ਸਮਝਦਾ ਹਾਂ ਜੋ ਭਾਈ ਨਾਨਕ ਸਿੰਘ ਨਾਵਲਕਾਰ ਹੋਰਾਂ ਦੀ ਸਵੈ-ਜੀਵਨੀ *ਮੇਰੀ ਦੁਨੀਆਂ* ਵਿੱਚੋਂ ਪੜ੍ਹਿਆ ਸੀ। ਦੱਸਦੇ ਹਨ, ਕਿਸੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਇਕ ਗੁਰਮੁਖ ਹਸਤੀ ਪਹੁੰਚੀ, ਉਸਨੇ ਕਥਾ ਦਾ ਪਰਵਾਹ ਚਲਾਇਆ। ਇਕ ਦਿਨ ਸਾਧਾਰਨ ਜਿਹਾ ਪੇਂਡੂ ਉਨ੍ਹਾਂ ਨੂੰ ਕਹਿਣ ਲੱਗਾ, "ਬਾਬਾ ਜੀ! ਮੈਂ ਅਨਪੜ੍ਹ ਹਾਂ, ਜੇ ਤੁਸੀਂ ਮੂੰਹ ਜ਼ਬਾਨੀ ਸੁਖਮਨੀ ਸਾਹਿਬ ਸਿਖਾ ਦਿਓ ਤਾਂ ਬਹੁਤ ਮੇਹਰਬਾਨੀ ਹੋਵੇਗੀ।" ਗੁਰਮੁਖ ਨੇ ਬੇਨਤੀ ਪਰਵਾਨ ਕਰ ਕੇ ਉਸਨੂੰ ਪਹਿਲੀਆਂ ਹੀ ਤੁਕਾਂ ਕੰਠ ਕਰਾਈਆਂ :

**ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥**
**ਕਲਿ ਕਲੇਸ ਤਨ ਮਾਹਿ ਮਿਟਾਵਉ ॥** *(ਪੰਨਾ 262)*

ਉਸ ਪ੍ਰੇਮੀ ਨੇ ਧਿਆਨ ਨਾਲ ਇਨ੍ਹਾਂ ਪੰਗਤੀਆਂ ਦਾ ਜਾਪ ਆਰੰਭ ਦਿੱਤਾ ਤੇ ਉਸ ਦੀ ਬਿਰਤੀ ਜੁੜ ਗਈ। ਕੁਝ ਚਿਰ ਬਾਅਦ ਅਚਾਨਕ ਉਸ ਸਾਧਾਰਨ ਪੇਂਡੂ ਦੀ ਮਿਲਣੀ ਕਥਾਕਾਰ ਨਾਲ ਹੋ ਗਈ ਤੇ ਕਿਹਾ, "ਪ੍ਰੇਮੀਆ! ਇਕ ਦਿਨ ਹੀ ਦੋ ਤੁਕਾਂ ਸਿੱਖ ਕੇ ਤੇਰਾ ਸੁਖਮਨੀ ਸਿੱਖਣ ਦਾ ਚਾਉ ਮੁੱਕ ਗਿਆ।" "ਬਾਬਾ ਜੀ," ਪ੍ਰੇਮੀ ਨੇ ਕਿਹਾ, "ਕੀ ਅਜੇ ਹੋਰ ਵੀ ਸੁਖਮਨੀ ਦਾ ਕੁਝ ਹਿੱਸਾ ਬਾਕੀ ਹੈ?" ਕਥਾਕਾਰ ਨੇ ਸਮਝਾਇਆ ਕਿ ਸੁਖਮਨੀ ਦੀਆਂ 24 ਅਸ਼ਟਪਦੀਆਂ ਹਨ, ਫਿਰ ਸਲੋਕ ਹਨ। ਇਹ ਸੁਣ ਕੇ ਪੇਂਡੂ ਜਗਿਆਸੂ ਨੇ ਕਿਹਾ, "ਮਹਾਤਮਾ ਜੀ! ਤੁਸੀਂ ਧੰਨ ਹੋ, ਜਿਹੜਾ ਇਤਨਾ ਵੱਡਾ ਸੁਖਮਨੀ ਸਾਹਿਬ ਆਪਣੇ ਅੰਦਰ ਸਮਾਈ ਬੈਠੇ ਹੋ, ਮੈਨੂੰ ਤਾਂ ਦੋ ਪੰਗਤੀਆਂ ਨੇ ਸੰਤੁਸ਼ਟ ਤੇ ਨਿਹਾਲ ਕਰ ਦਿੱਤਾ ਹੈ।"

ਗੁਰਬਾਣੀ ਸੰਦੇਸ਼ ਦਾ ਮੁਖ ਮੰਤਵ ਮਨੁੱਖ ਨੂੰ ਸ੍ਰੇਸ਼ਟ ਵਿਅਕਤੀ ਬਣਾਉਣ ਲਈ ਹੈ ਤਾਂ ਜੋ ਸ੍ਰੇਸ਼ਟ ਵਿਅਕਤੀਆਂ ਦਾ ਸ੍ਰੇਸ਼ਟ ਸਮਾਜ ਸਿਰਜਿਆ ਜਾਵੇ। ਅੱਜ ਪੰਜ ਗ੍ਰੰਥੀਆਂ ਦਾ ਨਿਤਨੇਮ ਕਰਨ ਵਾਲੇ, ਵੱਧ ਤੋਂ ਵੱਧ ਬਾਣੀਆਂ ਦਾ ਨਿਤਨੇਮ ਕਰਨ ਦੇ ਹਾਮੀ, ਸਗੋਂ ਖ਼ਾਲਸਈ ਪਹਿਰਾਵੇ ਵਿਚ ਦੀਦਾਰੀ ਵੀਰਾਂ ਵੱਲੋਂ ਅਣਮਨੁੱਖੀ ਕਰਤੂਤਾਂ ਕਾਰਨ ਭਾਈਚਾਰੇ ਦਾ ਨਾਉਂ ਬਦਨਾਮ ਹੋ ਰਿਹਾ ਹੈ। ਮੇਰਾ ਖ਼ਿਆਲ ਹੈ ਕਿ ਸਾਨੂੰ ਪੰਥ ਦੇ ਵਫ਼ਾਦਾਰ ਸਿਪਾਹੀ ਬਣਨ ਲਈ ਪੰਥਕ ਮਰਯਾਦਾ ਨੂੰ ਦਿਲੋਂ ਮੰਨਣਾ

ਪਵੇਗਾ। 1982-83 ਵਿਚ, ਜਦੋਂ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਵੈਨਕੂਵਰ ਆਏ, ਤਾਂ ਉਹ ਅੰਮ੍ਰਿਤ ਸਿੰਚਾਰ ਸਮਾਗਮ ਵਿਚ ਬਤੌਰ ਪੰਚ ਸ਼ਾਮਲ ਹੋਏ, ਜਦੋਂ ਅਨੰਦੁ ਸਾਹਿਬ ਬਾਣੀ ਉਨ੍ਹਾਂ ਪੜ੍ਹੀ ਤਾਂ ਮਰਯਾਦਾ ਅਨੁਸਾਰ ਪੰਜ ਪਉੜੀਆਂ ਪਹਿਲੀਆਂ ਤੇ ਅੰਤਲੀ ਪੜ੍ਹ ਕੇ ਸਮਾਪਤ ਕੀਤਾ। ਜਦੋਂ ਸਿੰਘਾਂ ਨੇ ਕਿੰਤੂ ਕੀਤਾ ਤੇ ਪੁੱਛਿਆ, ਤਾਂ ਉਨ੍ਹਾਂ ਨੇ ਸਾਫ਼ ਆਖ ਦਿੱਤਾ, "ਮੇਰਾ ਭਾਵੇਂ ਨਿੱਜੀ ਵਿਸ਼ਵਾਸ ਹੈ ਕਿ ਪੂਰਾ ਅਨੰਦੁ ਸਾਹਿਬ ਪੜ੍ਹਨਾ ਚਾਹੀਦਾ ਹੈ, ਪਰ ਮੈਂ ਪੰਥ ਦਾ ਸਿਪਾਹੀ ਹਾਂ ਤੇ ਸਿਪਾਹੀ ਹੋਣ 'ਤੇ ਪੰਥ ਦਾ ਵਫ਼ਾਦਾਰ ਵੀ ਹੋਣਾ ਹੈ, ਇਸ ਲਈ ਰਹਿਤ ਮਰਯਾਦਾ ਅਨੁਸਾਰ ਮੈਂ ਪੰਜ ਤੇ ਅੰਤਲੀ ਪਉੜੀ (ਅਨੰਦੁ ਸਾਹਿਬ) ਪੜ੍ਹੀ ਹੈ।" ਸੰਤ ਹਰਚੰਦ ਸਿੰਘ ਡੇਰੇ ਦੇ ਪ੍ਰਭਾਵ ਹੇਠ ਪੜ੍ਹੇ, ਪਰ ਜਦੋਂ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਬਣੇ ਤਾਂ ਹਮੇਸ਼ਾ ਮਰਯਾਦਾ 'ਤੇ ਪਹਿਰਾ ਦਿੱਤਾ।

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਬਾਰੇ ਆਉਂਦਾ ਹੈ, ਜਦੋਂ ਇਨ੍ਹਾਂ ਦੀ ਬਤੌਰ ਗ੍ਰੰਥੀ ਨਿਯੁਕਤੀ ਦਰਬਾਰ ਸਾਹਿਬ ਹੋਈ ਤਾਂ ਮਰਯਾਦਾ ਬਾਰੇ ਵਿਚਾਰ ਕਰਨ ਲਈ ਸੰਤ ਗੁਰਬਚਨ ਸਿੰਘ ਖ਼ਾਲਸਾ ਜੀ ਪਾਸ ਗਏ। ਗਿਆਨੀ ਕਿਰਪਾਲ ਸਿੰਘ ਜੀ ਨੇ ਕਿਹਾ, "ਉਥੇ ਮਰਯਾਦਾ ਬਾਬਾ ਜੀ ਭਿੰਨ ਹੈ, ਕਿਵੇਂ ਕਰਾਂਗਾ?" ਤਾਂ ਉਨ੍ਹਾਂ ਉੱਤਰ ਦਿੱਤਾ, "ਭਾਈ! ਸਾਡੀ ਮਰਯਾਦਾ ਡੇਰੇ ਦੀ ਹੈ, ਉਥੇ ਮਰਯਾਦਾ ਪੰਥ ਦੀ ਹੈ, ਤੁਸੀਂ ਪੰਥ ਦੀ ਮਰਯਾਦਾ ਹੀ ਮੰਨਣੀ ਹੈ।"

ਈਰਾਨ ਦੇ ਮਹਾਨ ਸੰਤ ਸ਼ੇਖ਼ ਸਾਅਦੀ ਆਪਣੀ ਪੁਸਤਕ *ਗੁਲਿਸਤਾਂ* ਵਿਚ ਲਿਖਦੇ ਹਨ—ਇਕ ਬਿਰਧ ਸ਼ਰਧਾਲੂ ਹੱਜ ਨੂੰ ਜਾਂਦੇ ਸਮੇਂ ਹਰ ਪੜਾਅ 'ਤੇ ਨਮਾਜ਼ ਪੜ੍ਹਦਾ ਸੀ। ਅਨੇਕਾਂ ਵਾਰ ਉਸਦੇ ਪੈਰ ਵਿਚ ਕੰਡਾ ਵੀ ਲੱਗਦਾ ਪਰ ਉਹ ਕੱਢਦਾ ਨਹੀਂ ਸੀ। ਉਸਨੂੰ ਅਜੇਹਾ ਹੱਠ ਕਰਮ ਚੰਗਾ ਲੱਗਾ ਤੇ ਨਾਲ ਹੀ ਘੁਮੰਡੀ ਵੀ ਹੋ ਗਿਆ ਕਿ ਮੇਰੇ ਵਰਗਾ ਕੋਈ ਹੋਰ ਨਮਾਜ਼ੀ ਨਹੀਂ ਹੈ। ਕਹਿੰਦੇ ਹਨ ਕਿ ਫ਼ਰਿਸ਼ਤੇ ਨੇ ਉਸ ਨੂੰ ਸੱਦ ਮਾਰੀ ਭਾਵ ਆਵਾਜ਼ ਦਿੱਤੀ ਕਿ 'ਚੰਗੇ ਸੁਭਾਉ ਵਾਲੇ ਪੁਰਸ਼, ਜੇ ਆਰਾਧਨਾ ਕੀਤੀ ਹੈ ਤਾਂ ਘੁਮੰਡ ਨਾ ਕਰ। ਕਿਸੇ ਇਕ ਦਿਲ ਨੂੰ ਉਪਕਾਰ ਜਾਂ ਸੇਵਾ ਕਰ ਕੇ ਸੁਖ ਦੇਣਾ, ਹਰ ਪੜਾਅ ਉੱਤੇ ਨਮਾਜ਼ ਪੜ੍ਹਨ ਨਾਲੋਂ ਚੰਗਾ ਹੈ।' ਅਸਲ ਤੱਤ ਸਾਰ ਇਹੀ ਹੈ ਕਿ ਮਨ ਅੰਦਰ ਕਦੀ ਅਜੇਹਾ ਭਰਮ ਜਾਂ ਵਹਿਮ ਨਹੀਂ ਕਰਨਾ ਕਿ ਇਸ ਬਾਣੀ ਦਾ ਮਹਾਤਮ ਹੋਰ ਤੇ ਦੂਸਰੀ ਬਾਣੀ ਦਾ ਮਹਾਤਮ ਘੱਟ ਜਾਂ ਵੱਧ। ਅਜੇਹੇ ਸ਼ੋਸ਼ੇ ਚਲਾਕ ਲੋਕਾਂ ਨੇ ਪ੍ਰਚਲਿਤ ਕੀਤੇ ਹਨ। ਸਾਨੂੰ ਗੁਰੂ ਸਾਹਿਬਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ, ਅਸੀਂ ਸ਼ਬਦ-ਗੁਰੂ ਦਾ ਪਾਠ-ਦੀਦਾਰ ਕਰਨਾ ਹੈ, ਸਮੁੱਚੀ ਬਾਣੀ ਦੇ ਸੰਦੇਸ਼ ਨੂੰ ਸਮਝ ਕੇ ਮੰਨਣਾ ਹੈ, ਤਾਹੀਓਂ ਸਾਡੇ ਜੀਵਨ 'ਚ ਆਨੰਦ ਆਵੇਗਾ।

## ਚੌਕੜਾ ਪਾਠ

ਕੁਝ ਸਾਲ ਪਹਿਲਾਂ ਕੁਝ ਵੀਰਾਂ ਨੇ ਨਵੀਂ ਹੀ ਪਿਰਤ ਚਲਾਉਣ ਦਾ ਜਤਨ ਕੀਤਾ। ਪਿਰਤ ਸੀ ਕਿ ਜਦੋਂ ਵੀ ਪਾਠ ਕਰੋ, ਉਤਨਾ ਸਮਾਂ ਚੌਕੜੀ ਜਾਂ ਚੌਕੜਾ

ਮਾਰੀ ਰੱਖਣਾ ਹੈ, ਜੇ ਕਿਤੇ ਤੁਹਾਡੀ ਚੌਂਕੜੀ ਨਾ ਰਹੇ ਤਾਂ ਪਾਠ 'ਚ ਵਿਘਨ ਪੈ ਜਾਂਦਾ ਹੈ। ਇਕ 65 ਸਾਲ ਦੀ ਬੀਬੀ ਸ਼ਰਧਾ ਸਹਿਤ ਹਰ ਸਮੇਂ ਵੈਨਕੂਵਰ ਦੇ ਇਕ ਗੁਰਦੁਆਰਾ ਸਾਹਿਬ ਪਾਠ ਕਰਦੀ ਹੈ। ਉਨ੍ਹਾਂ ਨੇ ਆਪ-ਮੁਹਾਰੇ ਆਪਣੀ ਇਕ ਸਹੇਲੀ ਪਾਸ ਪ੍ਰਗਟ ਕੀਤਾ ਕਿ ਸਿਹਤ ਪੱਖੋਂ ਕਈ ਵਾਰ ਉਨ੍ਹਾਂ ਤੋਂ ਚੌਂਕੜੀ ਨਹੀਂ ਲੱਗਦੀ, ਉਨ੍ਹਾਂ ਦੀ ਸਹੇਲੀ ਨੇ ਝੱਟ ਆਖ ਦਿੱਤਾ ਕਿ ਬਿਨਾਂ ਚੌਂਕੜੀ ਪਾਠ ਨਹੀਂ ਹੋ ਸਕਦਾ।

ਡਾਕਟਰ ਜਸਵੰਤ ਸਿੰਘ ਨੇਕੀ ਹੁਰਾਂ ਆਪਣੀ ਸਾਹਿਤਕ ਜੀਵਨੀ 'ਚ ਉਲੇਖ ਕੀਤਾ ਹੈ ਕਿ ਉਨ੍ਹਾਂ ਨੇ ਆਪਦੇ ਗ੍ਰਹਿ ਰਖਾਏ ਪਾਠ ਵਿਚ ਹਿੱਸਾ ਲਿਆ, ਜਦੋਂ ਕਿ ਉਨ੍ਹਾਂ ਦੀਆਂ ਲੱਤਾਂ 'ਤੇ ਪਲੱਸਤਰ ਲੱਗਾ ਹੋਇਆ ਸੀ। ਜੇਕਰ ਕੋਈ ਉਥੇ ਚੌਂਕੜਾ-ਪਾਠੀ ਹਾਜ਼ਰ ਹੁੰਦਾ ਤਾਂ ਉਨ੍ਹਾਂ ਨੇ ਡਾਕਟਰ ਨੇਕੀ ਦਾ ਕੀਤਾ ਪਾਠ ਕਦੀ ਨਾ ਪਰਵਾਨ ਕੀਤਾ ਹੁੰਦਾ।

ਸਿੱਖ ਧਰਮ ਜੋਗੀਆਂ ਦਾ ਧਰਮ ਨਹੀਂ ਹੈ। ਇਥੇ ਹੱਠ ਕਰਨਾ ਪਰਵਾਨ ਨਹੀਂ। ਜੇਕਰ ਅਸੀਂ ਭਾਈ ਵੀਰ ਸਿੰਘ ਦੀ ਲਿਖਤ *ਗੁਰਮੁਖ ਜੀਵਨ* ਪੜ੍ਹੀਏ ਤਾਂ ਉਸ ਵਿਚ ਉਨ੍ਹਾਂ ਦੀ ਹਮੇਸ਼ਾ ਨਸੀਹਤ ਹੁੰਦੀ ਕਿ ਘੱਟੋ-ਘੱਟ ਹਰ ਆਦਮੀ ਨੂੰ 7 ਜਾਂ 8 ਘੰਟੇ ਨੀਂਦ ਲੈਣੀ ਜ਼ਰੂਰੀ ਹੈ। ਕਈ ਵਾਰ ਲੋਕ ਦੋ ਵਜੇ ਉਠ ਕੇ ਸਿਮਰਨ ਕਰਦੇ ਹਨ ਤੇ ਸਿਮਰਨ ਤੇ ਨਿਤਨੇਮ ਤੋਂ ਬਾਅਦ ਫਿਰ ਸੌਂ ਜਾਂਦੇ ਹਨ। ਕੋਈ ਕਿੰਤੂ ਨਹੀਂ, ਇਹ ਆਦਮੀ 'ਤੇ ਨਿਰਭਰ ਕਰਦਾ ਹੈ ਕਿ ਉਸਦੀ ਕ੍ਰਿਤ ਕਿਹੋ ਜਿਹੀ ਹੈ। ਬੇਹਤਰ ਇਹੀ ਹੈ ਕਿ ਸਾਨੂੰ ਹਰ ਰੋਜ਼ 7 ਤੋਂ 8 ਘੰਟੇ ਸੌਣਾ ਚਾਹੀਦਾ ਹੈ। ਸਿੱਖ ਧਰਮ ਕਿਰਤੀਆਂ ਦਾ ਧਰਮ ਹੈ ਨਾ ਕਿ ਵਿਹਲੜ ਵਿਅਕਤੀਆਂ ਦਾ। ਸਾਨੂੰ ਨਵੇਂ ਭਰਮ ਜਾਂ ਵਹਿਮ ਨਹੀਂ ਘੜਨੇ ਚਾਹੀਦੇ। ਰੱਬ ਦੀ ਬੰਦਗੀ, ਪਾਠ ਤੇ ਕੀਰਤਨ ਪਿਆਰ ਤੇ ਸ਼ਰਧਾ ਸਹਿਤ ਹੋਣਾ ਜ਼ਰੂਰੀ ਹੈ, ਬਾਕੀ ਜਿਵੇਂ ਤੁਸੀਂ ਸਰੀਰਕ ਤੌਰ 'ਤੇ ਸੌਖੇ ਮਹਿਸੂਸ ਕਰੋ। ਜੇ ਚੌਂਕੜੀ ਆਦਿ ਲਗਾਉਣ ਦੀ ਤਕਲੀਫ਼ ਹੈ, ਤਾਂ ਜ਼ਿਆਦਾ ਚਿਰ ਨਾ ਬੈਠੋ, ਪਰ ਚੌਂਕੜੀ ਮਾਰ ਸਕਣ ਜਾਂ ਨਾ ਮਾਰ ਸਕਣ ਸੰਬੰਧੀ ਵਹਿਮ ਨਹੀਂ ਕਰਨਾ।

# ਅਰਦਾਸ ਸੰਬੰਧੀ ਪ੍ਰੰਪਰਾ ਅਤੇ ਵਹਿਮ

ਅਰਦਾਸ ਸਿੱਖ ਧਰਮ ਅੰਦਰ ਇਕ ਪ੍ਰਚਲਿਤ ਪ੍ਰੰਪਰਾ ਹੈ ਜੋ ਗੁਰੂ-ਕਾਲ ਤੋਂ ਹੀ ਸਥਾਪਤ ਹੋਈ ਹੈ। ਗੁਰਬਾਣੀ ਅੰਦਰ ਬੇਅੰਤ ਸ਼ਬਦ ਅਜੇਹੇ ਹਨ, ਜਿਨ੍ਹਾਂ ਦਾ ਵਿਸ਼ਾ ਤੇ ਸਰੂਪ ਅਰਦਾਸ ਜਾਂ ਬੇਨਤੀ ਦੀ ਭਾਵਨਾ ਨੂੰ ਉਜਾਗਰ ਕਰਦੇ ਹਨ:

**ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥**
**ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥**

*(ਪੰਨਾ 383)*

**ਤੂ ਠਾਕੁਰੁ ਤੁਮ ਪਹਿ ਅਰਦਾਸਿ॥**
**ਜੀਉ ਪਿੰਡੁ ਸਭੁ ਤੇਰੀ ਰਾਸਿ॥** *(ਪੰਨਾ 268)*

ਸਿੱਖ ਧਰਮ ਵਿਚ ਅਰਦਾਸ ਦਾ ਮੌਜੂਦਾ ਸਰੂਪ ਸਿੱਖ ਇਤਿਹਾਸ ਨਾਲ ਰੰਗਿਆ ਹੋਇਆ ਹੈ, ਉਪ੍ਰੰਤ ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ ਨੂੰ ਦ੍ਰਿੜ ਕਰਾਉਣ ਲਈ ਵਿਗਸਿਤ ਹੋਇਆ ਹੈ।

ਅੱਜ ਕੁਝ ਲੋਕਾਂ ਵੱਲੋਂ ਪੰਥਕ ਏਕਤਾ ਨੂੰ ਕਮਜ਼ੋਰ ਕਰਨ ਲਈ ਅਨੇਕਾਂ ਹੀ ਵਹਿਮ ਤੇ ਭਰਮਾਂ ਨੂੰ ਪ੍ਰਚਲਿਤ ਕੀਤਾ ਜਾ ਰਿਹਾ ਹੈ। ਕੁਝ ਚਿਰ ਪਹਿਲਾਂ ਇਕ ਸ਼ਰਧਾਲੂ ਬੀਬੀ ਨੇ ਫ਼ੋਨ ਕਰ ਕੇ ਵਿਸ਼ੇਸ਼ ਤੌਰ 'ਤੇ ਇਕ ਸਵਾਲ ਪੁੱਛਿਆ। ਸਵਾਲ ਸੀ, ਕਿ ਜਦ ਸੰਗਤ ਬਾਹਰ ਸੜਕ 'ਤੇ ਖੜੀ ਹੋਵੇ, ਜਾਂ ਕਿਸੇ ਖੇਡ ਮੈਦਾਨ ਵਿਚ ਅਰਦਾਸ ਕਰਨੀ ਹੋਵੇ, ਜਾਂ ਸਸਕਾਰ_ਹਾਲ ਵਿਚ ਅੰਤਮ ਸੰਸਕਾਰ ਦੌਰਾਨ ਲੋਕ ਜੁੜੇ ਹੋਣ, ਜਾਂ ਵਿਆਹ ਦੇ ਕਾਰਜ ਸਮੇਂ ਮਿਲਣੀ ਵੇਲੇ, ਜੁੱਤੀ ਜਾਂ ਬੂਟ ਲਾਹ ਦੇਣੇ ਚਾਹੀਦੇ ਹਨ ਕਿ ਨਹੀਂ। ਮੇਰਾ ਉੱਤਰ ਸੀ, ਭੈਣ ਜੀ! ਇਸ 'ਤੇ ਭਰਮ ਨਹੀਂ ਕਰਨਾ। ਜੇ ਫ਼ਰਸ਼ ਸਾਫ਼ ਹੈ, ਦਰੀ ਹੋਵੇ ਤਾਂ ਜੁੱਤੀ ਲਾਹ ਲਵੋ ਜਾਂ ਨਾ ਲਾਹੋ। ਕਈ ਵੇਰ ਬਰਫ਼ ਪਈ ਹੋਵੇ, ਜਾਂ ਸਰਦੀ ਜ਼ਿਆਦਾ ਹੋਵੇ, ਜਾਂ ਥਾਂ ਸਾਫ਼ ਨਾ ਹੋਵੇ ਤਾਂ ਜੁੱਤੀ ਵਾਲਾ ਭਰਮ ਨਹੀਂ ਕਰਨਾ। ਸਿੱਖ ਧਰਮ ਵਿਚ ਹੱਠ ਕਰਨ ਦੀ ਮਨਾਹੀ ਹੈ। ਇਕ ਸਮੇਂ ਸਰੀ (ਕੈਨੇਡਾ) ਗੁਰੂ-ਘਰ ਤੋਂ ਇਕ ਗ੍ਰੰਥੀ ਸਿੰਘ ਅੰਤਮ ਸੰਸਕਾਰ ਦੀ ਰਸਮ 'ਤੇ ਹਾਜ਼ਰ ਸਨ, ਉਨ੍ਹਾਂ ਨੇ ਜੁੜੀ ਹੋਈ ਸੰਗਤ ਨੂੰ ਵਿਸ਼ੇਸ਼ ਹਿਦਾਇਤ ਕੀਤੀ ਕਿ ਸਾਰੇ ਜੁੱਤੇ ਜਾਂ ਜੋੜੇ ਲਾਹ ਦੇਣ। ਇਸ ਤਰ੍ਹਾਂ ਦੀ ਪਿਰਤ ਪਾਉਣੀ ਠੀਕ ਨਹੀਂ ਅਤੇ ਅਜੇਹੇ ਮੌਕੇ ਨਵੇਂ ਵਹਿਮ ਤੇ ਭਰਮ ਨਹੀਂ ਪਾਉਣੇ ਚਾਹੀਦੇ।

ਸਿੱਖ ਸਮਾਜ ਅੰਦਰ ਇਕ ਹੋਰ ਕਮਜ਼ੋਰੀ ਹੈ, ਜਦੋਂ ਅਸੀਂ ਧਾਰਮਕ ਸੰਸਕਾਰਾਂ

ਨੂੰ ਕਰਨ ਲਈ ਵਿਸ਼ੇਸ਼ ਵਿਅਕਤੀਆਂ 'ਤੇ ਨਿਰਭਰ ਕਰਦੇ ਹਾਂ। ਲੰਗਰ ਦੀ ਤਿਆਰੀ ਉਪ੍ਰੰਤ ਬੀਬੀਆਂ ਗ੍ਰੰਥੀ ਸਿੰਘ ਦੀ ਉਡੀਕ ਕਰਨਗੀਆਂ ਤਾਂ ਜੋ ਲੰਗਰ ਲਈ ਅਰਦਾਸ ਹੋਵੇ। ਕਿਸੇ ਸਮਾਗਮ ਸਮੇਂ ਜਾਂ ਪਾਠ ਆਰੰਭ ਕਰਨ ਸਮੇਂ ਅਰਦਾਸੀਆ ਢੂੰਡਿਆ ਜਾਂਦਾ ਹੈ। ਹਰ ਸਿੱਖ ਨੂੰ ਅਰਦਾਸ ਕੰਠ ਹੋਣੀ ਚਾਹੀਦੀ ਹੈ ਅਤੇ ਲੋੜ ਸਮੇਂ ਉਹ ਧਾਰਮਕ ਸੰਸਕਾਰ ਦੌਰਾਨ ਅਰਦਾਸ ਕਰ ਸਕਦਾ ਹੋਵੇ। ਸਾਡੇ ਅੰਦਰ ਇਕ ਵਹਿਮ ਹੋਰ ਹੈ ਕਿ ਜੇ ਅਸੀਂ ਆਪ ਅਰਦਾਸ ਕਰੀਏ ਤਾਂ ਕਾਰਜ ਸਫਲ ਨਹੀਂ ਹੋਵੇਗਾ। ਇਸ ਮਨੋਰਥ ਲਈ ਅਨੇਕਾਂ ਬਾਬੇ ਜਾਂ ਭਾਈਆਂ ਦੀ ਮੰਗ ਵਧ ਜਾਂਦੀ ਹੈ। ਪਰਮਾਤਮਾ ਅੱਗੇ ਪ੍ਰਾਰਥਨਾ ਜਾਂ ਅਰਦਾਸ ਕਰਨ ਲਈ ਕਿਸੇ ਵਿਚੋਲੇ ਦੀ ਲੋੜ ਨਹੀਂ। ਅਰਦਾਸ ਲਈ ਸ਼ਰਧਾ ਤੇ ਭਾਵਨਾ ਦਾ ਮਹੱਤਵ ਹੈ, ਜੋ ਕਿ ਜਗਿਆਸੂ ਅੰਦਰ ਉਤਪੰਨ ਹੋਣੀ ਜ਼ਰੂਰੀ ਹੈ। ਜੇ ਸਾਡਾ ਮਨ ਕਿਤੇ ਹੋਰ ਹੈ ਪਰ ਸ਼ਬਦਾਂ ਰਾਹੀਂ ਵਾਹਿਗੁਰੂ ਅੱਗੇ ਮੰਗ ਕਰਦੇ ਹਾਂ, ਤਾਂ ਅਜੇਹੀ ਅਰਦਾਸ, ਇਕ ਥੋਥੀ ਰਸਮ ਹੀ ਹੈ ਅਤੇ ਭਾਵਨਾ-ਰਹਿਤ ਹੈ।

## ਸਾਡੀ ਅਰਦਾਸ ਕਿਸ ਅੱਗੇ ?

ਸਿੱਖ ਹਰ ਕਾਰਜ ਅਰਦਾਸ ਨਾਲ ਕਰਦਾ ਹੈ, ਭਾਵੇਂ ਅਰਦਾਸ ਸੰਖੇਪ ਹੀ ਕਿਉਂ ਨਾ ਹੋਵੇ :

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥** *(ਪੰਨਾ 91)*

**ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ ॥**
**ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ ॥** *(ਪੰਨਾ 86)*

ਉਪਰੋਕਤ ਗੁਰਵਾਕਾਂ ਦੁਆਰਾ ਸਪੱਸ਼ਟ ਹੁੰਦਾ ਹੈ ਕਿ ਸਾਡੀ ਅਰਦਾਸ ਨਿਰ-ਅਕਾਰ ਵਾਹਿਗੁਰੂ ਅੱਗੇ ਹੈ, ਜਿਸਦਾ ਵਿਸ਼ੇਸ਼ ਸਰੂਪ ਗੁਰੂ ਨਾਨਕ ਸਾਹਿਬ ਨੇ '੧ਓ' ਤੋਂ ਲੈ ਕੇ 'ਗੁਰਪ੍ਰਸਾਦਿ' ਤਕ ਚਿਤਰਿਆ ਹੈ। ਜਿਸਨੂੰ ਥਾਪਿਆ ਨਹੀਂ ਜਾ ਸਕਦਾ, ਘੜਿਆ ਨਹੀਂ ਜਾ ਸਕਦਾ।

ਸਾਲ 1982-83 ਦੀ ਗੱਲ ਹੋਵੇਗੀ। ਸਿੱਖ ਸਮਾਚਾਰ ਬੋਰਡ ਦੀ ਇਕੱਤਰਤਾ ਕੈਮਲੂਪਸ ਵਿਖੇ ਹੋਈ। ਇਕੱਤਰਤਾ ਦੀ ਆਰੰਭਤਾ ਲਈ ਅਰਦਾਸ ਕੀਤੀ, ਪਰ ਜਿਸਨੇ ਅਰਦਾਸ ਕੀਤੀ ਉਸਨੇ ਕੰਧ 'ਤੇ ਲੱਗੀਆਂ ਕਲਪਿਤ ਤਸਵੀਰਾਂ ਵੱਲ ਮੂੰਹ ਕਰ ਕੇ ਕੀਤੀ। ਇਸ 'ਤੇ ਵਿਚਾਰ ਵੀ ਹੋਈ ਕਿ ਇਸ ਤਰ੍ਹਾਂ ਕਰਨਾ ਠੀਕ ਹੈ ਜਾਂ ਨਹੀਂ। ਗੁਰਮਤਿ ਦੀ ਕਸਵੱਟੀ ਅਨੁਸਾਰ ਅਜੇਹਾ ਕਰਨਾ ਠੀਕ ਨਹੀਂ ਸੀ। ਗੁਰਦੁਆਰਾ ਸਾਹਿਬ ਅੰਦਰ ਸਾਡੀ ਅਰਦਾਸ ਗੁਰੂ ਗ੍ਰੰਥ ਸਾਹਿਬ ਅੱਗੇ ਖੜੇ ਹੋ ਕੇ ਕੀਤੀ ਜਾਂਦੀ ਹੈ, ਪਰ ਅਰਦਾਸ ਦੀ ਜਾਚਨਾ 'ਹਰਿ ਪਹਿ' ਦੀ ਹੁੰਦੀ ਹੈ। ਅਰਦਾਸ ਦੇ ਅੰਤਲੇ ਭਾਗ 'ਚ ਅਸੀਂ ਨਿਮਰਤਾ ਸਹਿਤ ਤਰਲਾ ਕਰਦੇ ਹਾਂ: "ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ" ਗੁਰੂ ਗ੍ਰੰਥ ਦੇ ਅਕਾਰ ਦੀ ਪੂਜਾ ਨਹੀਂ, ਗੁਰੂ ਗ੍ਰੰਥ ਦੇ ਗਿਆਨ ਸਰੂਪ ਨੂੰ ਸਤਿਕਾਰ ਹੈ, ਬਾਣੀ

ਗੁਰੂ ਸਾਡਾ ਆਧਾਰ ਹੈ, ਪਰ ਜਾਚਨਾ ਨਿਰੰਕਾਰ ਨੂੰ ਹੈ, ਜਿਥੇ ਗੁਰੂ ਗ੍ਰੰਥ ਸਾਹਿਬ ਹਾਜ਼ਰ ਨਾ ਹੋਣ ਤਾਂ ਕਿਸੇ ਪਾਸੇ ਵੀ ਮੂੰਹ ਕਰ ਕੇ ਅਰਦਾਸ ਕੀਤੀ ਜਾ ਸਕਦੀ ਹੈ। ਇਕ ਗੱਲ ਸਾਨੂੰ ਦ੍ਰਿੜ ਕਰ ਲੈਣੀ ਚਾਹੀਦੀ ਹੈ ਕਿ:

**ਹਿਕੁ ਸੇਵੀ ਹਿਕੁ ਸੰਮਲਾ ਹਰਿ ਇਕਸੁ ਪਹਿ ਅਰਦਾਸਿ ॥** *(ਪੰਨਾ 710)*

ਭਾਵ, ਇਕ ਪਰਮਾਤਮਾ ਨੂੰ ਹੀ ਮਨ 'ਚ ਵਸਾ ਕੇ ਨਿਮਰਤਾ ਨਾਲ ਗੁਰਮਤਿ ਪ੍ਰੰਪਰਾ ਦਾ ਪਾਲਣ ਕਰਨਾ ਚਾਹੀਦਾ ਹੈ:

**ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥**
**ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥** *(ਪੰਨਾ 44)*

ਸਾਡੇ ਸਮਾਜ ਵਿਚ ਕਈ ਵੀਰ ਸਿੱਖੀ ਸਰੂਪ ਵਿਚ ਵਿਚਰਨ ਵਾਲੇ ਵਹਿਮਾਂ ਤੇ ਭਰਮਾਂ ਦੇ ਸ਼ਿਕਾਰ ਹਨ। ਪਿੰਡਾਂ ਵਿਚ ਪੁਰਾਣੇ ਬਜ਼ੁਰਗਾਂ ਦੀਆਂ ਮੱਟੀਆਂ, ਪੀਰਾਂ ਦੀਆਂ ਕਬਰਾਂ ਜਾਂ ਕਲਪਤ ਸ਼ਹੀਦਾਂ ਦੀ ਯਾਦ ਵਿਚ ਮੜ੍ਹੀਆਂ ਅੱਗੇ ਵੀ ਅਰਦਾਸਾਂ ਹੁੰਦੀਆਂ ਹਨ ਜੋ ਕਿ ਨਿਰੀ ਮਨਮਤ ਹੈ। ਕਈ ਥਾਈਂ ਦੇਖਣ ਵਿਚ ਆਇਆ ਹੈ ਕਿ ਗੁਰੂ ਸਾਹਿਬਾਨ ਦੀਆਂ ਵਸਤੂਆਂ ਅੱਗੇ ਅਰਦਾਸ ਹੁੰਦੀ ਹੈ ਤੇ ਕਾਮਨਾਵਾਂ ਦੀ ਪੂਰਤੀ ਲਈ ਜਾਚਨਾ ਕੀਤੀ ਜਾਂਦੀ ਹੈ।

ਦਿੱਲੀ ਜਾਂ ਵੱਡੇ ਵੱਡੇ ਸ਼ਹਿਰਾਂ ਵਿਚ ਕਈ ਅਮੀਰ ਲੋਕ ਚੈੱਕ ਲਿਖ ਕੇ ਜਾਂ ਵੱਡੇ ਵੱਡੇ ਨੋਟ ਅਰਦਾਸੀਏ ਨੂੰ ਅਰਦਾਸ ਕਰਦੇ ਸਮੇਂ ਹੱਥਾਂ ਵਿਚ ਫੜਾਉਂਦੇ ਹਨ। ਇਹ ਇੰਝ ਲੱਗਦਾ ਹੈ ਜਿਵੇਂ ਪੇਂਡੂ ਲੋਕ ਬਾਜ਼ੀਗਰਾਂ ਨੂੰ ਬਾਜ਼ੀ ਪਾਉਣ ਉਪ੍ਰੰਤ ਵੇਲ ਕਰਾਉਂਦੇ ਹਨ। ਅਸੀਂ ਇਸਨੂੰ ਵਾਹਿਗੁਰੂ ਨਿਰੰਕਾਰ ਦੇ ਅੱਗੇ ਅਰਦਾਸ ਨਹੀਂ, ਮਖ਼ੌਲ ਕਰਨ ਵਾਲੀਆਂ ਖੇਡਾਂ ਹੀ ਸਮਝਾਂਗੇ। ਕਿਸੇ ਪਰਿਵਾਰ ਜਾਂ ਵਿਅਕਤੀ ਦੀ ਲੋਚਾ ਹੁੰਦੀ ਹੈ ਕਿ ਉਨ੍ਹਾਂ ਦਾ ਨਾਂ ਅਰਦਾਸ ਵਿਚ ਜ਼ਰੂਰ ਬੋਲਿਆ ਜਾਵੇ। ਇਹ ਵਹਿਮ ਹੈ ਜਾਂ ਵਡਿਆਈ ਕਰਾਉਣ ਦੀ ਭਾਵਨਾ। ਇਕ ਪਾਸੇ ਅਸੀਂ ਪਰਮਾਤਮਾ ਨੂੰ ਸਰਵ-ਸ਼ਕਤੀਮਾਨ, ਘਟਿ ਘਟਿ ਕੀ ਜਾਣਨ ਵਾਲਾ ਮੰਨਦੇ ਹਾਂ, ਦੂਜੇ ਪਾਸੇ ਜੇ ਅਰਦਾਸੀਏ ਪਾਸੋਂ ਕੋਈ ਨਾਂ ਅਰਦਾਸ ਵਿਚ ਬੋਲਣ ਤੋਂ ਰਹਿ ਜਾਵੇ, ਤਾਂ ਅਸੀਂ ਪ੍ਰਬੰਧਕਾਂ ਪਾਸ ਰੋਸ ਕਰਦੇ ਹਾਂ, ਸ਼ਰੇਆਮ ਲੜਦੇ ਹਾਂ ਕਿਉਂਕਿ ਸਾਡਾ ਮਨ ਹਉਮੈ ਨਾਲ ਭਰਪੂਰ ਹੈ ਅਤੇ ਵਾਹਿਗੁਰੂ 'ਤੇ ਭਰੋਸਾ ਨਹੀਂ। ਸਿੱਖ ਨੂੰ ਨਿਮਰਤਾ ਅੰਦਰ ਰਹਿ ਕੇ ਵਾਹਿਗੁਰੂ ਤੋਂ ਚੜ੍ਹਦੀ ਕਲਾ ਦੀ ਜਾਚਨਾ ਕਰਨੀ ਚਾਹੀਦੀ ਹੈ। ਸਿੱਖ ਵੱਲੋਂ ਤਾਂ ਵਾਹਿਗੁਰੂ ਅੱਗੇ ਹਮੇਸ਼ਾ ਸਿੱਖੀ ਦਾਨ, ਕੇਸ ਦਾਨ, ਵਿਸਾਹ ਦਾਨ, ਭਰੋਸਾ ਦਾਨ, ਬਿਬੇਕ ਦਾਨ, ਨਾਮ ਦਾਨ ਤੇ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਦੀ ਜਾਚਨਾ ਹੁੰਦੀ ਹੈ। ਅਖ਼ੀਰ 'ਚ ਸਮੂਹ ਸੰਸਾਰ ਲਈ ਸਰਬੱਤ ਦਾ ਭਲਾ ਮੰਗਣਾ ਹੀ ਸਿੱਖ ਦੀ ਅਰਦਾਸ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਹੈ।

# ਅਰਦਾਸ ਸਰਬੱਤ ਦੇ ਭਲੇ ਲਈ

ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਖੇ ਵਾਪਰੇ 11 ਸਤੰਬਰ 2001 ਦੇ ਦੁਖਾਂਤ ਨੇ ਸਮੂਹ ਸੰਸਾਰ ਦੇ ਹਿਰਦਿਆਂ ਨੂੰ ਵਲੂੰਧਰ ਦਿੱਤਾ। ਸਾਰੇ ਸੰਸਾਰ ਅੰਦਰ ਹਾਹਾਕਾਰ ਮੱਚ ਗਈ। ਇਸ ਦੁਖਾਂਤ ਪਿੱਛੋਂ ਸਮੂਹ ਵਰਗਾਂ ਅਤੇ ਧਰਮਾਂ ਦੇ ਲੋਕਾਂ ਵੱਲੋਂ ਅਰਦਾਸ ਦਿਵਸ (Prayer day) ਆਯੋਜਤ ਹੋਇਆ। ਸਿੱਖ ਕੌਮ ਨੇ ਵੀ ਨੁਮਾਇੰਦਗੀ ਕੀਤੀ ਅਤੇ ਨਿਊਯਾਰਕ ਤੋਂ ਗਿਆਨੀ ਜਗਤਾਰ ਸਿੰਘ ਜੀ ਜਾਚਕ ਹੁਰਾਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਪੰਚਮ ਪਾਤਸ਼ਾਹ ਦਾ ਹੇਠ ਲਿਖਿਆ ਸ਼ਬਦ ਗਾਇਨ ਕੀਤਾ, ਜਿਸਦਾ ਇਕ ਸਿੱਖ ਡਾਕਟਰ ਨੇ ਅੰਗਰੇਜ਼ੀ ਵਿਚ ਤਰਜਮਾ ਕੀਤਾ:

**ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥**
**ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥**
**ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥**
**ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ ॥**
**ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ ॥** *(ਪੰਨਾ 1251)*

ਹੇ ਵਾਹਿਗੁਰੂ! ਆਪਣੀ ਮਿਹਰ ਕਰ ਅਤੇ ਸਾਰੇ ਜੀਵਾਂ ਦੀ ਸਾਰ ਲਓ, ਅੰਨ ਪਾਣੀ ਬਹੁਤ ਪੈਦਾ ਕਰ ਅਤੇ ਜੀਵਾਂ ਦੇ ਦੁਖ-ਦਲਿੱਦਰ ਦੂਰ ਕਰ ਕੇ ਬਚਾ ਲੈ। ਸਾਰੀ ਸ੍ਰਿਸ਼ਟੀ ਦੀ ਇਹ ਅਰਦਾਸ ਪਰਮਾਤਮਾ ਨੇ ਸੁਣੀ ਤੇ ਸ੍ਰਿਸ਼ਟੀ ਸ਼ਾਂਤ ਹੋ ਗਈ। ਇਸ ਤਰ੍ਹਾਂ ਹੀ ਹੇ ਪ੍ਰਭੂ ਮਾਲਕ! ਜੀਵਾਂ ਨੂੰ ਆਪਣੇ ਨੇੜੇ ਰੱਖ ਅਤੇ ਇਨ੍ਹਾਂ ਦੀ ਸਾਰੀ ਬਿਪਤਾ ਦੂਰ ਕਰ। ਹੇ ਨਾਨਕ! ਪ੍ਰਭੂ ਦੀ ਬੰਦਗੀ ਕਰ, ਉਸਦਾ ਘਰ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ।

ਪਰਮਾਤਮਾ ਕੋਲੋਂ ਇਹ ਨਹੀਂ ਮੰਗਿਆ ਕਿ ਜਿਨ੍ਹਾਂ ਨੇ ਅਣ-ਮਨੁੱਖੀ ਕਾਰਾ ਕੀਤਾ, ਉਨ੍ਹਾਂ ਨੂੰ ਸਜ਼ਾਵਾਂ ਦਿਓ ਜਾਂ ਉਨ੍ਹਾਂ ਦਾ ਸਰਵਨਾਸ਼ ਕਰੋ। ਗੁਰਮਤਿ ਦਾ ਸਿਧਾਂਤ ਹੈ ਕਿ ਜੋ ਕੁਝ ਸੰਸਾਰ ਵਿਚ ਹੁੰਦਾ ਹੈ, ਉਸ ਦੇ ਹੁਕਮ ਵਿਚ ਹੈ, ਅਸੀਂ ਉਸਦੇ ਹੁਕਮ ਨੂੰ ਖਿੜੇ ਮੱਥੇ ਮੰਨਣਾ ਹੈ:

**ਤੇਰਾ ਕੀਆ ਮੀਠਾ ਲਾਗੈ ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥** *(ਪੰਨਾ 394)*

ਕਈ ਵਾਰ ਅਸੀਂ ਅਰਦਾਸ ਦੇ ਸਿੱਧਾਂਤਾਂ ਬਾਰੇ ਨਾ ਜਾਣਦੇ ਹੋਏ ਭੁਲੇਖਾ ਖਾ ਜਾਂਦੇ ਹਾਂ ਜਾਂ ਸਾਨੂੰ ਵਹਿਮ ਹੋ ਜਾਂਦਾ ਹੈ ਕਿ ਜੋ ਅਸੀਂ ਸੋਚਦੇ ਹਾਂ, ਉਹ ਠੀਕ ਹੈ

ਤੇ ਦੂਸਰਿਆਂ ਦੀ ਸੋਚ ਗਲਤ ਹੈ। ਅਸੀਂ ਜ਼ਿਆਦਾਤਰ ਸੁਆਰਥੀ ਹੋ ਜਾਂਦੇ ਹਾਂ ਅਤੇ ਜਿਥੇ ਮਨ ਕਰ ਕੇ ਕਿਸੇ ਪ੍ਰਤਿ ਮਾੜਾ ਸੋਚਣ ਲੱਗ ਜਾਂਦੇ ਹਾਂ, ਉਥੇ ਅਸੀਂ ਅਰਦਾਸ ਅੰਦਰ ਪਰਮਾਤਮਾ ਪਾਸੋਂ ਦੂਜੇ ਨੂੰ ਨੁਕਸਾਨ ਜਾਂ ਹਾਨੀ ਪਹੁੰਚਾਉਣ ਲਈ ਜਾਚਨਾ ਕਰਦੇ ਹਾਂ। ਅਸੀਂ ਭੁੱਲ ਜਾਂਦੇ ਹਾਂ ਕਿ ਅਰਦਾਸ ਦੇ ਆਖ਼ਰੀ ਬੰਦ 'ਚ ਸਰਬੱਤ ਦੇ ਭਲੇ ਦੀ ਮੰਗ ਹੈ। ਸਾਲ 1982-83 ਦੀ ਗੱਲ ਹੋਵੇਗੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਅੱਗੇ ਇਕ ਨੌਜਵਾਨ ਬੀਬੀ ਨੂੰ ਕਾਰ ਥੱਲੇ ਦੇ ਕੇ ਕੁੱਚਲ ਦਿੱਤਾ ਅਤੇ ਉਸਦੀ ਮੌਤ ਹੋ ਗਈ। ਸੰਗਤ ਅੰਦਰ ਇਸ ਹਾਦਸੇ ਨੂੰ ਦੇਖ ਕੇ ਬਹੁਤ ਰੋਹ ਸੀ। ਬਹੁਤ ਬੀਬੀਆਂ ਨੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਨੂੰ ਅਰਦਾਸ ਅੰਦਰ ਵਿਸ਼ੇਸ਼ ਸ਼ਬਦ ਬੋਲਣ ਲਈ ਆਖਿਆ ਕਿ 'ਜਿਸਨੇ ਇਹ ਹਾਦਸਾ ਕੀਤਾ ਹੈ ਹੇ ਵਾਹਿਗੁਰੂ, ਉਨ੍ਹਾਂ ਦੁਸ਼ਟਾਂ ਨੂੰ ਸਜ਼ਾ ਦੇਵੋ।'

ਗੁਰਮਤਿ ਦੀ ਕਸਵੱਟੀ ਅਨੁਸਾਰ ਜੋ ਇਸ ਤਰ੍ਹਾਂ ਹੋਇਆ ਉਹ ਠੀਕ ਨਹੀਂ ਸੀ। ਜੇਕਰ ਅਸੀਂ ਦੂਜੇ ਦੀ ਹਾਨੀ ਦੀ ਜਾਚਨਾ ਕਰਾਂਗੇ, ਜਾਂ ਆਖੀਏ ਕਿ ਉਨ੍ਹਾਂ ਨੂੰ ਸਜ਼ਾ ਦੇਵੋ, ਤਾਂ ਅਰਦਾਸ ਦੇ ਅਖ਼ੀਰ 'ਚ ਮਹਾਨ ਤੇ ਵਿਲੱਖਣ ਬੋਲ 'ਤੇਰੇ ਭਾਣੇ ਸਰਬੱਤ ਦਾ ਭਲਾ' ਆਖਣਾ ਅਰਥਹੀਣ ਹੋ ਜਾਣਗੇ। ਗੁਰੂ ਸਾਹਿਬਾਨ ਨੇ ਸ਼ਹੀਦੀਆਂ ਪਾਈਆਂ ਤੇ ਅਨੇਕਾਂ ਹੀ ਸਿੰਘਾਂ ਨੇ ਤਸੀਹੇ ਝੱਲੇ, ਪਰ ਹਮੇਸ਼ਾ ਰੱਬੀ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ :

> ਮਨੁ ਤਨੁ ਆਗੈ ਜੀਅੜਾ ਤੁਝ ਪਾਸਿ ॥
> ਜਿਉ ਭਾਵੈ ਤਿਉ ਰਖਹੁ ਅਰਦਾਸਿ ॥ *(ਪੰਨਾ 1345)*

> ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ ॥ *(ਪੰਨਾ 318)*

ਸਾਨੂੰ ਗੁਰਮਤਿ ਸਿੱਧਾਂਤ ਬਾਰੇ ਸਪੱਸ਼ਟਤਾ ਹੋਵੇ ਤੇ ਇਸ ਸਿੱਧਾਂਤ ਦੀ ਹੋਰਾਂ ਨਾਲ ਸਾਂਝ ਕਰੀਏ ਕਿ ਕਿਸੇ ਬੁਰੇ ਲਈ ਵੀ ਅਰਦਾਸ ਵਿਚ ਅਸੀਂ ਭਲਾ ਹੀ ਮੰਗਣਾ ਹੈ, ਕਿਸੇ ਦਾ ਬੁਰਾ ਨਹੀਂ ਚਿਤਵਣਾ। ਅਸੀ ਤਾਂ :

> ਨਾਨਕ ਨਾਮ ਚੜ੍ਹਦੀ ਕਲਾ,
> ਤੇਰੇ ਭਾਣੇ ਸਰਬੱਤ ਦਾ ਭਲਾ।

ਦੀ ਜਾਚਨਾ ਕਰਦੇ ਹੋਏ ਅਰਦਾਸ ਕਰਦੇ ਹਾਂ ਤੇ ਵਾਹਿਗੁਰੂ ਦੇ ਭਾਣੇ 'ਚ ਪੂਰਨ ਵਿਸ਼ਵਾਸ ਕਰ ਕੇ ਚਿੰਤਾ-ਰਹਿਤ ਹੋ ਜਾਂਦੇ ਹਾਂ।

# ਅਰਦਾਸ ਦੇ ਸਰੂਪ : ਛੋਟੀ ਜਾਂ ਲੰਬੀ ਅਰਦਾਸ

20ਵੀਂ ਸਦੀ ਦੇ ਮੁੱਢ ਵਿਚ ਅਰਦਾਸ ਅੰਦਰ ਆਰੰਭਕ ਪਉੜੀ 'ਸ੍ਰੀ ਭਗਉਤੀ ਜੀ ਸਹਾਇ। ਵਾਰ ਸ੍ਰੀ ਭਗਉਤੀ ਜੀ ਕੀ...' ਜਿਸਨੂੰ ਮੰਗਲਾਚਰਨ ਦੇ ਤੌਰ 'ਤੇ ਪਰਵਾਨਿਆ ਗਿਆ ਹੈ, ਬਹੁਤ ਚਰਚਿਤ ਵਿਸ਼ਾ ਬਣਿਆ ਰਿਹਾ ਹੈ। ਕੁਝ ਪੰਥਕ ਵਿਦਵਾਨਾਂ ਦੀ ਇਸ ਮੰਗਲਾਚਰਨ ਦੇ ਰੂਪ ਨਾਲ ਅਸਹਿਮਤੀ ਸੀ। ਇਸ ਅਰਦਾਸ ਦੇ ਰੂਪ ਨੂੰ ਪੰਥਕ ਤੌਰ 'ਤੇ ਮਾਨਤਾ ਪ੍ਰਾਪਤ ਹੈ ਅਤੇ ਇਸ 'ਤੇ ਕੋਈ ਕਿੰਤੂ ਕਰਨਾ ਪੰਥਕ ਹਿੱਤਾਂ ਦੇ ਵਿਰੁੱਧ ਜਾਣਾ ਹੈ। ਅਰਦਾਸ ਦਾ ਸਹੀ ਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਰਹਿਤ ਮਰਯਾਦਾ ਜਾਂ ਮਿਸ਼ਨਰੀ ਕਾਲਜ ਦੁਆਰਾ ਛਪੇ ਹੋਏ ਗੁਟਕਿਆਂ ਅੰਦਰ ਮੌਜੂਦ ਹੈ। ਸਮੂਹ ਪੰਥਕ ਜਥੇਬੰਦੀਆਂ ਦਾ ਫ਼ਰਜ਼ ਬਣਦਾ ਹੈ ਕਿ ਖ਼ਾਲਸਾ ਪੰਥ ਵੱਲੋਂ ਸਥਾਪਤ ਸਰੂਪ ਨੂੰ ਹੀ ਪ੍ਰਚਲਿਤ ਕੀਤਾ ਜਾਣਾ ਚਾਹੀਦਾ ਹੈ।

ਜਿਥੋਂ ਤਕ ਛੋਟੀ ਜਾਂ ਲੰਬੀ ਅਰਦਾਸ ਦਾ ਸੰਬੰਧ ਹੈ, ਇਹ ਸਮੇਂ ਦੀ ਲੋੜ ਅਨੁਸਾਰ ਜਾਂ ਵਿਅਕਤੀਗਤ ਫ਼ੈਸਲੇ ਹਨ, ਪਰ ਪੰਥਕ ਤੌਰ 'ਤੇ ਅਰਦਾਸ ਦਾ ਇੱਕੋ ਹੀ ਸਰੂਪ ਹੈ। ਕਈ ਵੇਰ ਸ਼ਰਧਾਲੂ ਵੀਰ ਅਰਦਾਸ ਕਰਨ ਸਮੇਂ ਵਾਧੂ ਵਿਸ਼ੇਸ਼ਣ ਜੋੜ ਦਿੰਦੇ ਹਨ, ਉਦਾਹਰਣ ਦੇ ਤੌਰ 'ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਆਉਂਦਾ ਹੈ, ਉਸ ਸਮੇਂ ਬਹੁਤ ਜ਼ਿਆਦਾ ਵਿਸ਼ੇਸ਼ਣ ਪ੍ਰਯੋਗ ਕਰਦੇ ਹਨ, ਜਿਵੇਂ ਚਿੱਟੇ ਬਾਜਾਂ ਵਾਲੇ, ਨੀਲੇ ਘੋੜੇ ਵਾਲੇ, ਅੰਮ੍ਰਿਤ ਦੇ ਦਾਤੇ, ਸਰਬੰਸ ਦਾਨੀ ਉਪ੍ਰੰਤ ਭਾਈ ਨੰਦ ਲਾਲ ਵੱਲੋਂ ਦਸਮੇਸ਼ ਪਿਤਾ ਦੀਆਂ ਸਿਫ਼ਤਾਂ ਵਿਚ ਲਿਖਿਆ ਸਵੱਯਾ 'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ,' ਕਈ ਬੰਦ ਪੜ੍ਹਦੇ ਰਹਿੰਦੇ ਹਨ। ਇਸ ਨਾਲ ਅਰਦਾਸ ਦਾ ਸਰੂਪ ਲੰਬਾ ਹੋ ਜਾਂਦਾ ਹੈ।

ਪੁਰਾਤਨ ਸਮੇਂ ਸ੍ਰੀ ਦਰਬਾਰ ਸਾਹਿਬ ਵਿਖੇ ਰਾਜਿਆਂ ਮਹਾਰਾਜਿਆਂ ਵੱਲੋਂ ਕੜਾਹ ਪ੍ਰਸ਼ਾਦ ਦੀ ਦੇਗ ਲਈ ਚੜ੍ਹੇ ਚੜ੍ਹਾਵਿਆਂ ਦੀ ਵੀ ਅਰਦਾਸ ਹੁੰਦੀ ਰਹੀ ਹੈ, ਪਰ ਅਰਦਾਸ ਦਾ ਸਰੂਪ ਲੰਬਾ ਹੋਣ ਕਾਰਨ ਅਤੇ ਗੁਰਮਤਿ ਅਨੁਸਾਰ ਅਜਿਹੀਆਂ ਪਿਰਤਾਂ ਨੂੰ ਅਪਰਵਾਨ ਕੀਤਾ ਗਿਆ। ਵਿਦੇਸ਼ਾਂ ਵਿਚ ਕਈ ਥਾਵਾਂ 'ਤੇ ਸ਼ਰਧਾਲੂਆਂ ਦੇ ਅਰਦਾਸ ਵਿਚ ਨਾਂ ਬੋਲੇ ਜਾਂਦੇ ਹਨ ਤੇ ਕਈ ਅਗਿਆਨਤਾਵੱਸ ਸ਼ਰਧਾਲੂ ਆਪਣਾ ਨਾਂ ਬੁਲਾਉਣ ਲਈ ਜ਼ਿਦ ਕਰਦੇ ਹਨ।

**ਗੁਪਤ ਅਰਦਾਸ :**

ਇਸ ਬਾਰੇ ਨਵੀਂ ਪਿਰਤ ਹੀ ਤੋਰੀ ਲੱਗਦੀ ਹੈ। ਵਿਆਹ ਜਾਂ ਅਨੰਦ ਕਾਰਜ

ਦੌਰਾਨ ਸਟੇਜ ਤੋਂ ਸਕੱਤਰ ਆਖਦੇ ਹਨ ਕਿ ਗਿਆਨੀ ਜੀ ਗੁਪਤ ਅਰਦਾਸ ਕਰਨਗੇ। ਇਸ ਸਮੇਂ ਲਾੜਾ ਤੇ ਲਾੜੀ ਅਤੇ ਉਨ੍ਹਾਂ ਦੇ ਮਾਤਾ-ਪਿਤਾ ਹੀ ਅਰਦਾਸ ਸਮੇਂ ਖੜੇ ਹੁੰਦੇ ਹਨ। ਇਹ ਨਵੀਂ ਸ਼ਬਦਾਵਲੀ ਗੁਪਤ ਅਰਦਾਸ, ਛੋਟੀ ਅਰਦਾਸ ਪ੍ਰਚਲਿਤ ਕਰਨਾ ਠੀਕ ਨਹੀਂ। ਜਿਥੋਂ ਤਕ ਗੁਪਤ ਅਰਦਾਸ ਨਾਂ ਪ੍ਰਚਲਿਤ ਹੋਇਆ ਹੈ, ਇਹ ਗੁਰਮਤਿ ਅਨੁਸਾਰੀ ਨਹੀਂ ਹੈ। ਸਾਡੀ ਅਰਦਾਸ ਦਾ ਸਰੂਪ ਇਕ ਹੀ ਹੈ, ਭਾਵੇਂ ਉਹ ਅਨੰਦ ਕਾਰਜ ਸ਼ੁਰੂ ਕਰਨ ਸਮੇਂ ਹੋਵੇ ਜਾਂ ਪਾਠ ਦੀ ਸਮਾਪਤੀ ਸਮੇਂ। ਸਟੇਜ ਸਕੱਤਰਾਂ ਤੇ ਗ੍ਰੰਥੀ ਸਿੰਘਾਂ ਨੂੰ ਕਦੀ ਨਹੀਂ ਆਖਣਾ ਚਾਹੀਦਾ ਕਿ ਛੋਟੀ ਅਰਦਾਸ ਜਾਂ ਗੁਪਤ ਅਰਦਾਸ ਹੋਵੇਗੀ। ਦੂਸਰਾ, ਅਰਦਾਸ ਅੰਦਰ ਗੁਰੂਆਂ ਦੇ ਨਾਲ ਆਪਣੇ ਵੱਲੋਂ ਵਾਧੂ ਵਿਸ਼ੇਸ਼ਣ ਨਹੀਂ ਲਗਾਉਣੇ ਚਾਹੀਦੇ। ਅਰਦਾਸ ਦਾ ਪੰਥ ਵੱਲੋਂ ਪਰਵਾਨਿਤ ਸਰੂਪ ਹੀ ਸਭ ਥਾਈਂ ਪ੍ਰਚਲਿਤ ਕਰਨਾ ਚਾਹੀਦਾ ਹੈ।

# ਅਰਦਾਸ ਤੋਂ ਪਿੱਛੋਂ ਦੋਹਰਾ ਕਿਥੋਂ ਤਕ ?

ਇਸ ਲੇਖ ਦਾ ਮੁੱਖ ਵਿਸ਼ਾ ਅਰਦਾਸ ਤੋਂ ਪਿੱਛੋਂ ਦੋਹਰਾ ਪੜ੍ਹਨ ਸੰਬੰਧੀ ਹੈ। ਦੋਹਰੇ ਸੰਬੰਧੀ ਵਿਦਵਾਨਾਂ ਦੀ ਇਕ ਰਾਇ ਹੈ, ਉਨ੍ਹਾਂ ਅਨੁਸਾਰ ਸਮੂਹ ਗੁਰਦੁਆਰਿਆਂ ਅੰਦਰ ਇੱਕੋ ਮਰਯਾਦਾ ਦਾ ਹੋਣਾ ਅਤਿ ਜ਼ਰੂਰੀ ਹੈ। ਜੇਕਰ ਇਸ ਤਰ੍ਹਾਂ ਨਾ ਸੰਭਵ ਹੋਇਆ ਤਾਂ ਸਾਡੀ ਪਨੀਰੀ ਸਿੱਖੀ ਤੋਂ ਦੂਰ ਭੱਜੇਗੀ ਅਤੇ ਸਾਡੇ ਪੱਲੇ ਪਛਤਾਵੇ ਤੋਂ ਬਿਨਾਂ ਕੁਝ ਵੀ ਨਹੀਂ ਰਹੇਗਾ। ਸਾਡੇ ਅੰਦਰ ਖਿੱਚੋਤਾਣ ਵਧੇਗੀ ਤੇ ਸਮੁੱਚੀ ਕੌਮ ਦੀ ਸ਼ਕਤੀ ਨਸ਼ਟ ਹੋ ਜਾਵੇਗੀ। ਕਈ ਸੱਜਣ ਆਖਦੇ ਹਨ ਕਿ 'ਸਿੱਖ ਰਹਿਤ ਮਰਯਾਦਾ' ਅੰਦਰ ਦੋਹਰੇ ਸੰਬੰਧੀ ਕੁਝ ਨਹੀਂ ਮਿਲਦਾ, ਪਰ ਜਿਸ ਬਾਰੇ ਪੂਰਾ ਪਤਾ ਨਾ ਹੋਵੇ ਤਾਂ ਸਿਆਣਿਆਂ ਦੀ ਸੋਚ ਜਾਂ ਲਿਖਤ ਨੂੰ ਆਧਾਰ ਬਣਾ ਲੈਣਾ ਚਾਹੀਦਾ ਹੈ ਜਾਂ ਧਰਮ ਪ੍ਰਚਾਰ ਕਮੇਟੀ ਤੋਂ ਪੁੱਛ-ਗਿੱਛ ਕਰ ਲੈਣਾ ਯੋਗ ਹੈ। ਹਰ ਗੁਰਦੁਆਰੇ ਦੀ ਆਪਣੀ-ਆਪਣੀ ਮਰਯਾਦਾ ਕਿਉਂ ? ਇਸ ਬਾਰੇ ਇਕ ਪੰਥਕ ਹਿੱਤੂ ਦੇ ਦਰਦ ਭਰਪੂਰ ਸ਼ਬਦ :

"ਦਸ ਜੋਤਾਂ ਇਕ ਰੂਪ ਹਨ ਅਤੇ ਗੁਰਗੱਦੀ ਦੇ ਸੁਆਮੀ ਤਾਂ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਹਨ, ਪਰ ਇਕ ਨਵੀਂ ਪਿਰਤ ਦਾ ਕੀ ਕਰੋਗੇ ਕਿ ਅਰਦਾਸੇ ਤੋਂ ਪਿੱਛੋਂ 'ਆਗਿਆ ਭਈ ਅਕਾਲ ਕੀ' ਤੋਂ ਉਪ੍ਰੰਤ ਹਰ ਗੁਰਦੁਆਰੇ ਦਾ ਅਰਦਾਸੀਆ, ਉਸ ਗੁਰਦੁਆਰੇ ਨਾਲ ਇਕ ਗੁਰੂ ਨੂੰ ਸੰਬੰਧਤ ਜਾਣ ਕੇ ਉਚੇਚਾ ਆਦਰ ਭੇਟ ਕਰਦਿਆਂ ਵੱਖਰਾ ਇਕ ਦੋਹਰਾ ਪੜ੍ਹਦਾ ਹੈ, ਜਿਵੇਂ ਸੀਸ ਗੰਜ ਸਾਹਿਬ ਸੁਣੋਗੇ :

**ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ।**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।** *(ਬਚਿੱਤ੍ਰ ਨਾਟਕ)*

*(ਭਾਈ ਮਨੋਹਰ ਸਿੰਘ ਮਾਰਕੋ)*

ਹੋਰ ਥਾਂ ਜਾਈਏ ਤੇ ਉਥੇ ਹੋਰ ਸੁਣੋਗੇ :

"ਸਮੂਹ ਤਖ਼ਤਾਂ 'ਤੇ ਅਰਦਾਸ ਪਿੱਛੋਂ ਦੋਹਰਾ 'ਆਗਿਆ ਭਈ ਅਕਾਲ ਕੀ... ਰਾਜ ਕਰੇਗਾ ਖ਼ਾਲਸਾ...' ਪੜ੍ਹਿਆ ਜਾਂਦਾ ਹੈ, ਪਰ ਹਜ਼ੂਰ ਸਾਹਿਬ ਵਿਖੇ ਅਰਦਾਸ ਦੀ ਸਮਾਪਤੀ ਉੱਤੇ 'ਗੁਰੂ ਮਾਨਿਓ ਗ੍ਰੰਥ' ਵਾਲਾ ਦੋਹਰਾ ਬਿਲਕੁਲ ਨਹੀਂ ਪੜ੍ਹਿਆ ਜਾਂਦਾ।" *(ਭਾਈ ਨਿਰਵੈਰ ਸਿੰਘ)*

"ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ) ਦੀ ਮਰਯਾਦਾ ਸੰਬੰਧੀ ਸੰਖੇਪ, 'ਗੁਰੂ

ਕੇ ਖ਼ਜ਼ਾਨੇ ਵਿੱਚੋਂ ਅਤੇ ਪ੍ਰੇਮੀ ਸੱਜਣਾਂ ਵੱਲੋਂ ਕੜਾਹ ਪ੍ਰਸ਼ਾਦ ਹਜ਼ੂਰੀ ਵਿਚ ਪਹੁੰਚ ਜਾਂਦਾ ਹੈ। ਗ੍ਰੰਥੀ ਸਿੰਘ ਪੰਥ ਪ੍ਰਵਾਨਿਤ ਅਰਦਾਸ (ਜੋ ਰਹਿਤ ਮਰਯਾਦਾ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਛਾਪੇ ਗੁਟਕਿਆਂ ਵਿਚ ਅੰਕਿਤ ਹੈ) ਕਰਦਾ ਹੈ। ਅਰਦਾਸ ਤੋਂ ਬਾਅਦ ਮੱਥਾ ਟੇਕ ਕੇ ਸਾਰੀ ਸੰਗਤ ਖੜੀ ਹੋ ਕੇ 'ਆਗਿਆ ਭਈ ਅਕਾਲ ਕੀ... ਗੁਰੂ ਗ੍ਰੰਥ ਜੀ ਮਾਨਿਓ... ਤੇ ਰਾਜ ਕਰੇਗਾ ਖ਼ਾਲਸਾ...' ਇਹ ਉਪਰੋਕਤ ਤਿੰਨ ਦੋਹਰੇ ਗੱਜ ਕੇ ਪੜ੍ਹਦੀ ਹੈ ਤੇ ਜੈਕਾਰਾ ਛੱਡਿਆ ਜਾਂਦਾ ਹੈ।"

*(ਗੁਰਮਤਿ ਪ੍ਰਕਾਸ਼, ਵਿਸ਼ੇਸ਼ ਅੰਕ, ਜੁਲਾਈ 1990)*

ਡਾਕਟਰ ਜਸਵੰਤ ਸਿੰਘ ਜੀ ਨੇਕੀ ਜੋ ਇਕ ਉੱਘੇ ਵਿਦਵਾਨ, ਕਵੀ ਤੇ ਮੈਡੀਕਲ ਡਾਕਟਰ ਹਨ ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ, ਦੇ ਵਿਚਾਰ ਬਹੁਤ ਸਪੱਸ਼ਟ ਤੇ ਮੰਨਣਯੋਗ ਹਨ:

"ਅਰਦਾਸ ਪਿੱਛੋਂ ਤਿੰਨ ਦੋਹਰੇ ਪੜ੍ਹਨ ਦੀ ਰੀਤ ਹੈ। ਇਨ੍ਹਾਂ ਵਿੱਚੋਂ ਪਹਿਲੇ ਦੋ, ਗਿਆਨੀ ਗਿਆਨ ਸਿੰਘ ਦੇ *ਪੰਥ ਪ੍ਰਕਾਸ਼* ਵਿੱਚੋਂ ਹਨ ਤੇ ਅਖ਼ੀਰਲਾ ਦੋਹਰਾ ਭਾਈ ਨੰਦ ਲਾਲ ਦੇ *ਤਨਖ਼ਾਹਨਾਮੇ* ਵਿੱਚੋਂ ਲਏ ਗਏ ਹਨ ਜੋ ਇਸ ਪ੍ਰਕਾਰ ਹਨ:

**ਆਗਿਆ ਭਈ ਅਕਾਲ ਕੀ ਤਭੀ (ਤਬੈ) ਚਲਾਇਓ ਪੰਥ।**
**ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।**
**ਜਾਂ ਕਾ ਹਿਰਦਾ ਸ਼ੁਧ ਹੈ ਖੋਜ ਸ਼ਬਦ ਮਹਿ ਲੇਹ।**

ਜਾਂ

**ਜੋ ਪ੍ਰਭ ਕੋ ਮਿਲਿਓ ਚਾਹੈ ਖੋਜ ਸ਼ਬਦ ਮਹਿ ਲੇਹ।**

## ਮੂਲ ਸਿੱਧਾਂਤਕ ਗੱਲਾਂ ਇਸ ਪ੍ਰਕਾਰ ਹਨ

**ਪਹਿਲੀ ਗੱਲ:** ਖ਼ਾਲਸਾ ਪੰਥ ਅਕਾਲ ਪੁਰਖ ਦੀ ਆਗਿਆ ਨਾਲ ਸਾਜਿਆ ਗਿਆ। ਇਸ ਗੱਲ ਦੀ ਪੁਸ਼ਟੀ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਬਚਨ ਹਨ:

**ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥** *(ਬਚਿੱਤ੍ਰ ਨਾਟਕ)*

**ਦੂਜੀ ਗੱਲ:** ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦੀ ਹੈ। 1708 ਈ. ਵਿਚ ਨਾਦੇੜ ਵਿਖੇ ਦਸਮ ਪਾਤਸ਼ਾਹ ਜੀ ਨੇ ਸ਼ਖ਼ਸੀ ਗੁਰਿਆਈ ਦੀ ਲੜੀ ਸਮਾਪਤ ਕਰ, ਗੁਰੂ-ਗ੍ਰੰਥ ਤੇ ਗੁਰੂ-ਪੰਥ ਦੀ ਸਾਂਝੀ ਗੁਰਿਆਈ ਸਥਾਪਤ ਕੀਤੀ, ਇਸ ਦੋਹਰੇ ਵਿਚ ਉਸ ਵੇਲੇ ਦਿੱਤੇ ਗਏ ਆਦੇਸ਼ ਦੀ ਚੇਤਾਉਣੀ ਹੈ।

**ਤੀਜੀ ਗੱਲ:** ਗੁਰ-ਸ਼ਬਦ ਦੀ ਖੋਜ ਰਾਹੀਂ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ, ਇਹ ਗੁਰਮਤਿ ਦੀ ਪ੍ਰਮਾਣਿਤ ਮਨੌਤ ਹੈ:

ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ॥
ਪਵਿਤ੍ਰੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ॥

*(ਪ੍ਰਭਾਤੀ ਮ: ੩, ਪੰਨਾ 1346)*

ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ।
ਖੁਆਰ ਹੋਇ ਸਭ ਮਿਲਹਿੰਗੇ ਬਚੇ ਸਰਨ ਜੋ ਹੋਇ।

*(ਤਨਖ਼ਾਹਨਾਮਾ ਭਾਈ ਨੰਦ ਲਾਲ ਜੀ)*

ਉਪਰੋਕਤ ਦੋਹਰਾ ਪਹਿਲੇ-ਪਹਿਲ ਬੰਦਾ ਸਿੰਘ ਬਹਾਦਰ ਵੇਲੇ (1710-16) ਅਰਦਾਸ ਤੋਂ ਬਾਅਦ ਪੜ੍ਹਿਆ ਜਾਣਾ ਸ਼ੁਰੂ ਹੋਇਆ। ਵਿਦਵਾਨਾਂ ਦੀ ਰਾਇ ਹੈ ਕਿ :

"ਇਹ ਤਿੰਨ ਦੋਹਰੇ ਅਰਦਾਸ ਉਪਰੰਤ ਪੜ੍ਹਨ ਦੀ ਰਵਾਇਤ ਪੁਰਾਣੀ ਹੈ। ਸਿੱਖੀ ਸਿੱਧਾਂਤਾਂ ਨੂੰ ਪਹਿਲੇ ਦੋ ਦੋਹਰੇ ਉਜਾਗਰ ਅਥਵਾ ਦ੍ਰਿੜ੍ਹ ਕਰਾਉਂਦੇ ਹਨ ਅਤੇ ਜਦੋਂ ਸਿੱਖ ਕੌਮ ਜ਼ੁਲਮ ਦੇ ਦੌਰ ਵਿੱਚੋਂ ਲੰਘ ਰਹੀ ਸੀ, ਉਸ ਸਮੇਂ ਰਾਜ ਸਥਾਪਤ ਕਰਨ ਦੀ ਲਾਲਸਾ ਨੂੰ ਪ੍ਰਗਟਾਉਣ ਅਤੇ ਦ੍ਰਿੜ੍ਹਤਾ ਨਾਲ ਜ਼ੁਲਮ ਦਾ ਟਾਕਰਾ ਕਰਨਾ (ਅਖ਼ੀਰਲੇ ਦੋਹਰੇ ਵਿਚ) ਚੜ੍ਹਦੀ ਕਲਾ ਦਾ ਪ੍ਰਤੀਕ ਹੈ।"

*(ਅਰਦਾਸ : ਰੂਪ, ਦਰਸ਼ਨ ਤੇ ਇਤਿਹਾਸ)*

ਪਹਿਲੇ ਤਿੰਨ ਦੋਹਰੇ ਭਾਵੇਂ ਗੁਰੂ ਸਾਹਿਬਾਨ ਦੇ ਮੁਖਵਾਕ ਨਹੀਂ ਹਨ, ਪਰ ਗੁਰੂ ਸਾਹਿਬ ਦੇ ਹੁਕਮਾਂ ਦੀ ਪੁਸ਼ਟੀ ਕਰਦੇ ਹਨ ਤੇ ਇਤਿਹਾਸਕ ਲੇਖਕਾਂ ਨੇ ਗੁਰੂ ਸਿੱਧਾਂਤਾਂ ਨੂੰ ਕਵਿਤਾ ਵਿਚ ਪਰੋ ਕੇ ਗੁਰੂ ਗ੍ਰੰਥ ਸਾਹਿਬ ਦੇ ਮੁੱਖੋਂ ਕਹਾਇਆ ਹੈ। ਇਨ੍ਹਾਂ ਤਿੰਨਾਂ ਦੋਹਰਿਆਂ ਤੋਂ ਵੱਖਰੇ ਅਨੇਕਾਂ ਹੀ ਹੋਰ ਦੋਹਰੇ ਹਨ ਜੋ ਮਹੰਤਾਂ ਤੇ ਡੇਰਿਆਂ ਅੰਦਰ ਪੁਜਾਰੀ ਲੋਕਾਂ ਨੇ ਪ੍ਰਚਲਿਤ ਕੀਤੇ, ਪਰ ਵਾਧੂ ਦੋਹਰੇ ਗੁਰਮਤਿ-ਸਿੱਧਾਂਤਾਂ ਦੀ ਪੁਸ਼ਟੀ ਨਹੀਂ ਕਰਦੇ, ਸਗੋਂ ਖੰਡਨ ਕਰਦੇ ਹਨ ਅਤੇ ਇਨ੍ਹਾਂ ਅੰਦਰ ਸਿੱਖਾਂ ਵੱਲੋਂ ਕਹਾਈ ਗੱਲ ਦਾ ਪ੍ਰਗਟਾਵਾ ਹੈ ਨਾ ਕਿ ਗੁਰੂ ਸਾਹਿਬ ਦੇ ਹੁਕਮਾਂ ਦੀ ਪੁਸ਼ਟੀ।

ਉਦਾਹਰਣ ਲਈ ਵਾਧੂ ਦੋਹਰੇ :

ਵਾਹਿਗੁਰੂ ਨਾਮ ਜਹਾਜ਼ ਹੈ ਚੜ੍ਹੇ ਸੁ ਉਤਰੇ ਪਾਰ।
ਜੋ ਸ਼ਰਧਾ ਕਰ ਸੇਂਵਦੇ ਗੁਰ ਪਾਰ ਉਤਾਰਨਹਾਰ।

ਖੰਡਾ ਜਾ ਕੇ ਹਾਥ ਮੇਂ ਕਲਗੀ ਸੋਹੇ ਸੀਸ।
ਸੁ ਹਮਰੀ ਰਖਿਆ ਕਰੇ ਕਲਗੀਧਰ ਜਗਦੀਸ਼।

ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਗੁਰ ਅਵਤਾਰ।
ਜਗਮਗ ਜੋਤਿ ਬਿਰਾਜ ਰਹੀ ਸ੍ਰੀ ਅਬਚਲ ਨਗਰ ਮਝਾਰ।

ਉਠ ਗਈ ਸਭਾ ਮਲੇਛ ਕੀ ਕਰ ਕੂੜਾ ਪਰਸ਼ਾਰ।
ਡੰਕਾ ਵਜੇ ਫਤਹਿ ਕਾ ਨਿਹਕਲੰਕ ਅਵਤਾਰ।

ਦਿੱਲੀ ਤਖ਼ਤ ਪਰ ਬਹੇਗੀ ਆਪ ਗੁਰੂ ਕੀ ਫੌਜ।
ਚਵਰ ਫਿਰੇਗਾ ਸੀਸ ਪਰ ਬੜੀ ਕਰੇਗੀ ਮੌਜ।

ਅਨੇਕਾਂ ਹੀ ਹੋਰ ਦੋਹਰੇ ਹਨ ਜੋ ਸਿੱਖ ਧਰਮ ਦੇ ਸਿੱਧਾਂਤਾਂ ਦੀ ਵਿਆਖਿਆ

ਕਰਨ ਦੀ ਥਾਂ ਸਿਧਾਂਤਾਂ ਨੂੰ ਸਵੈ-ਵਿਰੋਧੀ, ਹਾਸੋ-ਹੀਣਾ ਤੇ ਮਿਲਗੋਭਾ ਜਾਂ ਖਿਚੜੀ ਜਿਹੀ ਬਣਾ ਦਿੰਦੇ ਹਨ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਵੀ ਹਿਦਾਇਤ ਕਰਦੇ ਹਨ। ਜੋ ਦੋਹਰਾ ਪੜ੍ਹਿਆ ਜਾਂਦਾ ਹੈ, ਉਸ ਵਿਚ 'ਵਾਹਿਗੁਰੂ ਨਾਮ ਜਹਾਜ਼, ਚੜ੍ਹੇ ਸੁ ਉਤਰੇ ਪਾਰ। ...ਖੰਡਾ ਜਾ ਕੇ ਹਾਥ ਮੈ ਕਲਗੀ ਸੋਹਿ ਸੀਸ' ਆਦਿ ਨਹੀਂ ਪੜ੍ਹਨੇ:

> **ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ।**
> **ਖੁਆਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ।**

ਤੋਂ ਬਾਅਦ ਜੈਕਾਰਾ ਛੱਡਣਾ ਹੈ।

ਡਾ. ਕੁਲਦੀਪ ਸਿੰਘ ਜੀ *ਗੁਰਮਤਿ ਪ੍ਰਕਾਸ਼*, ਜਨਵਰੀ 1983 ਦੇ ਪੰਨਾ 13 ਉੱਪਰ ਲਿਖਦੇ ਹਨ:

> ਅਰਦਾਸ ਅੰਦਰ ਇਤਿਹਾਸਕ ਵਿਰਸਾ ਸਾਡੇ ਅੰਦਰ ਸਵੈ-ਵਿਸ਼ਵਾਸ ਭਰਦਾ ਹੈ ਤੇ ਸਾਨੂੰ ਹੋਰ ਅਗੇਰੇ ਤੋਰਦਾ ਹੈ। ਇਹ ਹੀ ਕਾਰਨ ਹੈ ਕਿ ਅਰਦਾਸ ਉਪ੍ਰੰਤ ਪੜ੍ਹੇ ਜਾਣ ਵਾਲੇ ਦੋਹਰੇ ਦੇ ਆਖ਼ਰੀ ਬੋਲ ਇਹ ਹੀ ਹੁੰਦੇ ਹਨ:
>
> **ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ।**
> **ਖੁਆਰ ਹੋਇ ਸਭ ਮਿਲੇਂਗੇ, ਬਚੇ ਸ਼ਰਨ ਜੋ ਹੋਇ।**

ਇਹ ਹੀ ਖ਼ਾਲਸਾ ਜੀ ਦੀ ਅਰਦਾਸ ਦਾ ਅੰਤਿਮ ਵਿਸ਼ਵਾਸ ਹੈ। ਇਸ ਵਿਸ਼ਵਾਸ ਦੀ ਮੰਜ਼ਿਲ ਉੱਚੀ ਹੈ, ਨਿਸ਼ਾਨਾ ਉੱਚਾ ਹੈ, ਤੱਕਣੀ ਉੱਚੀ ਹੈ। ਜਿਸ ਧਰਮ ਦੀ ਤੱਕਣੀ, ਆਦਰਸ਼ ਤੇ ਨੁਕਤਾ ਨਿਗਾਹ ਇੰਨਾ ਉੱਚਾ ਹੋਵੇ, ਉਹ ਨਿੱਘਰੀ ਅਵਸਥਾ ਵਿਚ ਜਾ ਹੀ ਨਹੀਂ ਸਕਦਾ। ਇਸ ਉੱਚੇ ਨਿਸ਼ਾਨੇ ਨਾਲ ਹੀ ਸਿੱਖ ਉੱਚੇ ਆਚਰਨ ਅਤੇ ਚੜ੍ਹਦੀ ਕਲਾ ਦੀ ਅਵਸਥਾ ਪ੍ਰਾਪਤ ਕਰਦਾ ਹੈ।

ਸੰਤ ਗੁਰਬਚਨ ਸਿੰਘ ਜੀ ਖ਼ਾਲਸਾ, ਭਿੰਡਰਾਂਵਾਲੇ ਆਪਣੀ ਪੁਸਤਕ *ਗੁਰਮਤਿ ਰਹਿਤ ਮਰਯਾਦਾ* ਦੇ ਪੰਨਾ 286 ਉੱਪਰ ਲਿਖਦੇ ਹਨ:

ਅਰਦਾਸ ਦੇ ਪਿੱਛੋਂ ਸਿਰਫ਼ ਤਿੰਨ ਦੋਹਰੇ:

> **ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ,**
> **ਸਭ ਸਿੱਖਨ ਕਉ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥**
> **ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ,**
> **ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮਹਿ ਲੇਹ॥**
> **ਰਾਜ ਕਰੇਗਾ ਖਾਲਸਾ ਆਕੀ ਰਹੈ ਨਾ ਕੋਇ,**
> **ਖੁਆਰ ਹੋਇ ਸਭ ਮਿਲੇਂਗੇ ਬਚੇ ਸਰਨ ਜੋ ਹੋਇ॥**

ਪੜ੍ਹ ਕੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੁਲਾਉਣਾ।

# ਭੇਖੀ ਬਾਬਿਆਂ ਲਈ ਅੰਨ੍ਹੀ ਸ਼ਰਧਾ

ਸ਼ਾਇਦ ਪੰਜਾਬੀਆਂ ਦੇ ਸੱਭਿਆਚਾਰ ਦਾ ਅਟੁੱਟ ਅੰਗ ਹੀ ਬਣ ਗਿਆ ਹੈ ਕਿ ਸਾਧਾਂ-ਸੰਤਾਂ ਪ੍ਰਤਿ ਅਥਾਹ ਸ਼ਰਧਾ ਰੱਖੀ ਜਾਂਦੀ ਹੈ। ਜਿਵੇਂ ਦੇਸ਼ ਦੀ ਆਬਾਦੀ ਵਿਚ ਵਾਧਾ ਹੋ ਰਿਹਾ ਹੈ, ਉਸ ਰਫ਼ਤਾਰ ਨਾਲ ਹੀ ਪੰਜਾਬ ਅੰਦਰ ਡੇਰਿਆਂ ਦੀ ਗਿਣਤੀ ਵਧ ਰਹੀ ਹੈ, ਸਗੋਂ ਉਸ ਨਾਲੋਂ ਵੀ ਵੱਧ। ਦੂਸਰਾ, ਪੰਜਾਬ ਦੇ ਕੌਮ-ਹਿਤੂ ਲੋਕ ਇਕ ਹੋਰ ਗੱਲ ਤੋਂ ਚਿੰਤਤ ਹਨ ਕਿ ਪੰਜਾਬੀ ਸੱਭਿਆਚਾਰ ਉੱਤੇ ਪੱਛਮੀ ਸੱਭਿਆਚਾਰ ਦਾ ਬੇ-ਲੋੜਾ ਰੰਗ ਚੜ੍ਹ ਰਿਹਾ ਹੈ ਅਤੇ ਨੌਜਵਾਨਾਂ ਅੰਦਰ ਨਸ਼ਿਆਂ ਦੀ ਅਧਿਕ ਵਰਤੋਂ ਹੋ ਰਹੀ ਹੈ। ਨਸ਼ਿਆਂ ਦੀ ਜ਼ਿਆਦਾ ਵਰਤੋਂ ਮਾਲਵਾ-ਖੇਤਰ ਵਿਚ ਹੋ ਰਹੀ ਹੈ ਅਤੇ ਮਾਲਵੇ ਦੇ ਹੀ ਲੋਕਾਂ 'ਚ ਸਾਧਾਂ ਪ੍ਰਤਿ ਸ਼ਰਧਾ ਵੀ ਵੱਧ ਦੱਸੀ ਜਾਂਦੀ ਹੈ। ਸਾਲ 2003 ਦੇ ਸ਼ੁਰੂ ਵਿਚ ਇਕ ਪੰਜਾਬੀ ਦੇ ਅਖ਼ਬਾਰ ਦੀ ਖ਼ਬਰ ਸੀ ਕਿ ਮਾਲਵੇ ਦੇ ਨੌਂ ਪਿੰਡ ਤੇ ਬਾਬੇ ਛਿਆਲੀ। ਅਸੀਂ ਗਾਹਕਾਂ ਦੀ ਮੰਗ ਅਨੁਸਾਰ ਹੀ ਕੋਈ ਦੁਕਾਨ ਜਾਂ ਵਿਉਪਾਰ ਸ਼ੁਰੂ ਕਰਦੇ ਹਾਂ। ਇਸਦਾ ਭਾਵ ਇਹੀ ਹੋਇਆ ਕਿ ਮਾਲਵੇ ਦੇ ਇਨ੍ਹਾਂ ਪਿੰਡਾਂ ਵਿਚ ਲੋਕਾਂ ਅੰਦਰ ਬਾਬਿਆਂ ਪ੍ਰਤਿ ਅਥਾਹ-ਸ਼ਰਧਾ ਹੋਵੇਗੀ।

ਬਾਬਿਆਂ ਦੀ ਪ੍ਰਸਿੱਧੀ ਬਾਬਿਆਂ ਵੱਲੋਂ ਰੱਖੇ ਹੋਏ ਏਜੰਟਾਂ ਰਾਹੀਂ ਫੈਲਾਈ ਜਾਂਦੀ ਹੈ। ਦੱਸਦੇ ਹਨ, ਇਕ ਬਾਬੇ ਦੀ ਪ੍ਰਸਿੱਧੀ ਘੱਟ ਸੀ। ਉਸਨੇ ਇਕ ਏਜੰਟ ਨੂੰ, ਜਿਥੋਂ ਦੀ ਲੋਕ ਜ਼ਿਆਦਾ ਆਉਂਦੇ ਸਨ, ਉਸ ਰਾਹ 'ਤੇ ਖੜ੍ਹਾ ਕਰ ਦਿੱਤਾ। ਇਕ ਦਿਨ ਬਾਬੇ ਦੇ ਡੇਰੇ ਵੱਲ ਜਾਂਦੇ ਲੋਕਾਂ ਨੂੰ ਉਸ ਨੇ ਆਖਿਆ ਕਿ ਤੁਸੀਂ ਕਿਥੇ ਚੱਲੇ ਹੋ। ਜਦ ਉਨ੍ਹਾਂ ਦੱਸਿਆ ਕਿ ਉਹ ਬਾਬੇ ਦੇ ਡੇਰੇ ਵੱਲ ਜਾ ਰਹੇ ਹਨ ਤਾਂ ਉਸਨੇ ਕਿਹਾ ਕਿ ਤੁਹਾਡਾ ਬਾਬਾ ਭੇਖੀ ਹੈ, ਉਸ ਕੋਲ ਕੋਈ ਸ਼ਕਤੀ ਨਹੀਂ, ਚਲੋ ਅੱਜ ਤੁਹਾਡੇ ਬਾਬੇ ਦੀ ਪਰਖ ਹੀ ਕਰ ਲਈਏ। ਉਥੇ (ਡੇਰੇ) ਪਹੁੰਚ ਕੇ ਜਦੋਂ ਬਾਬੇ ਨੇ ਕਥਾ ਕਰਨੀ ਸ਼ੁਰੂ ਕੀਤੀ ਤਾਂ ਬਣੀ ਗੁਪਤ ਯੋਜਨਾ ਅਨੁਸਾਰ ਉਹ ਏਜੰਟ ਵਿੱਚੋਂ ਹੀ ਖੜ੍ਹਾ ਹੋ ਗਿਆ ਤੇ ਉੱਚੀ ਉੱਚੀ ਆਖਣ ਲੱਗਾ, "ਤੂੰ ਭੇਖੀ ਏਂ! ਤੇਰੇ 'ਚ ਕੋਈ ਸ਼ਕਤੀ ਨਹੀਂ।"

ਅੱਗੋਂ ਬਾਬਾ ਨਿਮਰਤਾ ਦੇ ਰੰਗ ਵਿਚ ਆਖ ਰਿਹਾ ਸੀ, "ਸਾਧਾਂ ਲਈ ਕੌੜੇ ਬਚਨ ਨਹੀਂ ਬੋਲੀਦੇ।"

ਏਜੰਟ ਹੋਰ ਭਖਿਆ, "ਤੂੰ ਕਿਹੜਾ ਸਾਧ ਹੈਂ ? ਜੇ ਸਾਧ ਹੈਂ ਤਾਂ ਦੱਸ ਮੇਰੇ ਖੀਸੇ ਵਿਚ ਕਿਤਨੇ ਪੈਸੇ ਹਨ ?"

ਸਾਧ ਨੇ ਕਿਹਾ, "ਸਾਧਾਂ ਦੀ ਪਰਖ ਨਹੀਂ ਕਰੀਦੀ।"

"ਕਿਉਂ ਨਹੀਂ ਕਰੀਦੀ ?" ਏਜੰਟ ਨੇ ਕਿਹਾ।

"ਸੇਵਕਾ, ਚੱਲ ਜੇ ਤੂੰ ਪੁੱਛਣ ਦੀ ਜ਼ਿੱਦ ਕਰਦਾ ਏਂ ਤਾਂ ਦੱਸ ਹੀ ਦਿੰਦੇ ਹਾਂ ਕਿ ਤੇਰੇ ਖੀਸੇ ਵਿਚ ਕਿਤਨੇ ਰੁਪਏ ਹਨ, ਸੇਵਕਾ! ਤੇਰੇ ਖੀਸੇ ਵਿਚ ਦਸਾਂ ਦਾ ਨੋਟ ਹੈ।" ਸਾਧ ਦੇ ਇਤਨਾ ਹੀ ਦੱਸਣ 'ਤੇ ਏਜੰਟ ਬਾਬੇ ਦੇ ਪੈਰੀਂ ਪੈ ਗਿਆ ਤੇ ਲੱਗਾ ਮੁਆਫ਼ੀ ਮੰਗਣ। ਕਹਿੰਦੇ ਹਨ, ਥੋੜੇ ਹੀ ਦਿਨਾਂ ਵਿਚ ਬਾਬੇ ਦੀ ਪ੍ਰਸਿੱਧੀ ਦੂਰ ਦੂਰ ਤਕ ਫੈਲ ਗਈ।

ਪੰਜਾਬ ਦੀ ਜਵਾਨੀ ਨਸ਼ਿਆਂ ਦੀ ਵਰਤੋਂ ਕਾਰਨ ਬਰਬਾਦ ਹੋ ਰਹੀ ਹੈ ਅਤੇ ਪੰਜਾਬ ਦੇ ਦਰਮਿਆਨੇ ਵਰਗ ਦੇ ਲੋਕ ਪਾਣੀ ਦੀ ਥੁੜ ਕਾਰਨ ਕਰਜ਼ਾਈ ਹੋ ਰਹੇ ਹਨ। ਜੀਵਨ-ਨਿਰਬਾਹ ਪੱਖੋਂ ਨਿਆਸਰੇ ਲੋਕ ਆਤਮਘਾਤ ਦਾ ਰਾਹ ਅਪਨਾ ਰਹੇ ਹਨ। ਜੇ ਪੇਂਡੂ ਲੋਕ ਥੋੜੀ ਬਾਹਲੀ ਵਿਦਿਆ ਪ੍ਰਾਪਤ ਕਰਦੇ ਹਨ, ਤਾਂ ਅਜੇਹੀ ਵਿਦਿਅਕ ਯੋਗਤਾ ਦੇ ਆਧਾਰ 'ਤੇ ਰੁਜ਼ਗਾਰ ਨਹੀਂ ਮਿਲਦੇ। ਪੰਜਾਬ ਵਿਚ ਨੌਕਰੀਆਂ ਲੈਣ ਲਈ ਲੱਖਾਂ ਰੁਪਿਆਂ ਦੀ ਭੇਟ ਚੜ੍ਹਾਉਣੀ ਪੈਂਦੀ ਹੈ। ਪਰ ਸਭ ਤੋਂ ਸੌਖਾ ਤੇ ਵੱਧ ਪੈਸਾ ਕਮਾਉਣ ਦਾ ਢੰਗ ਆਪਣਾ ਡੇਰਾ ਸਥਾਪਤ ਕਰ ਕੇ ਹੀ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਮੁਸੀਬਤਾਂ ਨਾਲ ਘਿਰੇ ਹੋਏ ਲੋਕ ਆਪਣੀਆਂ ਮੁਸ਼ਕਲਾਂ ਦਾ ਹੱਲ ਲੱਭਣ ਲਈ ਸਾਧਾਂ ਦੇ ਡੇਰਿਆਂ 'ਤੇ ਜਾਂਦੇ ਹਨ। ਸ਼ਾਇਦ ਬਹੁਤ ਲੋਕਾਂ ਨੂੰ ਨਾ ਪਤਾ ਹੋਵੇ ਕਿ ਸਾਧਾਂ ਨੇ ਮਾਇਆ ਇਕੱਤਰ ਕਰਨ ਲਈ ਇਹ ਡੇਰੇ ਵਿਉਪਾਰਕ ਕੇਂਦਰਾਂ ਵਾਂਗੂੰ ਚਲਾਏ ਹਨ। ਜਿਵੇਂ ਪਿੱਛੇ ਕੁਝ ਮਹੀਨੇ ਡੇਰਾ ਸੱਚਾ ਸੌਦਾ ਤੇ ਨੂਰ ਮਹਿਲੀਏ ਦੀਆਂ ਕਹਾਣੀਆਂ ਚਰਚਿਤ ਰਹੀਆਂ ਤੇ ਲੋਕਾਂ ਨੇ ਇਨ੍ਹਾਂ ਦੀ ਅਸਲੀਅਤ ਬਾਰੇ ਭਰਪੂਰ ਜਾਣਿਆ। ਤਕਰੀਬਨ ਸਾਰੇ ਡੇਰਿਆਂ ਦੀ ਸਥਾਪਨਾ ਮਾਇਆ ਇਕੱਤਰ ਕਰਨ ਲਈ ਜਾਂ ਕੌਮ ਅੰਦਰ ਵੰਡੀਆਂ ਪਾਉਣ ਦੇ ਮਕਸਦ ਨਾਲ ਹੀ ਕੀਤੀ ਜਾਂਦੀ ਹੈ।

ਸਰਕਾਰਾਂ ਵੱਲੋਂ ਵਿਸ਼ੇਸ਼ ਏਜੰਟਾਂ ਰਾਹੀਂ ਡੇਰਿਆਂ ਦੀ ਪ੍ਰਸਿੱਧੀ ਕਰਾਈ ਜਾਂਦੀ ਹੈ। ਲੱਖਾਂ-ਕਰੋੜਾਂ ਰੁਪਏ ਖ਼ਰਚ ਕੇ ਸਰਕਾਰੀ ਜਾਂ ਰਾਜਨੀਤਕ ਨਿਸ਼ਾਨਿਆਂ ਦੀ ਪੂਰਤੀ ਕਰਨ ਲਈ ਡੇਰਿਆਂ ਦਾ ਸਹਿਯੋਗ ਲਿਆ ਜਾਂਦਾ ਹੈ। ਜਿਵੇਂ ਪਿੱਛੇ ਜਿਹੇ ਸਿੱਖਾਂ ਨੇ ਨਾਨਕਸ਼ਾਹੀ ਕੈਲੰਡਰ ਪਾਸ ਕਰ ਕੇ ਐਲਾਨ ਕਰ ਦਿੱਤਾ ਪਰ ਸਰਕਾਰ ਨੂੰ ਅਜੇਹੀ ਵਿਲੱਖਣ ਤੇ ਅਗਾਂਹਵਧੂ ਸੋਚ ਪਰਵਾਨ ਨਹੀਂ ਸੀ। ਉਸ ਨੇ ਸਿੱਖਾਂ ਵੱਲੋਂ ਪਾਸ ਕੀਤੇ ਕੈਲੰਡਰ ਦਾ ਵਿਰੋਧ ਡੇਰਿਆਂ ਪਾਸੋਂ ਕਰਵਾਇਆ, ਹਾਲਾਂਕਿ ਡੇਰੇ ਵਾਲੇ ਸਿੱਧੇ-ਸਾਦੇ ਦਿਮਾਗ ਰੱਖਣ ਵਾਲੇ ਕੈਲੰਡਰ ਦੀ ਜਾਣਕਾਰੀ ਕਿਵੇਂ ਰੱਖ ਸਕਦੇ ਸਨ। ਉਨ੍ਹਾਂ ਨੇ ਬਿਨਾਂ ਸੋਚੇ ਸਮਝੇ ਸਰਕਾਰ ਦੇ ਕਹੇ, ਸਰਕਾਰੀ ਮਕਸਦ ਦੀ ਪੂਰਤੀ ਕੀਤੀ।

ਸਾਲ 1967-68 ਦੀ ਗੱਲ ਹੋਵੇਗੀ। ਗੁਰੂਸਰ ਸੁਧਾਰ ਦੇ ਇਲਾਕੇ ਵਿਚ ਇਕ ਸਾਧ ਨੂੰ ਲਿਆ ਕੇ, ਧੱਕੇ ਨਾਲ ਤਲਾਬ ਬਣਾ ਲਿਆ, ਜਿਸਦੀ ਕੋਈ ਲੋੜ ਨਹੀਂ ਸੀ। ਇਕ ਦਿਨ ਉਹੀ ਸਾਧ ਚੁਬਾਰੇ 'ਚ ਇਸ਼ਨਾਨ ਕਰ ਰਿਹਾ ਸੀ। ਸੈਂਕੜੇ ਲੋਕ ਕਤਾਰ ਵਿਚ ਖੜੇ ਸਨ ਤਾਂ ਜੋ ਉਸਦੇ ਇਸ਼ਨਾਨ ਵਾਲੇ ਗੰਦੇ ਪਾਣੀ ਨੂੰ ਪਵਿੱਤਰ ਜਲ ਸਮਝ ਕੇ ਪੀਣ ਲਈ ਸ਼ੁਭ ਮੌਕਾ ਮਿਲੇ। ਪਤਾ ਨਹੀਂ ਉਸ ਗੰਦੇ ਪਾਣੀ ਦੀ ਕੀ ਮਹੱਤਤਾ ਹੋਵੇਗੀ। ਇਹ ਪ੍ਰਤੱਖ ਸਬੂਤ ਹੈ, ਅੰਨ੍ਹੀ ਲੋਕਾਈ ਦੀ ਅੰਨ੍ਹੀ ਸ਼ਰਧਾ। ਜਿਥੋਂ

ਦਾ ਸਾਧ ਸੀ, ਇਹ ਗੱਲ ਪ੍ਰਚਲਿਤ ਕੀਤੀ ਗਈ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਦਾ ਵਰ ਹੋਇਆ ਹੈ ਕਿ ਇਸ ਪਿੰਡ ਵਿਚ ਪੰਜ ਸੰਤ ਹੋਇਆ ਕਰਨਗੇ, ਇਕ ਪਰਗਟ ਹੋਵੇਗਾ ਤੇ ਚਾਰ ਗੁਪਤ ਰਿਹਾ ਕਰਨਗੇ। ਪ੍ਰੰਤੂ ਗੁਰੂ ਸਾਹਿਬ ਨੇ ਤਾਂ ਕਿਸੇ ਬ੍ਰਹਮ ਗਿਆਨੀ ਲਈ ਵੀ 'ਸੰਤ' ਪਦ ਨਹੀਂ ਵਰਤਿਆ ਤਾਂ ਫਿਰ ਇਹ ਸ਼ੋਸ਼ਾ ਛੱਡਣ ਵਾਲੇ ਚਲਾਕ ਲੋਕ ਕੌਣ ਹਨ ? ਗੁਰਮਤਿ ਅਨੁਸਾਰ ਅਜੇਹੇ ਗਪੌੜ ਹੀ ਹੋ ਸਕਦੇ ਹਨ ਤੇ ਨਿਰਾ ਮਨਮਤਿ ਹੈ।

ਇਕ ਹੋਰ ਸੱਚੀ ਕਹਾਣੀ ਲੁਧਿਆਣੇ ਜ਼ਿਲੇ ਦੇ ਇਕ ਪਿੰਡ ਦੇ ਭਾਈ ਨੇ ਸਿਰ ਮੂੰਹ ਮੁੰਨਵਾ ਕੇ, ਗੇਰੂ ਰੰਗ ਦੇ ਵਸਤਰ ਪਹਿਨ ਕੇ ਸਾਧ ਹੋਣ ਦਾ ਅਡੰਬਰ ਰਚਿਆ, ਪਰ ਉਸਦੀ ਆਪਣੇ ਇਲਾਕੇ ਵਿਚ ਦਾਲ ਨਾ ਗਲੀ। ਆਖ਼ਰ ਦੂਰ ਬਠਿੰਡੇ ਜ਼ਿਲ੍ਹੇ ਦੇ ਕਿਸੇ ਪਿੰਡ ਵਿਚ ਡੇਰਾ ਜਮਾ ਲਿਆ। ਇਕੇਰਾਂ ਉਸਦੇ ਜੱਦੀ ਪਿੰਡ ਦੀਆਂ ਮਾਈਆਂ ਬਠਿੰਡੇ ਦੇ ਉਸ ਪਿੰਡ ਵਿਚ ਕਿਸੇ ਦੀ ਮਕਾਣੇ ਗਈਆਂ। ਉਥੇ ਉਨ੍ਹਾਂ ਨੇ ਦੰਦ-ਕਥਾ ਸੁਣੀ ਕਿ ਇਥੇ ਇਕ ਸਾਧ ਉਰਧ ਤਪ (ਭਾਵ ਪੁੱਠਾ ਹੋ ਕੇ) ਤਪ ਕਰ ਰਿਹਾ ਹੈ। ਉਨ੍ਹਾਂ ਬੀਬੀਆਂ ਦੀ ਵੀ ਬਾਬੇ ਦੇ ਦਰਸ਼ਨ ਕਰਨ ਦੀ ਇੱਛਾ ਹੋਈ। ਕਈਆਂ ਨੇ ਸੋਚਿਆ ਹੋਵੇਗਾ ਕੀ ਪਤਾ ਬਾਬਾ ਕਰਨੀ ਵਾਲਾ ਹੀ ਹੋਵੇ ਤੇ ਕੋਈ ਮੁਰਾਦ ਹੀ ਪੂਰੀ ਹੋ ਜਾਵੇ, ਜਦੋਂ ਬੀਬੀਆਂ ਡੇਰੇ 'ਤੇ ਪਹੁੰਚੀਆਂ ਤਾਂ ਬਾਬਾ ਪੁੱਠਾ ਹੋ ਕੇ ਤਪ ਕਰਨ ਦਾ ਪਖੰਡ ਕਰ ਰਿਹਾ ਸੀ। ਇਕ ਮਾਈ ਨੇ ਸਭ ਤੋਂ ਪਹਿਲਾਂ ਪਹਿਚਾਨ ਕੇ ਕਿਹਾ, "ਨੀ ਮਰ ਜਾਨੀਓ, ਇਹ ਤਾਂ ਆਪਣੇ ਪਿੰਡ ਵਾਲਾ ਫਲਾਣਾ ਏ!" ਪਖੰਡੀ ਸਾਧ ਨੇ ਇਕ ਮਾਈ ਨੂੰ ਸੱਦ ਕੇ ਹੌਲੀ ਸੁਰ 'ਚ ਕਿਹਾ, "ਜਾਓ! ਪਹਿਲਾਂ ਤੁਸੀਂ ਮੇਰਾ ਆਪਣੇ ਇਲਾਕੇ ਵਿਚ ਕੰਮ ਨਹੀਂ ਚੱਲਣ ਦਿੱਤਾ, ਕਿਤੇ ਇਥੇ ਵੀ ਮੇਰਾ ਭਾਂਡਾ ਨਾ ਭੰਨ ਦਿਓ, ਜਾਓ! ਰੱਬ ਦਾ ਵਾਸਤਾ।" ਤਕਰੀਬਨ ਸਾਰੇ ਡੇਰੇ ਇਸ ਤਰ੍ਹਾਂ ਹੀ ਬਣੇ ਹਨ। ਜੋ ਲੋਕ ਅਸਲ ਤਪੱਸਵੀ ਹਨ, ਉਹ ਆਪਣੀ ਕਿਰਤ ਕਰਦੇ ਕਰਦੇ ਹੀ ਰੱਬ ਦਾ ਨਾਮ ਜਪਦੇ ਹਨ ਤੇ ਵੰਡ ਛਕਣ ਵਾਲੇ ਹਨ, ਨਾ ਕਿ ਲੋਕਾਂ ਨੂੰ ਠੱਗਣ ਲਈ ਪਰਪੰਚ ਕਰਦੇ ਹਨ।

# ਪ੍ਰਸਿੱਧੀ ਪ੍ਰਾਪਤੀ ਲਈ ਜੁਗਤੀ ਜਾਂ ਕਰਾਮਾਤ

ਇਹ ਗੱਲ ਜਗਰਾਉਂ ਦੇ ਨੇੜੇ-ਤੇੜੇ ਇਕ ਡੇਰੇ ਬਾਰੇ ਹੈ। ਨਵਾਂ ਡੇਰੇਦਾਰ ਆਪਣੇ ਬਾਬੇ ਦੇ ਚੜ੍ਹਾਈ ਕਰਨ ਉਪ੍ਰੰਤ ਡੇਰੇ ਦਾ ਮਾਲਕ ਬਣ ਗਿਆ। ਇਕ ਦਿਨ ਜਦੋਂ ਉਸਦੇ ਕੁਝ ਸ਼ਰਧਾਲੂ ਉਸ ਪਾਸ ਬੈਠੇ ਸਨ, ਤਾਂ ਉਹ ਅਚਨਚੇਤ ਉਠ ਕੇ ਪਾਣੀ ਦੀਆਂ ਬਾਲਟੀਆਂ ਭਰ ਭਰ ਕੇ ਇਕ ਪਾਸੇ ਨੂੰ ਵਗਾਹ ਕੇ ਮਾਰਨ ਲੱਗ ਪਿਆ। ਸ਼ਰਧਾਲੂਆਂ ਨੇ ਹੌਸਲਾ ਕਰ ਕੇ ਪੁੱਛਿਆ ਤਾਂ ਬਾਬਾ ਜੀ ਨੇ ਦੱਸਿਆ ਕਿ ਉਨ੍ਹਾਂ ਦੇ ਕਿਸੇ ਸੇਵਕ ਦੀ ਝੌਂਪੜੀ ਨੂੰ ਅੱਗ ਲੱਗ ਗਈ ਸੀ ਅਤੇ ਉਨ੍ਹਾਂ ਨੇ ਉਸਦੀ ਝੌਂਪੜੀ ਦੀ ਤਬਾਹੀ ਨੂੰ ਕੁਝ ਹੱਦ ਤਕ ਬਚਾ ਲਿਆ ਹੈ। ਡੇਰੇਦਾਰ ਨੇ ਉਸ ਸੇਵਕ ਦੇ ਟਿਕਾਣੇ ਦਾ ਵੀ ਥਹੁ ਪਤਾ ਦੱਸ ਦਿੱਤਾ। ਵਿੱਚੋਂ ਕੁਝ ਏਜੰਟ ਸਨ, ਜਿਨ੍ਹਾਂ ਨੇ ਪੁੱਛ-ਪੜਤਾਲ ਕਰਨ ਦਾ ਪਰਪੰਚ ਬਣਾਇਆ ਤੇ ਨਾਲ ਇਕ ਦੋ ਸ਼ਰਧਾਲੂ ਹੋਰ ਤੁਰ ਪਏ। ਉਥੇ ਜਾ ਕੇ ਦੇਖਿਆ ਤਾਂ ਉਸਦੀ ਝੌਂਪੜੀ ਥੋੜੀ ਜਿਹੀ ਸੜੀ ਹੋਈ ਸੀ। ਸਮਾਂ ਵੀ ਓਹੀ ਸੀ, ਜਦੋਂ ਡੇਰੇਦਾਰ ਪਾਣੀ ਦੀਆਂ ਬਾਲਟੀਆਂ ਵਗਾਹ ਵਗਾਹ ਕੇ ਮਾਰਦਾ ਸੀ। ਜਦੋਂ ਏਜੰਟ ਨੇ ਸ਼ਰਧਾਲੂਆਂ ਸਾਹਮਣੇ ਉਸ ਸੇਵਕ ਨੂੰ ਦੱਸਿਆ ਤਾਂ ਉਹ ਪਖੰਡ ਕਰਕੇ ਰੋਵੇ ਅਤੇ ਕਹੇ ਕਿ ਮੈਂ ਤਾਂ ਉਨ੍ਹਾਂ ਦੀ ਭਾਲ ਹੀ ਕਰਦਾ ਸੀ। ਚਲੋ ਦੱਸੋ, ਬਾਬਾ ਜੀ ਕਿਥੇ ਹਨ। ਦੱਸਦੇ ਹਨ, ਥੋੜੇ ਚਿਰ ਅੰਦਰ ਉਸ ਡੇਰੇ ਦੀ ਪ੍ਰਸਿੱਧੀ ਦੂਰ-ਦੂਰ ਤਕ ਫੈਲ ਗਈ।

# ਮਿਰਤਕ ਸੰਸਕਾਰ ਅਤੇ ਨਵੀਆਂ ਪਿਰਤਾਂ

ਮਿਰਤਕ ਸੰਸਕਾਰ ਸੰਬੰਧੀ ਸੰਖੇਪ ਤੇ ਸਪੱਸ਼ਟ ਰੂਪ ਵਿਚ 'ਸਿੱਖ ਰਹਿਤ ਮਰਯਾਦਾ' ਅੰਦਰ ਦਿੱਤਾ ਹੋਇਆ ਹੈ। ਪਰ ਵਿਦੇਸ਼ਾਂ ਅੰਦਰ ਮਿਰਤਕ ਸੰਸਕਾਰ ਸਮੇਂ 'ਸਿੱਖ ਰਹਿਤ ਮਰਯਾਦਾ' ਨੂੰ ਆਧਾਰ ਬਨਾਉਣਾ ਅਸੰਭਵ ਹੈ ਪਰ ਕੁਝ ਗੱਲਾਂ ਸਪੱਸ਼ਟ ਹਨ, ਜਿਵੇਂ "ਅੰਗੀਠੇ ਵਿੱਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ।" (ਪੰਨਾ 22, 1983 ਐਡੀਸ਼ਨ)। ਇਸ ਉਪ੍ਰੋਕਤ ਹਿਦਾਇਤ ਦੀ ਲੋਕ ਘੱਟ ਹੀ ਪਰਵਾਹ ਕਰਦੇ ਹਨ ਅਤੇ ਫੁੱਲ ਜਾਂ ਰਾਖ ਨੂੰ ਪੰਜਾਬ ਵਿਚ ਜਾ ਕੇ ਕੀਰਤਪੁਰ ਵਿਖੇ ਪਤਾਲਪੁਰੀ ਪਾਉਣ ਨੂੰ ਵਹਿਮ ਅਧੀਨ ਵਿਸ਼ੇਸ਼ ਪ੍ਰੰਪਰਾ ਹੀ ਬਣਾ ਲਈ ਹੈ।

ਸਾਲ 1999 ਵਿਚ ਮੇਰੇ ਚਾਚਾ ਜੀ ਚੜ੍ਹਾਈ ਕਰ ਗਏ। ਉਥੇ ਮਿਰਤਕ ਪ੍ਰਾਣੀ ਦੀ ਦੇਹ ਨੂੰ 'ਫਿਊਨਰਲ ਹੋਮ' ਵਿਚ ਰੱਖਿਆ ਹੋਇਆ ਸੀ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਨੇ ਜਪੁ ਜੀ ਸਾਹਿਬ ਦਾ ਪਾਠ ਕੀਤਾ ਅਤੇ ਦੇਹ ਨੂੰ ਦਾਹ ਸੰਸਕਾਰ ਲਈ ਲਿਜਾਇਆ ਗਿਆ। ਇਹ ਵਾਕਿਆ ਐਡਮਿੰਟਨ (ਕੈਨੇਡਾ) ਦਾ ਹੈ। ਜਦੋਂ ਉਥੇ ਜਪੁ ਬਾਣੀ ਦਾ ਪਾਠ ਕੀਤਾ ਗਿਆ ਤਾਂ ਹੈਰਾਨ ਸਾਂ ਕਿ ਬੀ.ਸੀ. (ਕੈਨੇਡਾ) ਵਿਚ ਕਦੀ ਜਪੁ ਜੀ ਸਾਹਿਬ ਦਾ ਪਾਠ ਨਹੀਂ ਹੁੰਦਾ, ਸਗੋਂ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬਾਨ ਹਾਜ਼ਰੀ ਭਰਦੇ ਹਨ ਅਤੇ ਗੁਰਮਤਿ ਵਿਚਾਰਾਂ ਨੂੰ ਹਾਜ਼ਰ ਸੰਗਤਾਂ ਨੂੰ ਸੁਣਾਉਂਦੇ ਹਨ ਅਤੇ ਮੌਤ ਜਾਂ ਕਾਲ ਬਾਰੇ ਗੁਰਮਤਿ ਦੇ ਪੱਖ ਨੂੰ ਸਪੱਸ਼ਟ ਕਰਦੇ ਹਨ। ਜਦੋਂ ਤੋਂ ਸੰਗਤਾਂ ਨੇ ਦਾਹ ਸੰਸਕਾਰ ਲਈ ਆਪਣਾ ਅਸਥਾਨ ਬਣਾ ਲਿਆ ਹੈ, ਤਾਂ ਉਥੇ ਕਈ ਗੁਰਦੁਆਰਿਆਂ ਦੇ ਗ੍ਰੰਥੀ ਸਿੰਘਾਂ ਵੱਲੋਂ ਜਪੁ ਜੀ ਸਾਹਿਬ ਦੇ ਪਾਠ ਹੁੰਦੇ ਹਨ। ਇਕ ਵਾਰੀ ਇਕ ਭਾਈ ਸਾਹਿਬ ਨੇ ਆਖ ਦਿੱਤਾ ਕਿ ਪ੍ਰਾਣੀ ਦੀ ਮੁਕਤੀ ਲਈ ਜਪੁ ਜੀ ਦੀ ਬਾਣੀ ਬਹੁਤ ਸਹਾਇਕ ਹੋਵੇਗੀ।

ਜਿਥੋਂ ਤਕ ਬਰਤਾਨੀਆ ਦੇ ਸੰਬੰਧ ਵਿਚ ਸੁਣਿਆ ਹੈ, ਉਥੇ ਨਵੀਂ ਹੀ ਪਿਰਤ ਹੈ। ਦਾਹ-ਸੰਸਕਾਰ ਕਰਨ ਤੋਂ ਪਹਿਲਾਂ ਪ੍ਰਾਣੀ ਦੀ ਦੇਹ ਨੂੰ ਗੁਰਦੁਆਰਾ ਸਾਹਿਬ ਲੈ ਕੇ ਜਾਂਦੇ ਹਨ, ਜਿਥੇ ਵਿਸ਼ੇਸ਼ ਅਰਦਾਸ ਕੀਤੀ ਜਾਂਦੀ ਹੈ। ਪਤਾ ਨਹੀਂ ਅਜੇਹੀ ਨਵੀਂ ਪਿਰਤ ਕਿਉਂ ਸ਼ੁਰੂ ਕੀਤੀ ਗਈ ? ਕਿਸ ਨੇ ਸ਼ੁਰੂ ਕੀਤੀ ?

ਵਿਦੇਸ਼ਾਂ ਵਿਚ ਕੁਝ ਗੱਲਾਂ ਬਾਰੇ ਪੰਥ ਦੇ ਚਿੰਤਕਾਂ ਨੂੰ ਸੋਚਣਾ ਪਵੇਗਾ, ਜਿਵੇਂ

ਸਿੱਖੀ ਦੀ ਰਹਿਤ-ਬਹਿਤ ਵਾਲੇ ਪਰਿਵਾਰ, ਫੁੱਲ ਜਾਂ ਅਸਥੀਆਂ ਨੂੰ ਵਿਸ਼ੇਸ਼ ਥਾਵਾਂ 'ਤੇ ਜਾ ਕੇ ਪਾਉਣ ਦੇ ਵਿਰੁੱਧ ਹਨ, ਪਰ ਜੇ ਉਹ ਫੁੱਲ (ਰਾਖ) ਜਾਂ ਅਸਥੀਆਂ ਨੂੰ ਕਿਸੇ ਨਹਿਰ, ਦਰਿਆ ਜਾਂ ਸਮੁੰਦਰ ਵਿਚ ਪਾਉਣ, ਤਾਂ ਕਾਨੂੰਨੀ ਉਲੰਘਣਾ ਹੋ ਜਾਂਦੀ ਹੈ ਕਿਉਂਕਿ ਵਿਦੇਸ਼ਾਂ ਵਿਚ ਪਾਣੀ ਨੂੰ ਦੂਸ਼ਤ ਹੋਣ ਤੋਂ ਰੋਕਣ ਲਈ ਕਰੜੇ ਨਿਯਮ ਬਣਾਏ ਹੋਏ ਹਨ। ਭਾਵੇਂ ਕੁਝ ਗੁਰਸਿੱਖ ਪਰਿਵਾਰ ਅਜੇਹਾ ਕਰਦੇ ਹਨ ਅਤੇ ਚੋਰੀ ਚੋਰੀ ਕਰਦੇ ਹਨ, ਪਰ ਇਹ ਕਾਰਜ ਵੀ ਅਨੈਤਿਕ ਹੀ ਹੋਵੇਗਾ, ਜਦੋਂ ਕਾਨੂੰਨ ਅਜੇਹਾ ਕਰਨ ਤੋਂ ਵਰਜਦਾ ਹੈ। ਇਸ ਬਾਰੇ ਨਵੇਂ ਉਪਾਓ ਜਾਂ ਵਿਧੀਆਂ ਬਣਾਉਣੀਆਂ ਪੈਣਗੀਆਂ।

ਅੱਜ-ਕੱਲ੍ਹ ਬਹੁਤ ਗੋਰੇ ਪਰਿਵਾਰ ਵੀ ਸਸਕਾਰ ਕਰਦੇ ਹਨ, ਜੋ ਈਸਾਈ ਧਰਮ ਦੇ ਕੱਟੜ ਪੈਰੋਕਾਰ ਨਹੀਂ, ਉਹ ਇਸ ਸੰਬੰਧ ਵਿਚ ਰੱਤੀ ਵੀ ਭਰਮ ਨਹੀਂ ਕਰਦੇ, ਕਿ ਮਿਰਤਕ ਦੇਹ ਨੂੰ ਦਫ਼ਨਾਇਆ ਜਾਏ ਜਾਂ ਦਾਹ-ਸੰਸਕਾਰ ਹੋਵੇ। ਦਾਹ ਸੰਸਕਾਰ, ਦਫ਼ਨਾਉਣ ਦੇ ਮੁਕਾਬਲੇ ਸਸਤਾ ਹੈ। ਮੈਂ ਆਪਣੇ ਸਾਥੀ ਕਰਮਚਾਰੀ ਨੂੰ ਪੁੱਛਿਆ ਕਿ ਜਦੋਂ ਈਸਾਈ ਸਸਕਾਰ ਕਰਦੇ ਹਨ, ਤਾਂ ਉਹ ਰਾਖ ਜਾਂ ਫੁੱਲਾਂ ਦਾ ਕੀ ਕਰਦੇ ਹਨ ? ਉਸਨੇ ਦੱਸਿਆ ਕਿ ਉਸਨੇ ਆਪ ਆਪਣੇ ਪਿਤਾ ਦਾ ਦਾਹ ਸੰਸਕਾਰ ਕੀਤਾ ਸੀ ਅਤੇ ਉਸਨੇ ਰਾਖ ਨੂੰ ਲਿਆ ਕੇ ਘਰ ਦੀ ਬਾਗਬਾਨੀ ਵਿਚ ਪਾ ਦਿੱਤਾ। ਮੈਨੂੰ ਉਸਦਾ ਢੰਗ ਠੀਕ ਜਚਿਆ। ਵਿਦੇਸ਼ਾਂ ਵਿਚ ਗੈਸ ਜਾਂ ਬਿਜਲੀ ਚੁਲ੍ਹਿਆਂ ਦੁਆਰਾ ਦੇਹ ਸਾੜਨ ਪਿੱਛੋਂ ਹੱਡੀਆਂ ਦਾ ਬਚਣਾ ਅਸੰਭਵ ਹੈ, ਸਿਰਫ਼ ਰਾਖ ਹੀ ਹੁੰਦੀ ਹੈ।

ਕਈ ਧਰਮ ਅਸਥਾਨਾਂ ਦੇ ਪ੍ਰਬੰਧਕ ਵੀ ਲੋਕਾਂ ਅੰਦਰ ਨਵੇਂ ਵਹਿਮ-ਭਰਮ ਪੈਦਾ ਕਰ ਦਿੰਦੇ ਹਨ। ਅਸਲ ਵਿਚ ਉਨ੍ਹਾਂ ਦਾ ਲੋਕਾਂ ਨੂੰ ਆਪਣੇ ਵੱਲ ਖਿੱਚਣ ਦਾ ਮਨੋਰਥ ਹੁੰਦਾ ਹੈ। ਭਾਵੇਂ ਗੁਰਮਤਿ ਵਿਚ ਮਿਰਤਕ ਸੰਸਕਾਰ ਦੌਰਾਨ ਕੀਰਤਨ ਕਰਨ ਦੀ ਮਹੱਤਤਾ ਨੂੰ ਸਵੀਕਾਰਿਆ ਗਿਆ ਹੈ, ਪਰ ਚੁਸਤ ਲੋਕ ਭੋਲੇ-ਭਾਲੇ ਪਰਿਵਾਰਾਂ ਨੂੰ ਨਵੀਆਂ ਘਿਰਤਾਂ ਦੱਸ ਕੇ ਆਪਣਾ ਪਰਪੰਚ ਚਲਾ ਰਹੇ ਹਨ। ਇਕ ਵਾਰ ਗੁਰਦੁਆਰਾ ਸਾਹਿਬ ਵਿਖੇ ਅੰਤਮ ਸੰਸਕਾਰ ਦੇ ਸੰਬੰਧ ਵਿਚ ਰਖਾਏ ਪਾਠ ਦੇ ਭੋਗ 'ਤੇ ਜਾਣ ਦਾ ਮੌਕਾ ਮਿਲਿਆ ਤੇ ਵਾਕ ਆਇਆ :

**ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ ॥**
**ਹਾਥ ਦੇਇ ਰਾਖੇ ਕਰਿ ਅਪੁਨੇ ਸਦਾ ਸਦਾ ਰੰਗੁ ਮਾਣਿ ॥੧॥** *(ਪੰਨਾ 619)*

ਉਸ ਭਾਈ ਨੇ ਆਪਣੀ ਬੁੱਧੀ ਨਾਲ ਗੁਰਮਤਿ ਵਿਰੋਧੀ ਵਿਆਖਿਆ ਕੀਤੀ ਜੋ ਹਾਸੋ-ਹੀਣੀ ਵੀ ਸੀ। "ਬਾਬਾ ਜੀ ਆਖਦੇ ਹੁੰਦੇ ਸਨ, (ਇਹ ਸਪੱਸ਼ਟ ਨਹੀਂ ਕਿ ਬਾਬਾ ਜੀ ਕਿਹੜੇ ?) ਮਿਰਤਕ ਪ੍ਰਾਣੀ ਨਮਿਤ ਦਸਾਂ ਦਿਨਾਂ ਦੇ ਅੰਦਰ ਅੰਦਰ ਪਾਠ ਕਰਾ ਦਿਓ, ਬਸ, ਫਿਰ ਮੇਰੀ ਜ਼ਿੰਮੇਵਾਰੀ ਹੈ, ਮੈਂ ਉਸਦੀ ਮੁਕਤੀ ਕਰਾ ਦਿਆਂਗਾ।" ਜ਼ਰਾ ਸੋਚੀਏ ਕਿ ਸਾਨੂੰ ਕਿਵੇਂ ਪਤਾ ਲੱਗੇ ਕਿ ਆਦਮੀ ਨਰਕ ਵਿਚ ਜਾਏਗਾ ਜਾਂ

ਸਵਰਗ ਨੂੰ ? ਇਹ ਕੋਈ ਵੀ ਨਹੀਂ ਦੱਸ ਸਕਦਾ। ਗੁਰਮਤਿ ਤਾਂ ਕਲਪਿਤ ਨਰਕ ਤੇ ਸਵਰਗ ਦੀਆਂ ਵਿਸ਼ੇਸ਼ ਥਾਵਾਂ ਨੂੰ ਨਹੀਂ ਮੰਨਦੀ। ਜੇਕਰ ਮਰਨ ਉਪ੍ਰੰਤ ਪਾਠ ਕਰਾਉਣ ਨਾਲ ਹੀ ਮੁਕਤੀ ਮਿਲਦੀ ਹੋਵੇ ਤਾਂ ਇਹ ਸੌਦਾ ਬਹੁਤ ਸਸਤਾ ਹੈ। ਭਾਵ, ਸਾਰੀ ਉਮਰ ਲੁੱਟ-ਮਚਾਓ, ਐਸ਼ ਕਰੋ, ਬਦਮਾਸ਼ੀਆਂ ਕਰੋ, ਪਰਿਵਾਰ ਨੇ ਪ੍ਰੰਪਰਾ ਅਨੁਸਾਰ ਪਾਠ ਕਰਵਾ ਹੀ ਦੇਣਾ ਹੈ, ਬਸ ਸਿੱਧਾ ਸਵਰਗਾਂ ਵਿਚ ਥਾਂ ਮਿਲੇਗੀ। ਗੁਰਮਤਿ ਅਜੇਹੇ ਗਪੌੜਾਂ ਨੂੰ ਪਰਵਾਨ ਨਹੀਂ ਕਰਦੀ ਅਤੇ ਪਾਠ ਰਸਮ ਜਾਂ ਕਿਸੇ ਦੇ ਨਮਿਤ ਪਾਠ ਕਰਾਉਣ ਨਾਲ ਮੁਕਤੀ ਦੀ ਕੋਈ ਗਰੰਟੀ ਨਹੀਂ ਹੁੰਦੀ।

ਸਾਨੂੰ ਮੁਕਤੀ ਸੰਬੰਧੀ ਗੁਰਮਤਿ ਦੇ ਪੱਖ ਨੂੰ ਜਾਣਨਾ ਜ਼ਰੂਰੀ ਹੈ। ਸਿੱਖ ਧਰਮ ਵਿਚ ਮਰਨ ਉਪ੍ਰੰਤ ਮੁਕਤੀ ਨੂੰ ਪ੍ਰਾਪਤ ਕਰਨ ਦਾ ਕੋਈ ਮਹੱਤਵ ਨਹੀਂ ਹੈ। ਇਸ ਬਾਰੇ ਭਗਤ ਨਾਮਦੇਵ ਜੀ ਦੇ ਆਖੇ ਸ਼ਬਦਾਂ ਦੁਆਰਾ ਸਮਝ ਪਵੇਗੀ :

**ਮੂਏ ਹੂਏ ਜਉ ਮੁਕਤਿ ਦੇਹੁਗੇ, ਮੁਕਤਿ ਨ ਜਾਨੈ ਕੋਇਲਾ ॥** *(ਪੰਨਾ 1292)*

ਹੇ ਪਰਮਾਤਮਾ ! ਜੇ ਮਰਨ ਬਾਅਦ ਮੁਕਤੀ ਮਿਲੇ ਤਾਂ ਉਸ ਮੁਕਤੀ ਦਾ ਕੀ ਲਾਭ ? ਭਾਵ, ਉਸਦਾ ਕਿਸੇ ਨੂੰ ਕੀ ਪਤਾ ਲੱਗੇਗਾ।

ਹੋਰ ਪਰਮਾਣ :

**ਸਬਦਿ ਮਰੈ ਸੋ ਮਰਿ ਰਹੈ, ਫਿਰਿ ਮਰੈ ਨ ਦੂਜੀ ਵਾਰ ॥** *(ਪੰਨਾ 58)*

ਅਸਲ ਮਰਨਾ ਮਨ ਨੂੰ ਗਿਆਨ ਰੂਪੀ ਖੜਗ ਨਾਲ ਮਾਰਨਾ, ਭਾਵ ਗੁਰਮਤਿ ਦੁਆਰਾ ਮਨ ਨੂੰ ਜਿੱਤਣਾ, ਇਕ ਵਾਰ ਮਨ ਦੀ ਉੱਚ ਅਵਸਥਾ ਬਣ ਜਾਏ, ਫਿਰ ਉਹ ਪ੍ਰਾਣੀ ਜੀਵਨ-ਮੁਕਤ ਹੈ। ਵਾਰ ਆਸਾ ਵਿਚ ਗੁਰੂ ਨਾਨਕ ਸਾਹਿਬ ਆਖ ਰਹੇ ਹਨ :

**ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥** *(ਪੰਨਾ 449)*

ਭਾਵ, ਅਸੀਂ ਜਿਊਂਦੇ ਜੀਅ ਮੁਕਤ ਹੋਣਾ ਹੈ, ਜੋ ਲੋਕ ਵਹਿਮ ਪੈਦਾ ਕਰਦੇ ਹਨ ਜਾਂ ਧਰਮ ਦੇ ਨਾਂ 'ਤੇ ਲੁੱਟ-ਖਸੁੱਟ ਕਰਦੇ ਹਨ ਕਿ ਮਿਰਤਕ ਪ੍ਰਾਣੀ ਨੂੰ ਕੋਈ ਸੰਸਕਾਰ ਕਰਨ ਨਾਲ ਸਵਰਗ ਜਾਂ ਮੁਕਤੀ ਮਿਲੇਗੀ, ਇਸ ਤੱਥ ਵਿਚ ਕੋਈ ਸੱਚਾਈ ਨਹੀਂ ਤੇ ਨਿਰੀ ਮਨਮਤ ਹੈ।

ਰਾਗ ਆਸਾ ਅੰਦਰ ਚੌਥੇ ਪਾਤਸ਼ਾਹ ਦੱਸਦੇ ਹਨ ਕਿ ਉਹ ਪ੍ਰਾਣੀ ਮੁਕਤ ਹਨ, ਜਿਨ੍ਹਾਂ ਨੇ ਵਾਹਿਗੁਰੂ ਜਾਂ ਪਰਮਾਤਮਾ ਨੂੰ ਯਾਦ ਕੀਤਾ ਹੈ :

**ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ,**
**ਤਿਨ ਤੂਟੀ ਜਮ ਕੀ ਫਾਸੀ ॥** *(ਪੰਨਾ 11)*

**ਇਹੁ ਸੰਸਾਰੁ ਬਿਕਾਰੁ ਸੰਸੇ ਮਹਿ, ਤਰਿਓ ਬ੍ਰਹਮ ਗਿਆਨੀ ॥** *(ਪੰਨਾ 13)*

ਜੋ ਲੋਕ ਕਥਾਵਾਂ ਬਣਾ ਕੇ ਲੋਕਾਂ ਨੂੰ ਧਰਵਾਸ ਦਿੰਦੇ ਹਨ, ਉਸ ਵਿਚ ਕੋਈ

ਮਾੜੀ ਗੱਲ ਨਹੀਂ, ਕਿਉਂਕਿ ਮਨੋਵਿਗਿਆਨੀ ਵੀ ਧਰਵਾਸ ਦੇਣ ਲਈ ਆਪਣੇ ਉਪਾਓ ਵਰਤਦੇ ਹਨ, ਪਰ ਜੋ ਸਵਰਗ ਪਹੁੰਚਾਉਣ ਦਾ ਠੇਕਾ ਲੈਂਦੇ ਹਨ, ਉਨ੍ਹਾਂ ਠੇਕੇਦਾਰਾਂ ਤੋਂ ਜ਼ਰੂਰ ਸਾਵਧਾਨ ਰਹਿਣਾ ਹੈ। ਕਈ ਵਾਰੀ ਇਹ ਵੀ ਵਹਿਮ ਪੈਦਾ ਕੀਤਾ ਜਾਂਦਾ ਹੈ ਕਿ ਜੇ ਮਿਰਤਕ ਪ੍ਰਾਣੀ ਨਮਿਤ ਪੁੰਨ-ਦਾਨ ਕੀਤਾ ਜਾਵੇ, ਤਾਂ ਵੀ ਸਵਰਗ ਦੀ ਪ੍ਰਾਪਤੀ ਹੋ ਸਕਦੀ ਹੈ। ਪੁੰਨ-ਦਾਨ ਦੇ ਫਲ ਸੰਬੰਧੀ ਇਕ ਦ੍ਰਿਸ਼ਟਾਂਤ ਦੇਣਾ ਠੀਕ ਰਹੇਗਾ।

ਕਹਿੰਦੇ ਹਨ ਇਕ ਵਾਰ ਕਿਸੇ ਦਾਨੀ ਵਿਅਕਤੀ ਦੀ ਮੌਤ ਉਪ੍ਰੰਤ ਉਸਦੀ ਪੇਸ਼ੀ ਧਰਮਰਾਜ ਦੀ ਕਚਹਿਰੀ ਵਿਖੇ ਹੋਈ। ਜਦੋਂ ਉਸਦੇ ਪੁੰਨ-ਦਾਨ ਦਾ ਹਿਸਾਬ ਕੀਤਾ ਤਾਂ ਧਰਮਰਾਜ ਨੇ ਫ਼ੈਸਲਾ ਸੁਣਾਇਆ ਕਿ ਇਸਨੂੰ ਸੁੱਟੋ ਨਰਕ ਵਿਚ। ਉਸ ਵਿਅਕਤੀ ਨੇ ਤਰਲਾ ਕੀਤਾ ਕਿ ਮੈਂ ਹਰ ਸਾਲ ਜਗ ਕਰਾਉਂਦਾ ਸੀ, ਪਾਠ ਕਰਾਏ, ਲੋਕਾਂ ਨੂੰ ਜਲ-ਪਾਣੀ ਛਕਾਉਂਦਾ ਸੀ, ਮੈਨੂੰ ਨਰਕਵਾਸ ਕਿਉਂ ? ਧਰਮਰਾਜ ਨੇ ਕਿਹਾ, "ਤੂੰ ਸਾਰੇ ਕਾਰਜ ਆਪਣੀ ਹਉਮੈ ਲਈ ਕੀਤੇ ਹਨ ਤੇ ਲੋੜਵੰਦਾਂ ਦੀ ਲੋੜ ਅਨੁਸਾਰ ਕੁਝ ਨਹੀਂ ਕੀਤਾ।" ਉਸਦੀ ਅਪੀਲ ਰੱਦ ਹੋ ਗਈ, ਜਦ ਉਸਨੂੰ ਨਰਕਾਂ ਵੱਲ ਲੈ ਕੇ ਜਾਣ ਲੱਗੇ, ਤਾਂ ਉਹ ਚੀਕ-ਚਿਹਾੜਾ ਪਾਵੇ। ਆਖ਼ਰ ਧਰਮਰਾਜ ਨੇ ਉਸ ਆਦਮੀ ਦਾ ਜੀਵਨ-ਖ਼ਾਤਾ ਦੁਬਾਰਾ ਚੈੱਕ ਕਰਨ ਲਈ ਹੁਕਮ ਕੀਤਾ। ਹੈਰਾਨ ਹੋ ਕੇ ਇਕ ਦੂਤ ਨੇ ਕਿਹਾ ਕਿ ਇਸਦਾ ਇਕ ਖ਼ਾਤਾ ਮਿਲ ਗਿਆ ਹੈ, ਉਸ ਵਿਚ ਇਸਦਾ ਪੁੰਨ-ਦਾਨ ਬਹੁਤ ਵੱਡਾ ਹੈ ਤੇ ਇਹ ਭਾਈ ਸਦਾ ਲਈ ਸਵਰਗ ਦਾ ਵਾਸੀ ਬਣ ਸਕਦਾ ਹੈ। ਧਰਮਰਾਜ ਨੇ ਪੁੱਛਿਆ ਕਿ ਅਜੇਹਾ ਕਿਹੜਾ ਖ਼ਾਤਾ ਹੈ ? ਦੱਸਿਆ ਗਿਆ ਕਿ ਇਕ ਵੇਰ ਇਸ ਨੇ ਇਕ ਗ਼ਰੀਬ ਬੱਚੇ ਨੂੰ ਠੰਢ ਦੀ ਰੁੱਤ ਵਿਚ ਨੰਗੇ ਪੈਰੀਂ ਸਕੂਲ ਜਾਂਦੇ ਤੱਕਿਆ ਸੀ। ਇਸ ਨੇ ਤਰਸ ਖਾ ਕੇ ਆਪਣੇ ਲੜਕੇ ਦੀ ਪੁਰਾਣੀ ਜੁੱਤੀ ਚੁੱਕ ਕੇ ਉਸ ਨੰਗੇ ਪੈਰਾਂ ਵਾਲੇ ਬੱਚੇ ਨੂੰ ਦੇ ਦਿੱਤੀ ਸੀ।" ਸੋ ਉਸ ਗ਼ਰੀਬ ਬੱਚੇ ਦੀ ਲੋੜ ਨੂੰ ਮਹਿਸੂਸ ਕਰ ਕੇ ਪੁਰਾਣੀ ਜੁੱਤੀ ਦੇਣੀ ਵੀ ਪੁੰਨ ਹੈ ਅਤੇ ਵਿਖਾਵੇ ਜਾਂ ਹਉਮੈ ਲਈ ਕੀਤੇ ਅਖੰਡਪਾਠ ਜਾਂ ਹੋਰ ਕਰਮ ਦਾ ਕੋਈ ਫਲ ਜਾਂ ਲਾਹਾ ਨਹੀਂ।

ਗੁਰਮਤਿ ਅਨੁਸਾਰ ਦੁਖ-ਸੁਖ ਮਨੁੱਖੀ ਸਰੀਰ 'ਤੇ ਆਉਂਦੇ ਹਨ ਅਤੇ ਹਰ ਪ੍ਰਾਣੀ ਨੇ ਸੰਸਾਰ ਤੋਂ ਚਲੇ ਜਾਣਾ ਹੈ। ਜਿਵੇਂ ਗੁਰਮਤਿ ਆਖਦੀ ਹੈ :

> ਰਜਿ ਨ ਕੋਈ ਜੀਵਿਆ, ਪਹੁਚਿ ਨ ਚਲਿਆ ਕੋਇ॥
> ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ॥
> ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ॥
> ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ॥ *(ਪੰਨਾ 1412)*

ਅਸੀਂ ਹਰ ਰੋਜ਼ ਦੇਖਦੇ ਹਾਂ ਕਿ ਲੋਕ ਸੰਸਾਰ ਨੂੰ ਛੱਡ ਰਹੇ ਹਨ, ਬੱਚੇ ਜੰਮ ਰਹੇ ਹਨ, ਉਮਰ ਭਾਵੇਂ ਵੱਡੀ ਹੈ ਜਾਂ ਛੋਟੀ :

**ਜੋ ਜਨਮੈ ਸੋ ਜਾਨਹੁ ਮੂਆ॥** *(ਪੰਨਾ 375)*

ਸਾਡੇ ਲਈ ਵਾਹਿਗੁਰੂ ਦੇ ਭਾਣੇ ਨੂੰ ਮੰਨ ਲੈਣ ਵਿਚ ਭਲਾ ਹੈ, ਮਾਨਸਕ ਤੌਰ 'ਤੇ ਚਿੰਤਾ-ਰਹਿਤ ਹੋਈਏ। ਜਿਵੇਂ ਫ਼ਰੀਦ ਜੀ ਆਖ ਰਹੇ ਹਨ:

**ਫਰੀਦਾ ਦੁਖੁ ਸੁਖੁ ਇਕੁ ਕਰਿ, ਦਿਲ ਤੇ ਲਾਹਿ ਵਿਕਾਰੁ॥**
**ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ॥** *(ਪੰਨਾ 1383)*

ਚੁਸਤ ਲੋਕਾਂ ਵੱਲੋਂ ਸੁਚੇਤ ਰਹੀਏ, ਜਿਊਂਦੇ ਜੀਅ ਸ਼ੁਭ ਕਰਮ ਕਰੀਏ, ਲੋੜਵੰਦਾਂ ਦੀ ਸਹਾਇਤਾ ਕਰਨ ਨੂੰ ਪੁੰਨ ਸਮਝੀਏ, ਵਾਹਿਗੁਰੂ ਦੀ ਯਾਦ ਨੂੰ ਦਿਲ 'ਚ ਵਸਾਈਏ। ਬਾਕੀ ਜੋ ਕਰਮ-ਕਾਂਡ ਹਨ ਜਾਂ ਵਹਿਮ ਹਨ ਕਿ ਫਲਾਣੇ ਥਾਂ ਫੁੱਲ ਜਾਂ ਅਸਥੀਆਂ ਪਾ ਦੇਣ ਨਾਲ ਮੁਕਤੀ ਹੋਵੇਗੀ ਜਾਂ ਮਿਰਤਕ ਪ੍ਰਾਣੀ ਨੂੰ ਕੋਈ ਲਾਭ ਹੋਵੇਗਾ, ਇਸ ਵਿਚ ਕੋਈ ਸੱਚਾਈ ਨਹੀਂ। ਗੁਰਬਾਣੀ ਤਾਂ ਫ਼ੁਰਮਾਉਂਦੀ ਹੈ:

**ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥**
**ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥**
**ਨਾਨਕ ਏਵ ਨ ਜਾਪਈ, ਕਿਥੈ ਜਾਇ ਸਮਾਹਿ॥** *(ਪੰਨਾ 648)*

ਕਈ ਲੋਕ ਮਰ ਚੁੱਕੇ ਪ੍ਰਾਣੀ ਨੂੰ ਸਾੜਦੇ ਹਨ, ਕਈ ਦੱਬਦੇ ਹਨ, ਕਈ ਮਰ ਚੁੱਕੇ ਹੋਇਆਂ ਨੂੰ ਕੁੱਤੇ ਖਾਂਦੇ ਹਨ, ਕਈ ਜਲ ਪ੍ਰਵਾਹ ਕੀਤੇ ਜਾਂਦੇ ਹਨ, ਕਈਆਂ ਨੂੰ ਖੂਹ ਵਿਚ ਰੱਖਿਆ ਜਾਂਦਾ ਹੈ। ਗੁਰੂ ਸਾਹਿਬ ਆਖ ਰਹੇ ਹਨ ਕਿ ਇੰਜ ਕਰਨ ਨਾਲ ਕੋਈ ਪਤਾ ਨਹੀਂ ਲੱਗਦਾ ਕਿ ਰੂਹਾਂ ਕਿਥੇ ਜਾ ਵਸਦੀਆਂ ਹਨ।

ਵੱਖ ਵੱਖ ਕੌਮਾਂ ਅੰਦਰ ਮਿਰਤਕ ਸੰਸਕਾਰਾਂ ਦੀ ਭਿੰਨਤਾ ਹੈ। ਇਥੇ ਕੋਈ ਵਹਿਮ ਨਹੀਂ ਕਰਨਾ ਕਿਉਂਕਿ ਦਾਹ-ਸੰਸਕਾਰ ਕਰਨ ਨਾਲ ਜਾਂ ਹੋਰ ਪ੍ਰੰਪਰਾ ਅਨੁਸਾਰ ਸੰਸਕਾਰ ਕਰਨ ਨਾਲ ਮੁਕਤੀ ਅਸੰਭਵ ਹੈ।

ਅਸੀਂ ਕਈ ਵਾਰ ਆਪ ਹੀ ਨਵੀਆਂ ਪਿਰਤਾਂ ਜਾਂ ਦੇਖਾ-ਦੇਖੀ ਕਰਮ ਕਰਦੇ ਹਾਂ, ਜੋ ਗੁਰਮਤਿ ਅਨੁਸਾਰੀ ਨਹੀਂ ਹੁੰਦੇ। ਜਿਵੇਂ ਅਸੀਂ ਮਿਰਤਕ ਪ੍ਰਾਣੀ ਦੀ ਤਸਵੀਰ ਨੂੰ ਗੁਰੂ ਗ੍ਰੰਥ ਸਾਹਿਬ ਅੱਗੇ ਟਿਕਾ ਦਿੰਦੇ ਹਾਂ ਜਾਂ ਮਰਨ ਵਾਲੇ ਪ੍ਰਾਣੀ ਦੇ ਨਮਿਤ ਬਿਸਤਰਾ, ਭਾਂਡੇ, ਪੁਸ਼ਾਕ ਅਤੇ ਜੁੱਤੀ ਆਦਿ ਨੂੰ ਵੀ ਗੁਰੂ ਗ੍ਰੰਥ ਸਾਹਿਬ ਅੱਗੇ ਭੇਟ ਕਰਦੇ ਹਾਂ। ਇਹ ਬਿਪਰਨ ਰੀਤ ਹੈ, ਉਨ੍ਹਾਂ ਦੀ ਸੋਚ ਹੁੰਦੀ ਸੀ ਕਿ ਪੁਜਾਰੀ ਦੁਆਰਾ ਮਰਨ ਵਾਲੇ ਪ੍ਰਾਣੀ ਨੂੰ ਅਗਲੀ ਦੁਨੀਆ ਵਿਚ ਸਾਮਾਨ ਪਹੁੰਚਾਇਆ ਜਾ ਸਕਦਾ ਹੈ, ਪਰ ਅਸੀਂ ਬਹੁਤ ਕਰਮ ਬਿਨਾਂ ਸੋਚੇ ਸਮਝੇ ਕਰ ਰਹੇ ਹਾਂ। ਜਿਵੇਂ ਗੁਰੂ ਗ੍ਰੰਥ ਸਾਹਿਬ ਦੇ ਰੁਮਾਲਿਆਂ ਨੂੰ ਸਾਂਭਣ ਲਈ ਪ੍ਰਬੰਧਕਾਂ ਨੂੰ ਔਖ ਹੋ ਰਹੀ ਹੈ, ਉਸੇ ਤਰ੍ਹਾਂ ਹੀ ਹਰ ਹਫ਼ਤੇ ਗੁਰੂ-ਘਰਾਂ ਵਿਚ ਰਜਾਈਆਂ ਤੇ ਗਦੇਲਿਆਂ ਦੀ ਗਿਣਤੀ ਵਧ ਰਹੀ ਹੈ। ਮਿਰਤਕ ਪ੍ਰਾਣੀ ਕੋਲ ਕੋਈ ਚੀਜ਼ ਪਹੁੰਚਣੀ ਨਹੀਂ, ਇਹ ਬਿਪਰਨ ਰੀਤਾਂ ਬਾਰੇ ਪ੍ਰਚਾਰਕ ਜਾਂ ਗ੍ਰੰਥੀਆਂ ਦੇ ਮੂੰਹ ਸੀਤੇ ਹੋਏ ਹਨ ਅਤੇ ਉਹ ਨਹੀਂ ਚਾਹੁੰਦੇ ਕਿ ਲੋਕਾਂ ਨੂੰ ਗੁਰਮਤਿ

ਬਾਰੇ ਸਪੱਸ਼ਟਤਾ ਹੋਵੇ, ਤਾਹੀਓਂ ਸਾਡੇ ਗੁਰੂ-ਘਰਾਂ ਤੋਂ ਅਤੇ ਪਰਿਵਾਰਾਂ ਦੇ ਮਨਾਂ ਤੋਂ ਬਿਪਰਨ ਰੀਤਾਂ ਜਾਂ ਮਨਮਤਿ ਦੂਰ ਨਹੀਂ ਹੋ ਰਹੀ।

> "ਰਸਮਾਂ ਦੀ ਸੰਸਕਾਰ ਵਿਧੀ ਵਿਚ ਫ਼ਜ਼ੂਲ ਖ਼ਰਚੀ ਦੀ ਬਜਾਇ ਸਾਦਗੀ ਵਧੇਰੇ ਯੋਗ ਹੈ। ਸੋਗ ਦੇ ਸੰਸਕਾਰ ਅਦਾ ਕਰਨ ਵਿਚ ਦਿਖਾਵੇ ਨਾਲੋਂ ਦਿਲੀ ਦੁਖ ਮਹਿਸੂਸ ਕਰਨਾ ਵਧੇਰੇ ਉਚਿਤ ਹੈ।"
>
> *(ਕਨਫਿਊਸ਼ਸ, ਚੀਨ ਦਾ ਮਹਾਨ ਚਿੰਤਕ)*

# ਨਗਰ ਕੀਰਤਨ ਦਾ ਸਰੂਪ ਕਿਸ ਤਰ੍ਹਾਂ ਦਾ ਹੋਵੇ ?

*ਮਹਾਨ ਕੋਸ਼* ਅਨੁਸਾਰ ਨਗਰ ਕੀਰਤਨ ਦਾ ਭਾਵ, "ਉਹ ਕੀਰਤਨ ਜੋ ਨਗਰ ਵਿਚ ਫਿਰ ਕੇ ਕੀਤਾ ਜਾਵੇ।" ਭਾਰਤ ਅੰਦਰ ਕਈ ਕਸਬਿਆਂ ਜਾਂ ਸ਼ਹਿਰਾਂ ਵਿਚ ਸਵੇਰ ਵੇਲੇ ਕੁਝ ਇਲਾਕਿਆਂ ਵਿਚ ਸੰਗਤਾਂ ਰਲ ਕੇ ਕੀਰਤਨ ਕਰਦੀਆਂ ਹਨ, ਜਿਸਨੂੰ ਪ੍ਰਭਾਤ ਫੇਰੀ ਆਖਿਆ ਜਾਂਦਾ ਹੈ। ਪ੍ਰਭਾਤ ਫੇਰੀ ਵਿਚ ਕੁਝ ਪਰਿਵਾਰ ਹੀ ਹੁੰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਨਹੀਂ ਹੁੰਦੀ। ਦੂਜੇ ਪਾਸੇ ਨਗਰ ਕੀਰਤਨ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਟਰੱਕ ਜਾਂ ਟਰਾਲੀ ਉੱਤੇ ਵਿਸ਼ੇਸ਼ ਤੌਰ 'ਤੇ ਪ੍ਰਕਾਸ਼ ਹੁੰਦਾ ਹੈ ਅਤੇ ਅੱਗੇ ਅੱਗੇ ਪੰਜ ਪਿਆਰੇ ਨੰਗੀਆਂ ਸ੍ਰੀ ਸਾਹਿਬਾਂ ਨਾਲ ਚੱਲਦੇ ਹਨ। ਪੰਜ ਸਿੰਘ ਨਿਸ਼ਾਨ ਸਾਹਿਬ ਫੜ ਕੇ ਚੱਲਦੇ ਹਨ। ਕਈ ਵਾਰ ਵਿਸ਼ੇਸ਼ ਬੈਂਡ ਵੀ ਮਾਰਚ ਕਰਦੇ ਹਨ ਤੇ ਕੀਰਤਨੀਏ ਜੱਥੇ ਕੀਰਤਨ ਕਰਦੇ ਅਤੇ ਸੰਗਤਾਂ ਵੀ ਜੋਟੀਆਂ ਦੇ ਸ਼ਬਦ ਪੜ੍ਹਦੀਆਂ ਹਨ। ਨਗਰ ਕੀਰਤਨ ਵਿਚ ਸੰਗਤਾਂ ਹੁੰਮ-ਹੁਮਾ ਕੇ ਸ਼ਾਮਲ ਹੁੰਦੀਆਂ ਹਨ ਅਤੇ ਸ਼ਹਿਰਾਂ ਦੇ ਅੰਦਰ ਲੰਬੇ ਪੈਂਡੇ ਤਹਿ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਥਾਂਵਾਂ 'ਤੇ ਸਟੇਜਾਂ ਵੀ ਲਗਾਈਆਂ ਜਾਂਦੀਆਂ ਹਨ।

ਜਿਥੋਂ ਤਕ ਨਗਰ ਕੀਰਤਨ ਦੇ ਪਿਛੋਕੜ ਜਾਂ ਪਿਰਤ ਦੀ ਗੱਲ ਹੈ, ਉਸ ਬਾਰੇ ਦਾਸ ਕੁਝ ਨਹੀਂ ਆਖ ਸਕਦਾ ਕਿ ਇਹ ਪ੍ਰੰਪਰਾ ਗੁਰੂ ਕਾਲ ਅੰਦਰ ਸੀ ਜਾਂ ਪਿੱਛੋਂ ਸ਼ੁਰੂ ਹੋਈ। ਮੈਨੂੰ ਯਾਦ ਹੈ ਕਿ ਮੈਂ ਖ਼ਾਲਸਾ ਸਕੂਲ ਦਾ ਵਿਦਿਆਰਥੀ ਸਾਂ ਅਤੇ ਸਕੂਲ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਪੁਰਬ ਸਮੇਂ ਨਗਰ ਕੀਰਤਨ ਆਯੋਜਿਤ ਹੁੰਦਾ ਸੀ, ਜਿਸ ਵਿਚ ਦੋ ਤੋਂ ਤਿੰਨ ਕਿਲੋਮੀਟਰ ਦਾ ਪੈਂਡਾ ਤਹਿ ਕੀਤਾ ਜਾਂਦਾ ਸੀ। ਸਕੂਲ ਦੇ ਬੱਚੇ ਹੀ ਪੰਜ ਪਿਆਰੇ ਬਣਦੇ, ਮਗਰੋਂ ਪਿਆਰਿਆਂ ਦੀ ਚੋਣ ਸੰਗਤਾਂ ਵਿੱਚੋਂ ਹੋਣੀ ਸ਼ੁਰੂ ਹੋਈ। ਅੱਗੇ ਸਕੂਲ ਦਾ ਬੈਂਡ ਹੁੰਦਾ ਅਤੇ ਸਾਰਾ ਸਕੂਲ ਤੇ ਦੋਨੋਂ ਕਾਲਜਾਂ ਦੇ ਵਿਦਿਆਰਥੀ ਪੂਰੇ ਜ਼ਬਤ ਵਿਚ ਰਹਿ ਕੇ ਨਗਰ ਕੀਰਤਨ ਦੇ ਜਲੌ ਵਿਚ ਵਾਧਾ ਕਰਦੇ।

ਅੱਜਕੱਲ੍ਹ ਨਗਰ ਕੀਰਤਨ ਦਾ ਰਿਵਾਜ ਕੁਝ ਜ਼ਿਆਦਾ ਹੀ ਪ੍ਰਚਲਿਤ ਹੋ ਗਿਆ ਹੈ। ਵਿਦੇਸ਼ਾਂ ਵਿਚ ਸਿੱਖਾਂ ਦੀ ਗਿਣਤੀ ਅਧਿਕ ਹੋ ਜਾਣ ਕਾਰਨ ਵੱਖ-ਵੱਖ ਸਮਿਆਂ 'ਤੇ ਨਗਰ ਕੀਰਤਨ ਆਯੋਜਿਤ ਹੁੰਦੇ ਹਨ। ਇਸ ਲੇਖ ਵਿਚ ਵਿਸ਼ੇਸ਼ ਕਰਕੇ ਕੈਨੇਡਾ ਦੇ ਸ਼ਹਿਰ ਵੈਨਕੂਵਰ ਦੇ ਆਸ-ਪਾਸ ਜਾਂ ਸਰੀ ਵਿਖੇ ਹੋਏ ਜਾਂ ਹੋ ਰਹੇ ਨਗਰ ਕੀਰਤਨ ਬਾਰੇ ਚਰਚਾ ਕਰਾਂਗਾ ਅਤੇ ਦੇਖਣਾ ਹੈ ਕਿ ਕੀ ਇਨ੍ਹਾਂ ਨਗਰ ਕੀਰਤਨਾਂ ਦਾ ਸਰੂਪ, ਨਗਰ ਕੀਰਤਨ ਵਾਲਾ ਹੈ ਜਾਂ ਨਹੀਂ। ਮੇਰਾ ਖ਼ਿਆਲ ਹੈ, ਵੈਨਕੂਵਰ ਸ਼ਹਿਰ ਵਿਚ

ਪਹਿਲਾ ਨਗਰ ਕੀਰਤਨ, ਗੁਰੂ ਅਮਰਦਾਸ ਜੀ ਦੀ ਪੰਜ ਸੋ ਸਾਲਾ ਸ਼ਤਾਬਦੀ ਮਨਾਉਣ ਲਈ 1979 ਵਿਚ ਹੋਇਆ, ਜੋ ਦੋ ਗੁਰਦੁਆਰਾ ਸਾਹਿਬਾਨ ਦੀ ਸਾਂਝੀ ਕਮੇਟੀ ਤੇ ਸੰਗਤਾਂ ਦੇ ਸਹਿਯੋਗ ਨਾਲ ਆਯੋਜਿਤ ਹੋਇਆ। ਦਾਸ ਪੰਜਾਂ ਪਿਆਰਿਆਂ ਵਿਚ ਸ਼ਾਮਲ ਸੀ ਅਤੇ ਕਮੇਟੀ ਦੇ ਫ਼ੈਸਲੇ ਅਨੁਸਾਰ ਪਿਆਰਿਆਂ ਨੇ ਰਬੜ ਦੇ ਫਲੀਟ ਪਾਏ ਹੋਏ ਸਨ, ਪਰ ਕਿਸੇ (ਸ਼ਰਧਾਲੂ ?) ਨੇ ਧੱਕੇ ਨਾਲ ਪੰਜਾਂ ਪਿਆਰਿਆਂ ਦੇ ਬੂਟ ਲੁਹਾ ਦਿੱਤੇ ਤੇ ਪੰਜ ਮੀਲ ਦਾ ਪੈਂਡਾ ਨੰਗੇ ਪੈਰੀਂ ਤਹਿ ਕੀਤਾ। ਗੁਰੂ ਦਾ ਸ਼ੁਕਰ ਹੈ ਕਿ ਸੜਕ 'ਤੇ ਟੁੱਟੇ ਭੱਜੇ ਕੱਚ ਨਾਲ ਕੋਈ ਪਿਆਰਾ ਫੱਟੜ ਨਹੀਂ ਹੋਇਆ, ਨਹੀਂ ਤਾਂ ਸਿੱਖਾਂ ਦੀ ਖ਼ਬਰ ਡਬਲ ਲੱਗਣੀ ਸੀ। ਇਸ ਬਾਰੇ ਕੌਣ ਫ਼ੈਸਲਾ ਕਰੇ ਕਿ ਕੀ ਨੰਗੇ ਪੈਰੀਂ ਤੁਰਨ ਨਾਲ ਪਵਿੱਤਰਤਾ ਰਹਿੰਦੀ ਹੈ ਜਾਂ ਬੂਟਾਂ ਸਮੇਤ ਤੁਰਨ ਨਾਲ ਅਪਵਿੱਤਰਤਾ ?

ਕੁਝ ਸਾਲਾਂ ਬਾਅਦ ਸਿੱਖਾਂ ਦੀ ਚੜ੍ਹਦੀ ਕਲਾ 'ਚ ਵਾਧਾ ਹੋਇਆ ਅਤੇ ਇਕ ਦੀ ਥਾਂ ਦੋ ਨਗਰ ਕੀਰਤਨ ਪ੍ਰਚਲਿਤ ਹੋ ਗਏ ਅਤੇ ਹੋਰ ਚੜ੍ਹਦੀ ਕਲਾ ਸਦਕੇ ਇੱਕੋ ਹੀ ਦਿਨ ਦੋਨੋਂ ਨਗਰ ਕੀਰਤਨ। ਹੁਣ ਦੋਨਾਂ ਨਗਰ ਕੀਰਤਨਾਂ ਨੂੰ ਆਯੋਜਿਤ ਕਰਨ ਵਾਲੇ ਆਪਣਾ ਆਪਣਾ ਜ਼ੋਰ ਲਗਾਉਂਦੇ ਹਨ ਕਿ ਸੰਗਤਾਂ ਵੱਧ ਤੋਂ ਵੱਧ ਖਿੱਚੀਆਂ ਜਾਣ। ਕਿਸੇ ਪ੍ਰਬੰਧਕ ਨੇ ਭਾਰਤ ਤੋਂ ਸ਼ਸਤਰ ਮੰਗਵਾ ਲਏ, ਕਿਸੇ ਨੇ ਪੁਰਾਤਨ ਹੱਥ-ਲਿਖਤ ਬੀੜ ਲੈ ਆਂਦੀ, ਕਿਸੇ ਨੇ ਜਤਨ ਕੀਤਾ ਕਿ ਗੁਰੂ ਸਾਹਿਬਾਨ ਦੇ ਬਸਤਰ ਹੀ ਮੰਗਵਾਈਏ। ਸਾਰਿਆਂ ਦਾ ਮਕਸਦ ਇੱਕੋ ਹੀ ਹੈ ਕਿ ਸੰਗਤਾਂ ਵੱਧ ਆਉਣ। ਇਕ ਸਾਲ ਇਕ ਕਮੇਟੀ ਨੇ ਭਾਰਤ ਤੋਂ ਪੁਰਾਣੇ ਸ਼ਸਤਰ ਮੰਗਵਾ ਕੇ ਆਖ ਦਿੱਤਾ ਕਿ ਗੁਰੂ ਸਾਹਿਬਾਨ ਦੇ ਸ਼ਸਤਰ ਹਨ ਅਤੇ ਅੰਧੀ ਰਈਯਤ ਤੋਂ ਉਨ੍ਹਾਂ ਸ਼ਸਤਰਾਂ ਦੀ ਪੂਜਾ ਕਰਵਾਈ ਅਤੇ ਧਨ ਪ੍ਰਾਪਤ ਕੀਤਾ। ਦੂਜੇ ਪਾਸੇ ਦੁਕਾਨਾਂ ਵਾਲਿਆਂ ਦੀ ਇੱਛਾ ਹੁੰਦੀ ਹੈ ਕਿ ਨਗਰ ਕੀਰਤਨ ਦਾ ਰੂਟ ਉਨ੍ਹਾਂ ਦੇ ਕੋਲੋਂ ਦੀ ਜਾਵੇ, ਤਾਂ ਜੁ ਉਹ ਆਪਣੇ ਸੂਟਾਂ ਦੀ ਵਿਕਰੀ ਕਰ ਸਕਣ। ਨਗਰ ਕੀਰਤਨ ਦਾ ਭਾਵ ਸੀ ਕਿ ਨਗਰ ਜਾਂ ਸ਼ਹਿਰ ਵਿਚ ਕੀਰਤਨ ਹੋਵੇ ? ਹੁਣ ਅਸੀਂ ਦੇਖਣਾ ਹੈ ਕਿ ਕੀ ਅਸੀਂ ਕੀਰਤਨ ਸੁਣਦੇ ਹਾਂ ? ਜਾਂ ਫਿਰ ਗੋਰੇ ਲੋਕ ਕੀਰਤਨ ਸੁਣਦੇ ਹਨ ?

ਕੁਝ ਸਾਲ ਪਹਿਲਾਂ ਪ੍ਰਬੰਧਕਾਂ ਨੇ ਵਿਸ਼ੇਸ਼ ਤੌਰ 'ਤੇ ਰਾਜਨੀਤਿਕ ਨੇਤਾਵਾਂ ਨੂੰ ਪੰਜਾਬ ਤੋਂ ਮੰਗਾਇਆ। ਇਥੋਂ ਦੇ ਲੋਕਲ ਰਾਜਨੀਤਿਕ ਨੇਤਾ ਵੀ ਚਾਹੁੰਦੇ ਹਨ ਕਿ ਉਹ ਵੀ ਸੰਗਤਾਂ ਨੂੰ ਆਪਣੀ ਹੋਂਦ ਪ੍ਰਗਟਾਅ ਸਕਣ ਅਤੇ ਪ੍ਰਬੰਧਕ ਵੀ ਇਸੇ ਤਾੜ 'ਚ ਰਹਿੰਦੇ ਹਨ ਕਿ ਉਨ੍ਹਾਂ ਦੀ ਨਗਰ ਕੀਰਤਨ ਵਿਚ ਵਾਹ-ਵਾਹ ਹੋਵੇ ਅਤੇ ਦੋ ਚਾਰ ਸ਼ਬਦ ਘੋਟਾ ਲਾ ਕੇ ਸੰਗਤਾਂ ਨੂੰ ਵਧਾਈ ਦੇਣ। ਸੰਗਤਾਂ ਦੇ ਵਾਧੇ ਲਈ ਪ੍ਰਬੰਧਕਾਂ ਨੇ ਭੰਗੜੇ ਤੇ ਗਿੱਧੇ ਪਾਉਣ ਵਾਲਿਆਂ ਨੂੰ ਵੀ ਸ਼ਾਮਲ ਕਰ ਲਿਆ, ਤਾਂ ਜੁ ਲੋਕ ਘਰ ਜਾ ਕੇ ਵੀ ਭੰਗੜਾ ਤੇ ਗਿੱਧਾ ਪਾਉਣ ਵਾਲਿਆਂ ਦੀ ਚਰਚਾ ਕਰਨ। ਪਰ ਨਗਰ ਕੀਰਤਨ ਦਾ ਕੀ ਮੰਤਵ ?

ਸ਼ੁਰੂ ਸ਼ੁਰੂ ਵਿਚ ਲੋਕ ਸੋਚਦੇ ਸਨ ਕਿ ਨਗਰ ਕੀਰਤਨ ਨਾਲ ਗੋਰੇ ਲੋਕਾਂ ਵਿਚ ਸਾਡੀ ਹੋਂਦ ਦਾ ਪਤਾ ਲੱਗਦਾ ਹੈ ਅਤੇ ਚੜ੍ਹਦੀ ਕਲਾ ਵਾਲੇ ਸਿੰਘਾਂ ਦੇ ਜਲੌ ਕਾਰਨ

ਨੌਜਵਾਨਾਂ ਅੰਦਰ ਸਿੱਖੀ ਸਰੂਪ ਲਈ ਉਤਸ਼ਾਹ ਹੋ ਸਕਦਾ ਹੈ। ਗੋਰੇ ਲੋਕਾਂ ਵਿਚ ਅੰਗਰੇਜ਼ੀ 'ਚ ਸਿੱਖ ਧਰਮ ਬਾਰੇ ਟ੍ਰੈਕਟ ਵੰਡੇ ਜਾ ਸਕਦੇ ਹਨ, ਪਰ ਜਿਥੋਂ ਤਕ ਨਗਰ ਕੀਰਤਨ ਦੇ ਮੰਤਵ ਅਤੇ ਸਾਡੇ ਜ਼ਬਤ ਦੀ ਗੱਲ ਹੈ, ਉਸਦਾ ਪੂਰਾ ਦੀਵਾਲੀਆ ਨਿਕਲ ਚੁੱਕਾ ਹੈ। ਦੋ ਵਾਰੀ ਨਗਰ ਕੀਰਤਨ ਦੇ ਪ੍ਰਬੰਧਕਾਂ ਨੂੰ ਸਫ਼ਾਈ ਨਾ ਰੱਖਣ ਕਾਰਨ ਜੁਰਮਾਨਾ ਹੋ ਚੁੱਕਾ ਹੈ ਤੇ ਦੁਕਾਨਦਾਰਾਂ ਨੂੰ ਵੀ ਆਪਣੀ ਖੱਟੀ ਕਰਨ ਤਕ ਹੈ ਅਤੇ ਉਹ ਆਪਣੀਆਂ ਦੁਕਾਨਾਂ ਦੇ ਅੱਗੇ ਪਏ ਕੂੜੇ-ਕਰਕਟ ਨੂੰ ਦੇਖ ਕੇ ਅਣਡਿੱਠ ਕਰ ਦਿੰਦੇ ਹਨ ਕਿਉਂਕਿ ਉਨ੍ਹਾਂ ਅੰਦਰ ਸ਼ਰਧਾ ਨਹੀਂ ਹੈ, ਉਨ੍ਹਾਂ ਦਾ ਮੰਤਵ ਗਾਹਕਾਂ ਨੂੰ ਖਿੱਚਣ ਤਕ ਹੈ। ਜੇਕਰ ਉਹ ਸਚਿਆਰੇ ਹੁੰਦੇ ਤਾਂ ਝਟ-ਪਟ ਆਪਣੀਆਂ ਦੁਕਾਨਾਂ ਮੂਹਰੇ ਕੂੜੇ-ਕਰਕਟ ਨੂੰ ਚੁੱਕ ਦਿੰਦੇ ਜਾਂ ਚੁਕਵਾ ਦਿੰਦੇ। ਅਸਲ ਵਿਚ ਇਸਦੀ ਜ਼ਿੰਮੇਵਾਰੀ ਪ੍ਰਬੰਧਕਾਂ ਦੀ ਹੈ। ਮੇਰਾ ਖ਼ਿਆਲ ਹੈ ਜੇਕਰ ਪੈਸੇ ਦੇ ਕੇ ਸਫ਼ਾਈ ਕਰਾਉਣੀ ਹੋਵੇ ਤਾਂ ਲਗਭਗ 100 ਡਾਲਰ ਨਾਲ ਕੰਮ ਸਰ ਸਕਦਾ ਹੈ ਅਤੇ ਜੁਰਮਾਨੇ ਤੋਂ ਬਚ ਸਕਦੇ ਹਾਂ ਅਤੇ ਅਖ਼ਬਾਰਾਂ ਦੀ ਚਰਚਾ ਤੋਂ ਵੀ ਮੁਕਤ।

ਵਾਸਤਵ ਵਿਚ ਅਸੀਂ ਗੁਰਮਤਿ ਦੇ ਪ੍ਰਚਾਰ ਤੋਂ ਉੱਕ ਗਏ ਹਾਂ। ਪੰਜਾਬ ਅੰਦਰ ਗੁਰਪੁਰਬਾਂ ਤੇ ਰਾਜਨੀਤਿਕ ਪਾਰਟੀਆਂ ਆਪਣੀਆਂ ਆਪਣੀਆਂ ਸਟੇਜਾਂ ਲਗਾ ਕੇ ਗੁਰਮਤਿ ਦਾ ਪ੍ਰਚਾਰ ਨਹੀਂ, ਉਹ ਤਾਂ ਰਾਜਨੀਤਿਕ ਅਖਾੜੇ ਸਮਝ, ਇਕ ਦੂਜੇ ਵਿਰੁੱਧ ਭੰਡੀ ਪ੍ਰਚਾਰ ਕਰਦੀਆਂ ਹਨ। ਭਾਵੇਂ ਗੁਰਪੁਰਬ ਅਨੰਦਪੁਰ ਦੀ ਧਰਤੀ 'ਤੇ ਮਨਾਈਏ ਜਾਂ ਮੁਕਤਸਰ, ਪਰ ਕਿਸੇ ਦਾ ਵੀ ਮੁੱਖ ਮੰਤਵ ਸਿੱਖ ਧਰਮ ਦਾ ਪ੍ਰਚਾਰ ਨਹੀਂ। ਅਸੀਂ ਇਨ੍ਹਾਂ ਜੋੜ ਮੇਲਿਆਂ ਜਾਂ ਨਗਰ ਕੀਰਤਨਾਂ ਦਾ ਸਰੂਪ ਵਿਗਾੜ ਦਿੱਤਾ ਹੈ। ਅਜੇਹੇ ਸਮਾਗਮ ਅਰਥਹੀਨ ਹੋ ਗਏ ਹਨ ਅਤੇ ਇਨ੍ਹਾਂ ਦਾ ਮੌਜੂਦਾ ਸਰੂਪ ਸੱਭਿਆਚਾਰਕ ਜਾਂ ਗਾਉਣ ਵਜਾਉਣ, ਸ਼ੋਰ-ਸ਼ਰਾਬਾ ਜਾਂ ਪੇਂਡੂ ਮੇਲਿਆਂ ਵਿਚ ਵਟ ਗਿਆ ਹੈ, ਜਿਥੇ ਲੋਕ ਸਮੋਸੇ ਤੇ ਪਕੌੜੇ ਖਾ ਕੇ ਅਤੇ ਲੋਕਾਂ ਦੀ ਭੀੜ ਦੇਖ ਕੇ ਵਾਹ-ਵਾਹ ਕਰ ਕੇ ਥੱਕ-ਟੁੱਟ ਕੇ ਘਰ ਪਰਤਦੇ ਹਨ। ਇਸ ਨਗਰ ਕੀਰਤਨ ਦਾ ਮੰਤਵ, ਗੁਰੂ ਦਾ ਜਸ ਸੀ, ਗੁਰੂ ਲਈ ਸ਼ਰਧਾ ਸੀ, ਸਿੱਖੀ ਪ੍ਰੰਪਰਾਵਾਂ ਲਈ ਗੌਰਵ ਕਰਨਾ ਅਤੇ ਆਪਣੇ ਜ਼ਬਤ ਦੀ ਪ੍ਰਦਰਸ਼ਨੀ ਕਰਨਾ ਸੀ। ਅਫ਼ਸੋਸ! ਅਸੀਂ ਕੋਈ ਵਿਸ਼ੇਸ਼ ਲਾਹਾ ਪ੍ਰਾਪਤ ਕਰਨ ਦੀ ਥਾਂ, ਜਿਥੇ ਲੋਕਾਂ ਦੇ ਲਗਾਏ ਸੁੰਦਰ ਘਾਹ ਮਿੱਧਦੇ ਹਾਂ, ਉਥੇ ਲੰਗਰਾਂ ਦੀ ਸੇਵਾ ਕਰ ਕੇ ਖ਼ੁਸ਼ੀ ਅਤੇ ਲੰਗਰ ਛਕ ਕੇ ਤ੍ਰਿਪਤ, ਦੋਸਤਾਂ-ਮਿੱਤਰਾਂ ਨਾਲ ਮਿਲਣੀ ਕਰ ਅਤੇ ਬੇ-ਜ਼ਬਤ ਹੋਣ ਦਾ ਪ੍ਰਗਟਾਵਾ ਕਰਦੇ ਹਾਂ। ਦੂਜੇ ਪਾਸੇ, ਪ੍ਰਬੰਧਕ ਆਪਣੇ ਚੋਣ ਮੈਨੀਫ਼ੈਸਟੋ ਅਨੁਸਾਰ ਸਾਲਾਨਾ ਨਗਰ ਕੀਰਤਨ ਆਯੋਜਿਤ ਕਰ ਕੇ ਖ਼ੁਸ਼ ਹੁੰਦੇ ਹਨ।

**ਨਗਰ ਕੀਰਤਨ ਦੇ ਸਰੂਪ ਸੰਬੰਧੀ ਕੁਝ ਸੁਝਾਅ ਹਨ :**

1. ਨਗਰ ਕੀਰਤਨ ਅੰਦਰ ਜ਼ਬਤ ਬਹੁਤ ਜ਼ਰੂਰੀ ਹੈ, ਇਸਦੀ ਤਰਤੀਬ ਬਣਾਈ ਜਾ ਸਕਦੀ ਹੈ। ਸੰਗਤ ਕਤਾਰਾਂ ਵਿਚ ਤੁਰੇ ਅਤੇ ਹਰ ਕਤਾਰ ਵਿਚ ਗਿਣਤੀ ਮਿੱਥੀ ਜਾਏ।
2. ਨਗਰ ਕੀਰਤਨ ਦੇ ਜਲੌ ਵਿਚ ਹੋਰ ਵਾਧਾ ਹੋ ਸਕਦਾ ਹੈ, ਜੇ ਖ਼ਾਲਸਾ ਸਕੂਲਾਂ

ਦੇ ਸਮੂਹ ਬੱਚੇ ਵਰਦੀਆਂ ਪਾ ਕੇ ਸ਼ਾਮਲ ਹੋਣ ਅਤੇ ਸਕੂਲਾਂ ਦੇ ਬੱਚੇ ਗਤਕੇ ਆਦਿ ਕਲਾ ਦੀ ਪ੍ਰਦਰਸ਼ਨੀ ਕਰ ਕੇ ਚੰਗਾ ਪ੍ਰਭਾਵ ਪਾਉਣ।

3. ਨਗਰ ਕੀਰਤਨ ਵਿਚ ਫਲੋਟਾਂ ਦੀ ਸੁੰਦਰ ਸਜਾਵਟ ਹੋਵੇ, ਜਿਸ ਵਿਚ ਸਿੱਖ ਇਤਿਹਾਸ ਦੀਆਂ ਝਲਕੀਆਂ ਦਿਖਾਈਆਂ ਜਾਣ। ਸ਼ਹੀਦਾਂ ਦੀਆਂ ਝਾਕੀਆਂ ਅਤੇ ਸਿੱਖ ਸੱਭਿਆਚਾਰ ਨਾਲ ਸੰਬੰਧਤ ਦ੍ਰਿਸ਼ ਵੀ ਹੋਣ ਤਾਂ ਚੰਗਾ ਹੋਵੇਗਾ।

4. ਕੀਰਤਨ ਕਰਨ ਵਾਲੇ ਭਾਰਤੀ ਸੰਗੀਤ ਜਾਂ ਗੁਰਮਤਿ ਸੰਗੀਤ ਨੂੰ ਸਾਧਨ ਮੰਨ ਕੇ ਰੱਬੀ ਜੱਸ ਕਰਨ। ਦੋ ਕੁ ਗਰੁੱਪ ਤੰਤੀ ਸਾਜ਼ਾਂ ਵਾਲੇ ਹੋਣ, ਜਿਸ ਨਾਲ ਸਾਡਾ ਸੰਗੀਤ ਵੀ ਪ੍ਰਭਾਵਮਈ ਹੋ ਸਕੇ।

5. ਨਗਰ ਕੀਰਤਨ ਵਿਚ ਨਾਅਰੇ ਲਗਾਉਣੇ ਜਾਂ ਰਾਜਨੀਤਿਕ ਰੰਗ ਦਿਖਾਉਣਾ ਯੋਗ ਨਹੀਂ। ਸਾਡਾ ਅਸਲ ਮੰਤਵ ਸਿੱਖ ਧਰਮ, ਇਤਿਹਾਸ ਤੇ ਸਿੱਖ ਸੰਗੀਤ ਦੀਆਂ ਝਲਕੀਆਂ ਪੇਸ਼ ਕਰਨਾ ਅਤੇ ਸਿੱਖ ਸੰਗੀਤ ਦੁਆਰਾ ਰੱਬੀ ਕੀਰਤੀ ਕਰਨਾ ਹੀ ਹੋਵੇ।

6. ਇੱਕੋ ਇਲਾਕੇ 'ਚ, ਇੱਕੋ ਦਿਨ, ਦੋ ਨਗਰ ਕੀਰਤਨ ਆਯੋਜਿਤ ਕਰਨੇ ਸਮੁੱਚੀ ਕੌਮ ਲਈ ਘਾਟਾ ਹੈ। ਇਥੋਂ ਦੀ ਸਰਕਾਰ ਭਾਵੇਂ ਦਿਲੋਂ ਖ਼ੁਸ਼ ਹੋਵੇਗੀ ਕਿ ਸਿੱਖ ਕੌਮ ਵੰਡੀ ਹੋਈ ਹੈ। ਜੇਕਰ ਅਸੀਂ ਕਿਸੇ ਕੌਮੀ ਸੰਕਟ ਸਮੇਂ ਸਰਕਾਰ ਤੋਂ ਸਹਾਇਤਾ ਮੰਗਾਂਗੇ, ਤਾਂ ਕੋਈ ਜ਼ਿਆਦਾ ਪ੍ਰਾਪਤੀ ਜਾਂ ਸਫਲਤਾ ਨਹੀਂ ਹੋਵੇਗੀ। ਨਗਰ ਕੀਰਤਨ ਵੱਖਰੇ ਸਮਾਗਮਾਂ 'ਤੇ ਰਲ ਕੇ ਆਯੋਜਿਤ ਹੋਣ, ਜੇ ਕੁਝ ਪ੍ਰਬੰਧਕ ਰਲ ਕੇ ਵਿਸਾਖੀ 'ਤੇ ਨਗਰ ਕੀਰਤਨ ਕੱਢਣ ਤੇ ਦੂਸਰੇ ਵੀ ਸਲਾਹ ਨਾਲ ਕਿਸੇ ਹੋਰ ਸਮਾਗਮ, ਜਿਵੇਂ ਗੁਰੂ ਨਾਨਕ ਦੇਵ ਜੀ ਦਾ ਪੁਰਬ ਜਾਂ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ 'ਤੇ ਨਗਰ ਕੀਰਤਨ ਆਯੋਜਿਤ ਕਰਨ। ਠੀਕ ਹੈ ਕਿ ਵਿਚਾਰਾਂ ਕਰਕੇ ਸਾਡੇ ਮਤ-ਭੇਦ ਹੋ ਸਕਦੇ ਹਨ, ਪਰ ਜਦੋਂ ਕੋਈ ਉੱਚ ਸਮਾਗਮ ਰਚਾਉਣਾ ਹੋਵੇ ਤਾਂ ਕੌਮੀ ਪੱਧਰ 'ਤੇ ਰਲ ਕੇ ਕੀਤਾ ਜਾਵੇ। ਇਸ ਤਰ੍ਹਾਂ ਕਰਨ ਨਾਲ ਸਿੱਖ ਕੌਮ ਦਾ ਭਲਾ ਹੋਵੇਗਾ, ਕੌਮ ਦੀ ਪਨੀਰੀ ਲਈ ਉੱਚ ਰਵਾਇਤਾਂ ਅਤੇ ਏਕਤਾ ਦੀ ਭਾਵਨਾ ਦੀ ਨਿੱਗਰ ਮਿਸਾਲ ਕਾਇਮ ਹੋਵੇਗੀ।

7. ਨਗਰ ਕੀਰਤਨ ਨੂੰ ਰੱਬੀ ਮਹਿਮਾ ਜਾਂ ਸਿੱਖ ਧਰਮ ਦੀਆਂ ਅਮੀਰ ਝਲਕੀਆਂ ਪ੍ਰਗਟਾਉਣ ਤਕ ਹੀ ਸੀਮਿਤ ਰੱਖਣਾ ਚਾਹੀਦਾ ਹੈ। ਇਸ ਵਿਚ ਭੰਗੜੇ ਜਾਂ ਗਿੱਧੇ ਜਾਂ ਰਾਜਨੀਤਿਕ ਲਾਹਾ ਪ੍ਰਾਪਤ ਕਰਨ ਵਾਲਿਆਂ ਨੂੰ ਸ਼ਾਮਲ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ।

ਆਓ! ਕੌਮ ਨੂੰ ਉੱਚਾ ਚੁੱਕਣ ਅਤੇ ਭਵਿੱਖ ਲਈ, ਵਿਸ਼ੇਸ਼ ਕਰਕੇ ਸਿੱਖ ਪਨੀਰੀ ਨੂੰ ਸਿੱਖੀ ਦੀ ਗੌਰਵਤਾ ਪ੍ਰਤਿ ਜਾਣਕਾਰੀ ਦੇਣ ਲਈ ਰਲ-ਮਿਲ ਕੇ ਉੱਦਮ ਕਰੀਏ।

# ਕੀ ਗੁਰ-ਤਸਵੀਰਾਂ ਜ਼ਰੂਰੀ ਹਨ ਜਾਂ ਵਹਿਮ

ਸਾਲ 1969-70 ਵਿਚ ਮੇਰੇ ਇਕ ਪੜ੍ਹੇ-ਲਿਖੇ ਰਿਸ਼ਤੇਦਾਰ ਨੇ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਉਤਸਵ ਸਮੇਂ ਵਿਸ਼ੇਸ਼ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੀਆਂ ਕਲਪਿਤ ਤਸਵੀਰਾਂ ਇਕੱਠੀਆਂ ਕੀਤੀਆਂ। ਕੁਲ ਇਕ ਸੌ ਤਸਵੀਰਾਂ ਸਨ, ਪਰ ਹਰ ਤਸਵੀਰ ਇਕ ਦੂਜੀ ਨਾਲੋਂ ਵੱਖਰੀ ਸੀ ਅਤੇ ਪੋਜ ਵੀ ਵੱਖਰੇ ਸਨ। ਮੈਨੂੰ ਇਹ ਨਹੀਂ ਯਾਦ ਕਿ ਉਨ੍ਹਾਂ ਦੀ ਗੁਰੂਆਂ ਦੀਆਂ ਬਣੀਆਂ ਕਲਪਿਤ ਤਸਵੀਰਾਂ ਬਾਰੇ ਕੀ ਰਾਏ ਸੀ, ਪਰ ਮੈਨੂੰ ਹੈਰਾਨੀ ਸੀ ਕਿ ਹਰ ਦੁਕਾਨਦਾਰ ਜਾਂ ਕਲਾਕਾਰ ਗੁਰੂਆਂ ਨੂੰ ਆਪਣੇ ਹੀ ਮਨ ਨਾਲ ਕਲਪਿਤ ਕਰ ਕੇ ਤਸਵੀਰਾਂ ਬਣਾਈ ਜਾ ਰਹੇ ਹਨ। ਦਾਸ ਦੀ ਗੁਰ-ਤਸਵੀਰਾਂ ਨਾਲ ਸ਼ਰਧਾ ਬਣੀ ਰਹੀ ਅਤੇ ਵਿਸ਼ੇਸ਼ ਕਰਕੇ ਸਰਦਾਰ ਸੋਭਾ ਸਿੰਘ ਚਿੱਤਰਕਾਰ ਦੇ ਬਣੇ ਹੋਏ ਚਿੱਤਰਾਂ ਨੂੰ ਬਹੁਤ ਪਸੰਦ ਕੀਤਾ ਅਤੇ ਇਹ ਪ੍ਰਭਾਵ 1985-86 ਤਕ ਹੀ ਰਿਹਾ। ਜਦ ਗੁਰਮਤਿ ਦੀ ਸੋਝੀ ਪ੍ਰਾਪਤ ਹੋਈ ਤਾਂ ਘਰ 'ਚ ਕੋਈ ਵੀ ਕਲਪਿਤ ਗੁਰ-ਚਿੱਤਰਾਂ ਨੂੰ ਨਹੀਂ ਰੱਖਿਆ। ਪਰ ਬੀਬੀਆਂ ਅੰਦਰ ਸ਼ਰਧਾ ਜ਼ਿਆਦਾ ਹੀ ਹੁੰਦੀ ਹੈ, ਜਿਸ ਕਾਰਨ ਕਲਪਿਤ ਤਸਵੀਰਾਂ ਬਣਾਉਣ ਵਾਲਿਆਂ ਦੀ ਦੁਕਾਨ ਚਲੀ ਜਾ ਰਹੀ ਹੈ ਤੇ ਸੌਦੇ ਵਿਕ ਰਹੇ ਹਨ।

ਕਈ ਵਾਰ ਤਸਵੀਰਾਂ ਇੰਨੀਆਂ ਬੇਢੱਬੀਆਂ ਬਣੀਆਂ ਹੁੰਦੀਆਂ ਹਨ, ਜਿਨ੍ਹਾਂ ਵੱਲ ਦੇਖਣ ਨੂੰ ਜੀਅ ਨਹੀਂ ਕਰਦਾ, ਪਰ ਕਈ ਅੰਧ-ਵਿਸ਼ਵਾਸ ਕਾਰਨ ਉਹੋ ਜਿਹੀਆਂ ਤਸਵੀਰਾਂ ਨੂੰ ਵੀ ਧੂਫ ਦਿੰਦੇ ਹਨ ਤੇ ਕਰਾਮਾਤੀ ਸਮਝਦੇ ਹਨ। ਦੋ ਕੁ ਸਾਲ ਪਹਿਲਾਂ ਇਕ ਪਰਿਵਾਰ ਕਿਸੇ ਹੋਰ ਸੂਬੇ ਤੋਂ ਉੱਠ ਕੇ ਬ੍ਰਿਟਿਸ਼ ਕੋਲੰਬੀਆ 'ਚ ਵੱਸ ਗਿਆ। ਅਸੀਂ ਉਸ ਪਰਿਵਾਰ ਨੂੰ ਮਿਲਣ ਗਏ ਅਤੇ ਉਨ੍ਹਾਂ ਦੇ ਘਰ ਸ਼ੀਸ਼ੇ 'ਚ ਬਣੀ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਦੇਖੀ, ਜੋ ਕਿ ਘਟੀਆ ਦਰਜੇ ਦੀ ਸੀ ਅਤੇ ਜਿਵੇਂ ਕਿਸੇ ਪੇਂਡੂ ਅਮਲੀ ਦੇ ਖੱਤ ਕੱਢੇ ਹੋਣ, ਉਸ ਤਰ੍ਹਾਂ ਦਾ ਦਾੜ੍ਹੀ ਦਾ ਸਰੂਪ ਸੀ। ਮੈਂ ਜੁਰਅਤ ਨਾਲ ਆਖ ਦਿੱਤਾ ਕਿ "ਇਹ ਤਸਵੀਰ ਤੁਸੀਂ ਕਿਥੋਂ ਲੈ ਲਈ ਅਤੇ ਇਸ ਨੂੰ ਤਾਂ ਦੇਖਣ ਨੂੰ ਮਨ ਹੀ ਨਹੀਂ ਕਰਦਾ, ਤੁਸੀਂ ਸਾਂਭ ਕੇ ਸਜਾਈ ਹੋਈ ਹੈ।" ਉਨ੍ਹਾਂ ਦੀ ਬੀਬੀ ਨੇ ਉੱਤਰ ਦਿੱਤਾ, "ਵੀਰ ਜੀ ਅਸੀਂ ਇਸ ਫ਼ੋਟੋ ਕਰਕੇ ਹੀ ਕਈ ਹਜ਼ਾਰ ਮੀਲਾਂ ਦਾ ਪੈਂਡਾ ਤਹਿ ਕੀਤਾ, ਸਾਨੂੰ ਰਸਤੇ ਵਿਚ ਕੋਈ ਰੁਕਾਵਟ ਨਹੀਂ ਪਈ।" ਹੁਣ ਇਹੋ ਜਿਹੀ ਸੋਚ ਨੂੰ ਕਿਵੇਂ ਬਦਲਿਆ ਜਾਵੇ ? ਇਨ੍ਹਾਂ ਲੋਕਾਂ ਲਈ ਤਾਂ ਉਹ ਕਲਪਿਤ ਤਸਵੀਰ ਕਰਾਮਾਤੀ ਹੋ ਗਈ। ਜੇ ਪੁੱਛੀਏ ਕਿ ਤਸਵੀਰ ਨੇ ਕੀ ਕਰਾਮਾਤ ਦਿਖਾਈ ਤਾਂ ਕੋਈ

ਉੱਤਰ ਨਹੀਂ ਮਿਲੇਗਾ, ਬੱਸ ਇਸ ਤਰ੍ਹਾਂ ਚਰਚਾ ਕਰ ਕੇ ਹੋਰ ਭੋਲੇ-ਭਾਲੇ ਲੋਕਾਂ ਦਾ ਤਸਵੀਰਾਂ ਵਿਚ ਵਿਸ਼ਵਾਸ ਵਧੇਗਾ।

ਜੇ ਕਿਸੇ ਨੂੰ ਕਲਪਿਤ ਤਸਵੀਰਾਂ ਬਾਰੇ ਦੱਸੀਏ ਕਿ ਇਹ ਮੂਰਤੀ-ਪੂਜਾ ਗੁਰਮਤਿ ਦੇ ਅਨੁਕੂਲ ਨਹੀਂ, ਤਾਂ ਉਨ੍ਹਾਂ ਦਾ ਉੱਤਰ ਹੁੰਦਾ ਹੈ ਕਿ ਅਸੀਂ ਕਿਹੜਾ ਤਸਵੀਰਾਂ ਦੀ ਪੂਜਾ ਕਰਦੇ ਹਾਂ, ਇਹ ਤਾਂ ਸਿਰਫ਼ ਬੱਚਿਆਂ ਨੂੰ ਦੱਸਣ ਲਈ ਲਗਾਈਆਂ ਹਨ। ਜੇ ਅਸੀਂ ਮੰਨ ਲਈਏ ਕਿ ਕਲਪਿਤ ਤਸਵੀਰਾਂ ਨਾਲ ਗੁਰਮਤਿ ਦਾ ਪ੍ਰਚਾਰ ਹੋਵੇਗਾ, ਤਾਂ ਹੁਣ ਤਕ ਸਭਨੀਂ ਥਾਈਂ ਗੁਰਮਤਿ ਸਿਧਾਂਤਾਂ ਦਾ ਅਸਰ ਪ੍ਰਤੱਖ ਦਿਖਾਈ ਦਿੰਦਾ। ਸ਼ਾਇਦ ਲੋਕਾਂ ਨੂੰ ਭੁਲੇਖਾ ਹੈ ਕਿ ਤਸਵੀਰਾਂ ਤੇ ਬੁੱਤ ਇਕ ਨਹੀਂ। ਬੁੱਤ ਭਾਵੇਂ ਮਿੱਟੀ ਦਾ ਜਾਂ ਪੱਥਰ ਦਾ ਹੋਵੇ, ਪੇਪਰ ਜਾਂ ਕਾਗਜ਼ ਉੱਪਰ ਬਣੀ ਤਸਵੀਰ, ਸਭ ਇੱਕੋ ਹੀ ਭਾਵਨਾ ਅਨੁਸਾਰ ਬਣੇ ਹੋਏ ਹਨ। ਜੋ ਲੋਕ ਮੰਦਰਾਂ ਅੰਦਰ ਬੁੱਤਾਂ ਨੂੰ ਪੂਜਦੇ ਹਨ, ਉਹ ਤਸਵੀਰਾਂ ਨੂੰ ਵੀ ਧੂਫ ਦਿੰਦੇ ਹਨ।

ਪੰਥਕ ਤੌਰ 'ਤੇ ਸਮੂਹ ਸਿੱਖਾਂ ਨੂੰ ਹਦਾਇਤ ਹੈ ਕਿ "ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਉਣੀਆਂ ਜਾਂ ਰੱਖਣੀਆਂ, ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ ਇਹੋ ਜਿਹੇ ਕਰਮ ਮਨਮਤ ਹਨ।" ਕਈ ਵੀਰ ਉਪਰੋਕਤ ਹਦਾਇਤ ਦੀ ਵਿਆਖਿਆ ਆਪਣੀ ਮਰਜ਼ੀ ਨਾਲ ਕਰਦੇ ਹਨ ਤੇ ਆਖਦੇ ਹਨ, "ਅਸੀਂ ਗੁਰੂਆਂ ਦੀਆਂ ਤਸਵੀਰਾਂ ਲਗਾਈਆਂ ਹਨ, ਪਰ ਉਨ੍ਹਾਂ ਦੀ ਪੂਜਾ ਨਹੀਂ ਕਰਦੇ।" ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਤਸਵੀਰਾਂ ਪਿੱਛੇ ਮੰਤਵ ਕੀ ਹੋ ਸਕਦਾ ਹੈ। ਮੇਰਾ ਖ਼ਿਆਲ ਹੈ ਕਿ ਸਾਡੇ ਉੱਤੇ ਬਹੁਗਿਣਤੀ ਵਾਲੀ ਗੁਆਂਢੀ ਕੌਮ ਦੀਆਂ ਸਨਾਤਨੀ ਪ੍ਰੰਪਰਾਵਾਂ ਦਾ ਅਸਰ ਵਧੇਰੇ ਹੋ ਰਿਹਾ ਹੈ। ਸਰਕਾਰ ਜਾਂ ਬਹੁਗਿਣਤੀ ਵਾਲੀ ਕੌਮ ਨੇ ਪਹਿਲਾਂ ਵੀ ਜਤਨ ਕੀਤਾ ਅਤੇ ਹੁਣ ਅਜੇਹੇ ਜਤਨ ਸਰਕਾਰੀ ਪੱਧਰ 'ਤੇ ਹੋ ਰਹੇ ਹਨ ਕਿ ਸਿੱਖਾਂ ਦੀ ਛੋਟੀ ਜਿਹੀ ਕੌਮ ਨੂੰ ਹੜੱਪ ਕਰ ਲਿਆ ਜਾਵੇ। ਇਤਿਹਾਸ ਗਵਾਹ ਹੈ ਕਿ ਉਨ੍ਹਾਂ ਨੇ ਦੇਸ਼ ਦੀਆਂ ਵੱਡੀਆਂ ਧਾਰਮਿਕ ਲਹਿਰਾਂ ਦਾ ਵੀ ਤਕਰੀਬਨ ਭੋਗ ਹੀ ਪਾ ਦਿੱਤਾ, ਜਿਵੇਂ ਬੁੱਧ ਧਰਮ ਤੇ ਜੈਨ ਧਰਮ। ਜੇ ਬੋਧੀਆਂ ਦੀ ਹੋਂਦ ਹੈ ਤਾਂ ਉਨ੍ਹਾਂ ਨੂੰ ਵੀ ਬੁੱਤ ਪੂਜਣ ਲਗਾ ਦਿੱਤਾ। ਹੁਣ ਉਨ੍ਹਾਂ ਦਾ ਜ਼ਿਆਦਾ ਜ਼ੋਰ ਸਿੱਖਾਂ ਪ੍ਰਤਿ ਹੈ। ਤਾਹੀਓਂ, ਕਈ ਗੁਰੂ ਘਰਾਂ ਵਿਚ ਗੁਰੂਆਂ ਦੀਆਂ ਕਲਪਿਤ ਤਸਵੀਰਾਂ ਮਿਲਦੀਆਂ ਹਨ ਅਤੇ ਚਿੱਤਰਕਾਰ ਆਪਣੀ ਕਮਾਈ ਵਿਚ ਵਾਧਾ ਕਰਨ ਲਈ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ ਅਤੇ ਕਲਪਿਤ ਤਸਵੀਰਾਂ ਦੇ ਹੱਕ ਵਿਚ ਪ੍ਰਚਾਰ ਕਰਦੇ ਹਨ।

ਗੁਰੂ ਸਾਹਿਬਾਨ ਨੇ ਸਾਡੇ ਲਈ ਸਪੱਸ਼ਟ ਸਿਧਾਂਤ ਦਿੱਤੇ ਹਨ ਅਤੇ ਕੌਮ ਨੂੰ ਵਿਲੱਖਣ ਹਸਤੀ ਵੀ ਪ੍ਰਦਾਨ ਕੀਤੀ ਹੈ ਅਤੇ ਗੁਰੂ ਗਿਆਨ ਨਾਲ ਭਰਪੂਰ ਗੁਰੂ ਗ੍ਰੰਥ ਸਾਹਿਬ ਦੇ ਸਾਨੂੰ ਲੜ ਲਾਇਆ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ, "ਗੁਰਮਤਿ ਵਿਚ ਮੂਰਤਿ ਪੂਜਨ ਦਾ ਨਿਸ਼ੇਧ ਕੀਤਾ ਗਿਆ ਹੈ—*ਗੁਰਮਤਿ ਮਾਰਤੰਡ*, ਪੰਨਾ 782।" ਇਸ ਪ੍ਰਤਿ ਗੁਰੂ ਸਾਹਿਬਾਨ ਨੇ ਸਾਨੂੰ ਗੁਰਬਾਣੀ ਦੁਆਰਾ ਹੁਕਮਨਾਮੇ ਜਾਰੀ ਕੀਤੇ ਹਨ, ਜੋ ਮੁੱਢਲੇ ਰੂਪ ਵਿਚ ਸਾਡੇ ਪਾਸ ਹਨ:

ਅੰਧੇ ਗੁੰਗੇ ਅੰਧ ਅੰਧਾਰੁ ॥
ਪਾਥਰੁ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥ *(ਪੰਨਾ 556)*

ਲੋਕ ਅੰਨ੍ਹੇ ਤੇ ਗੁੰਗੇ ਹੋ ਗਏ ਹਨ, ਭਾਵ ਚੁੱਪ ਜਾਂ ਖ਼ਾਮੋਸ਼ ਹੋ ਗਏ, ਤਾਹੀਓਂ ਮੂਰਖ ਲੋਕ ਪੱਥਰਾਂ ਨੂੰ ਪੂਜੀ ਜਾ ਰਹੇ ਹਨ, ਜਿਹੜਾ ਪੱਥਰ ਆਪ ਡੁੱਬ ਜਾਂਦਾ ਹੈ, ਉਹ ਹੋਰਨਾਂ ਨੂੰ ਕਿਵੇਂ ਤਾਰ ਸਕਦਾ ਹੈ:

ਕਾਹੇ ਕਉ ਪੂਜਤ ਪਾਹਨ ਕਉ,
ਕਛੁ ਪਾਹਨ ਮੈ ਪਰਮੇਸਰ ਨਾਹੀ ॥ *(33 ਸਵੱਯੇ, ਪਾਤਸ਼ਾਹੀ ੧੦)*

ਤੁਸੀਂ ਪੱਥਰਾਂ ਨੂੰ ਕਿਉਂ ਪੂਜਦੇ ਹੋ, ਇਨ੍ਹਾਂ ਪੱਥਰਾਂ ਵਿਚ ਪਰਮਾਤਮਾ ਨਹੀਂ ਹੈ:

ਕਬੀਰ ਠਾਕੁਰੁ ਪੂਜਹਿ ਮੋਲਿ ਲੇ, ਮਨਹਠਿ ਤੀਰਥ ਜਾਹਿ ॥
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥
ਕਬੀਰ ਪਾਹਨੁ ਪਰਮੇਸੁਰੁ ਕੀਆ, ਪੂਜੈ ਸਭੁ ਸੰਸਾਰੁ ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ॥ *(ਪੰਨਾ 1371)*

ਕਬੀਰ ਸਾਹਿਬ ਆਖਦੇ ਹਨ ਕਿ ਜੋ ਲੋਕ ਮੂਰਤੀ ਮੁੱਲ ਖ਼ਰੀਦ ਕੇ ਉਸਦੀ ਪੂਜਾ ਕਰਦੇ ਹਨ ਅਤੇ ਹੱਠ ਕਰ ਕੇ ਤੀਰਥ ਯਾਤਰਾ ਕਰਦੇ ਹਨ, ਉਹ ਇਕ ਦੂਜੇ ਨੂੰ ਦੇਖ ਭਾਵ ਦੇਖਾ-ਦੇਖੀ ਇਹ ਕਰਮ ਕਰਦੇ ਹਨ ਤੇ ਭਟਕ ਜਾਂਦੇ ਹਨ। ਉਨ੍ਹਾਂ ਨੂੰ ਕੋਈ ਆਨੰਦ ਨਹੀਂ ਆਉਂਦਾ। ਸਾਰਾ ਜਗਤ ਹੀ ਪੱਥਰਾਂ ਨੂੰ ਪਰਮੇਸ਼ਰ ਮਿੱਥ ਕੇ ਪੂਜ ਰਿਹਾ ਹੈ ਅਤੇ ਇਸ ਰਾਹ 'ਤੇ ਤੁਰੇ ਹੋਏ ਲੋਕ ਸਮਝੋ ਡੂੰਘੇ ਪਾਣੀਆਂ 'ਚ ਡੁੱਬ ਰਹੇ ਹਨ ਭਾਵ ਉਨ੍ਹਾਂ ਨੇ ਘੁੰਮਣ-ਘੇਰੀਆਂ ਵਿਚ ਗੁਆਚ ਜਾਣਾ ਹੈ:

ਜੋ ਪਾਥਰ ਕਉ ਕਹਤੇ ਦੇਵ ॥
ਤਾ ਕੀ ਬਿਰਥਾ ਹੋਵੈ ਸੇਵ ॥
ਜੋ ਪਾਥਰ ਕੀ ਪਾਂਈ ਪਾਇ ॥
ਤਿਸ ਕੀ ਘਾਲ ਅਜਾਂਈ ਜਾਇ ॥
ਠਾਕੁਰੁ ਹਮਰਾ ਸਦ ਬੋਲੰਤਾ ॥
ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥ਰਹਾਉ॥
ਅੰਤਰਿ ਦੇਉ ਨ ਜਾਨੈ ਅੰਧੁ ॥
ਭ੍ਰਮ ਕਾ ਮੋਹਿਆ ਪਾਵੈ ਫੰਧੁ ॥
ਨ ਪਾਥਰੁ ਬੋਲੈ ਨਾ ਕਿਛੁ ਦੇਇ ॥
ਫੋਕਟ ਕਰਮ ਨਿਹਫਲ ਹੈ ਸੇਵ ॥ *(ਪੰਨਾ 1160)*

ਜੋ ਲੋਕ ਪੱਥਰ ਦੀ ਮੂਰਤੀ ਨੂੰ ਰੱਬ ਜਾਂ ਪਰਮਾਤਮਾ ਆਖਦੇ ਹਨ, ਉਨ੍ਹਾਂ ਦੀ ਸਾਰੀ ਸੇਵਾ ਵਿਅਰਥ ਜਾਂਦੀ ਹੈ ਅਤੇ ਜੋ ਮੂਰਤੀ ਦੇ ਚਰਨਾਂ ਵਿਚ ਮੱਥਾ ਟੇਕਦੇ ਹਨ, ਉਨ੍ਹਾਂ ਦੀ ਸਾਰੀ ਮਿਹਨਤ ਨਿਸਫਲ ਚਲੀ ਜਾਂਦੀ ਹੈ। ਸਾਡਾ ਪਰਮਾਤਮਾ ਤਾਂ ਸਦਾ ਬੋਲਦਾ ਹੈ ਅਤੇ ਸਾਰੇ ਜੀਆਂ ਨੂੰ ਦਾਤਾਂ ਦਿੰਦਾ ਹੈ। ਮੂਰਖ ਨੂੰ ਪਤਾ ਨਹੀਂ ਕਿ

ਪਰਮਾਤਮਾ ਉਸਦੇ ਅੰਦਰ ਹੀ ਹੈ ਅਤੇ ਵਹਿਮ-ਭਰਮ ਅਧੀਨ ਆਪਣੇ ਆਪ ਜਾਲ 'ਚ ਫਸਦਾ ਹੈ। ਇਹ ਪੱਥਰ ਦੀ ਮੂਰਤੀ ਨਾ ਬੋਲਦੀ ਹੈ ਅਤੇ ਨਾ ਹੀ ਕੁਝ ਦੇ ਸਕਦੀ ਹੈ। ਅਜੇਹੇ ਫੋਕਟ ਕਰਮ ਭਾਵ ਮੂਰਤੀ ਪੂਜਾ ਕਰਨਾ ਵਿਅਰਥ ਹੀ ਹੈ ਅਤੇ ਕੋਈ ਫਲ ਪ੍ਰਾਪਤ ਨਹੀਂ ਹੋ ਸਕਦਾ।

ਉਪਰੋਕਤ ਪ੍ਰਮਾਣਾਂ ਤੋਂ ਸਾਨੂੰ ਸਪੱਸ਼ਟ ਹੁੰਦਾ ਹੈ ਕਿ ਗੁਰਮਤਿ ਬੁੱਤ ਪੂਜਾ ਦਾ ਡਟ ਕੇ ਖੰਡਨ ਕਰਦੀ ਹੈ, ਭਾਵੇਂ ਗੁਰ-ਤਸਵੀਰਾਂ ਦੇ ਹੱਕੀ ਲੋਕ ਦਾਅਵਾ ਕਰਦੇ ਹਨ ਕਿ ਉਹ ਤਸਵੀਰਾਂ ਦੀ ਪੂਜਾ ਨਹੀਂ ਕਰਦੇ, ਪਰ ਮੇਰਾ ਆਪਣਾ ਤਜਰਬਾ ਹੈ ਕਿ ਇਸ ਤੱਥ ਵਿਚ ਪੂਰੀ ਸੱਚਾਈ ਨਹੀਂ। ਮੈਂ ਅੰਮ੍ਰਿਤਧਾਰੀ ਸਿੱਖਾਂ ਨੂੰ ਵੀ ਤਸਵੀਰਾਂ ਨੂੰ ਧੂਫ ਦਿੰਦੇ ਦੇਖਿਆ ਹੈ। ਘਰਾਂ ਵਿਚ ਜੋ ਤਸਵੀਰਾਂ ਹੋਣਗੀਆਂ ਤਾਂ ਮਾਤਾ-ਪਿਤਾ ਸੁਭਾਵਕ ਹੀ ਛੋਟੇ ਬੱਚਿਆਂ ਨੂੰ ਆਖਦੇ ਦੇਖੇ ਹਨ, "ਦੇਖੋ ਬੱਚੂ! ਬਾਬਾ ਜੀ! ਟੇਕੋ ਮੱਥਾ।" ਬੱਸ ਇਹੀ ਮੂਰਤੀ ਪੂਜਾ ਲਈ ਗੁੜ੍ਹਤੀ ਹੈ। 'ਨਾਨਕ ਨਾਮ ਜਹਾਜ਼' ਵਿਚ ਫ਼ਿਲਮੀ ਅਦਾਕਾਰ ਗੁਰੂ ਨਾਨਕ ਸਾਹਿਬ ਦੀ ਕਲਪਿਤ ਤਸਵੀਰ ਅੱਗੇ ਜੋਦੜੀ ਕਰਦੇ ਦਿਖਾਏ ਹਨ, ਭਾਵੇਂ ਸਿੱਖਾਂ ਦੀ ਮੁਖ ਜਥੇਬੰਦੀ ਨੇ ਇਸ ਫ਼ਿਲਮ ਨੂੰ ਚੰਗੀ ਆਖ ਹੱਕ ਵਿਚ ਹਾਮੀ ਭਰੀ ਸੀ ਪਰ ਗੁਰਮਤਿ ਦੇ ਉਲਟ ਹੋ ਰਹੇ ਕਰਮ ਨੂੰ ਅਣਡਿੱਠ ਕਰ ਦਿੱਤਾ। ਲੋਕਾਈ ਨੇ, ਛੋਟੇ ਬੱਚਿਆਂ ਨੇ ਉਸ ਕਰਮ ਦਾ ਭਾਵ ਤਸਵੀਰ ਅੱਗੇ ਅਰਦਾਸ ਕਰਨ ਦਾ ਪ੍ਰਭਾਵ ਜ਼ਰੂਰ ਲਿਆ ਹੋਵੇਗਾ।

ਅੱਜ ਸ਼ਹਿਰਾਂ ਵਿਚ ਪਲਾਸਟਿਕ ਦੇ ਗੁਰੂ ਨਾਨਕ ਦੇ ਬੁੱਤ ਬਣ ਗਏ ਅਤੇ ਸ਼ੈਤਾਨ ਲੋਕਾਂ ਨੇ ਉਸ ਵਿਚ ਬਿਜਲੀ ਦੇ ਲਾਟੂ ਵੀ ਫਿੱਟ ਕਰ ਦਿੱਤੇ ਅਤੇ ਸ਼ਰਧਾ ਸਹਿਤ ਲੋਕਾਂ ਨੇ ਉਨ੍ਹਾਂ ਪਲਾਸਟਿਕ ਦੇ ਛੋਟੇ ਛੋਟੇ ਬੁੱਤਾਂ ਨੂੰ ਆਪਣੇ ਘਰਾਂ ਵਿਚ ਸਜਾਇਆ ਹੋਇਆ ਹੈ। ਮੈਹਦੀਆਣਾ ਵਿਖੇ ਅੰਧੀ ਲੋਕਾਈ ਬੁੱਤਾਂ ਨੂੰ ਦੇਖਣ ਜਾ ਰਹੀ ਹੈ ਅਤੇ ਉਨ੍ਹਾਂ ਦੀ ਆਮਦਨ ਬਹੁਤ ਵਧ ਗਈ ਅਤੇ ਇਸਦੀ ਹੋਰ ਲੋਕਾਂ ਵੱਲੋਂ ਨਕਲ ਕੀਤੀ ਜਾ ਰਹੀ ਹੈ। ਅਨੇਕਾਂ ਵਾਰ ਚਰਚਾ ਹੋਈ ਹੈ ਕਿ ਫਲਾਣੇ ਗੁਰਦੁਆਰੇ ਵਿਚ ਗੁਰੂਆਂ ਦੇ ਬੁੱਤ ਬਣਾ ਕੇ ਲਗਾਏ ਜਾ ਰਹੇ ਹਨ, ਪਰ ਲੋਕਾਂ ਨੂੰ ਗੁਰਮਤਿ ਕੌਣ ਦ੍ਰਿੜ੍ਹਾਵੇ ? ਇਸ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਧਿਆਨ ਦੇਣਾ ਚਾਹੀਦਾ ਹੈ। ਪੰਥ ਦੇ ਵਿਦਵਾਨ ਪ੍ਰੋਫੈਸਰ ਸਾਹਿਬ ਸਿੰਘ ਤੇ ਭਾਈ ਵੀਰ ਸਿੰਘ ਹੋਰਾਂ ਆਪਣੇ ਵੱਲੋਂ ਜਤਨ ਕੀਤਾ ਕਿ ਇਹ ਗੁਰ-ਤਸਵੀਰਾਂ ਦੀ ਬੀਮਾਰੀ ਜ਼ਿਆਦਾ ਨਾ ਫੈਲ ਜਾਵੇ ਅਤੇ ਜਿਤਨੀ ਕੁ ਫੈਲੀ ਹੈ, ਉਸਨੂੰ ਖ਼ਤਮ ਕਰ ਦਿੱਤਾ ਜਾਵੇ।

ਸਾਲ 1951 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਵਿਸ਼ੇਸ਼ ਫ਼ੈਸਲਾ ਲੈਣ ਸੰਬੰਧੀ ਕੁਝ ਵਿਦਵਾਨਾਂ ਦੀਆਂ ਰਾਵਾਂ ਮੰਗੀਆਂ। ਉਹ ਚਾਹੁੰਦੇ ਸਨ ਕਿ ਵਧੀਆ ਚਿੱਤਰਕਾਰਾਂ ਪਾਸੋਂ ਗੁਰ-ਤਸਵੀਰਾਂ ਬਣਵਾਈਆਂ ਜਾਣ ਅਤੇ ਉਹੀ ਤਸਵੀਰਾਂ ਪ੍ਰਚਲਿਤ ਕੀਤੀਆਂ ਜਾਣ। ਪ੍ਰੋਫੈਸਰ ਸਾਹਿਬ ਸਿੰਘ ਨੇ ਆਪਣੇ ਵਿਚਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲ ਲਿਖੀ ਚਿੱਠੀ ਵਿਚ ਪ੍ਰਗਟ ਕੀਤਾ, ਉਹ ਇਸ ਤਰ੍ਹਾਂ ਹੈ:

"ਮੈਨੂੰ ਇਸ ਗੱਲ ਦੀ ਹੈਰਾਨੀ ਹੋਈ ਕਿ ਤੁਸਾਂ ਸਿਰਫ਼ ਇੱਕੋ ਪੱਖ ਹੀ ਲਿਆ ਹੈ। ਤੁਸਾਂ ਇਹ ਪਹਿਲਾਂ ਹੀ ਮਿਥ ਲਿਆ ਹੈ ਕਿ ਤਸਵੀਰ ਬਣਾਨ ਵਿਚ ਕੋਈ ਹਰਜ ਨਹੀਂ ਅਤੇ ਤਸਵੀਰ ਬਣਾਇਆਂ ਸਿੱਖ ਧਰਮ ਦੇ ਪ੍ਰਚਾਰ ਵਿਚ ਵਾਧਾ ਹੋਵੇਗਾ।

"ਚੰਗੇ ਜਾਂ ਮੰਦੇ ਭਾਗਾਂ ਨੂੰ ਅਸੀਂ ਉਸ ਕੌਮ ਵਿੱਚੋਂ ਬਣੇ ਤੇ ਹੁਣ ਤਕ ਉਨ੍ਹਾਂ ਦੇ ਨਿਕਟੀ ਗੁਆਂਢੀ ਹਾਂ ਜੋ ਬੁੱਤ ਪੂਜ ਹਨ ਅਤੇ ਜੋ ਆਪਣੇ ਮਹਾਂ ਪੁਰਖਾਂ ਦੇ ਸਾਂਗ ਬਣਾ ਕੇ ਉਨ੍ਹਾਂ ਨੂੰ ਰਾਸਾਂ ਵਿਚ ਨਚਾਉਣਾ ਮਾੜੀ ਗੱਲ ਨਹੀਂ ਸਮਝਦੇ। ਇਹ ਬੜੀ ਔਖੀ ਖੇਡ ਸੀ ਕਿ ਖ਼ਾਲਸਾ ਪੰਥ ਉਸੇ ਨਿਸ਼ਾਨੇ 'ਤੇ ਟਿਕਿਆ ਰਹਿੰਦਾ ਜੋ ਗੁਰੂ ਪਾਤਸ਼ਾਹ ਨੇ ਇਸ ਨੂੰ ਸੌਂਪਿਆ ਸੀ। ਅਸੀਂ ਭੀ ਧਰਮ ਨੂੰ ਉਸੇ ਉਪਰਲੇ ਢੰਗ ਨਾਲ ਵੇਖਣ ਲੱਗ ਪਏ ਹਾਂ। ਇਸ ਕਰਕੇ ਸਾਨੂੰ ਉਹ ਬੁੱਤ-ਪ੍ਰਸਤੀ ਹੋਰ ਰੂਪਾਂ ਵਿਚ ਖਿੱਚ ਪਾ ਰਹੀ ਹੈ। ਮੁਸਲਮਾਨ ਭੀ ਸਾਡੇ ਗੁਆਂਢੀ ਸਨ ਪਰ ਹਿੰਦੂ ਕੌਮ ਤੋਂ ਲਈ ਹੋਈ ਛੂਤ-ਛਾਤ ਤੇ ਤੁਰਕਾਂ ਦੇ ਪਿਛਲੇ ਕੀਤੇ ਜ਼ੁਲਮਾਂ ਨੇ ਸਾਨੂੰ ਉਨ੍ਹਾਂ ਤੋਂ ਕੁਝ ਸਿੱਖਣ ਨਹੀਂ ਦਿੱਤਾ। ਉਹ ਲੋਕ ਤਸਵੀਰਾਂ ਤੇ ਬੁੱਤਾਂ ਤੋਂ ਬਿਨਾਂ ਹੀ ਬਿਗਾਨੀ ਬੋਲੀ ਅਰਬੀ ਵਿਚ ਮਿਲੀ ਹੋਈ ਬਾਣੀ ਨੂੰ ਪਿਆਰ ਕਰਨ ਤੇ ਉਸ ਅਨੁਸਾਰ ਆਪਣਾ ਜੀਵਨ ਬਣਾਉਣ ਦੇ ਜਤਨ ਕਰਦੇ ਆ ਰਹੇ ਹਨ ਅਤੇ ਇਸ ਵਿਚ ਕਾਫ਼ੀ ਹੱਦ ਤਕ ਕਾਮਯਾਬ ਵੀ ਹੋਏ ਹਨ। ਭਾਈ ਗੁਰਦਾਸ ਜੀ ਨੇ ਬੜੇ ਹੀ ਸਾਫ਼ ਲਫ਼ਜ਼ਾਂ ਵਿਚ ਲਿਖਿਆ ਹੈ: 'ਗੁਰ ਮੂਰਤਿ ਗੁਰ ਸਬਦੁ ਹੈ।'

"ਇਸ ਅਮਰ ਤਸਵੀਰ (ਗੁਰ-ਸ਼ਬਦ) ਦੇ ਹੁੰਦਿਆਂ ਸਿੱਖ ਕੌਮ ਨੂੰ ਮੁੜ ਨਾਸ਼ਵੰਤ ਤਸਵੀਰਾਂ ਵੱਲ ਪ੍ਰੇਰਨ ਦੇ ਜਤਨ ਪੰਥ ਨੂੰ ਹਜ਼ਾਰਾਂ ਸਾਲ ਪਿਛਾਂਹ ਲੈ ਜਾਣ ਦਾ ਵਸੀਲਾ ਬਣ ਗਏ ਹਨ। ਪਰ ਤਸਵੀਰ ਵੀ ਉਹ ਜੋ ਨਿਰੋਲ ਫ਼ਰਜ਼ੀ ਬਣਨੀ ਹੈ। ਕੀ ਗੁਰੂ ਨਾਨਕ ਪਾਤਸ਼ਾਹ ਦੇ ਰੱਬੀ ਬਾਣ ਸੱਚਮੁੱਚ ਆਪਣਾ ਤਿੱਖਾਪਣ ਮੱਧਮ ਪਾ ਚੁੱਕੇ ਹਨ ਕਿ ਇਨ੍ਹਾਂ ਦਾ ਅਸਰ ਪਾਣ ਲਈ ਫ਼ਰਜ਼ੀ ਤਸਵੀਰਾਂ ਦੀ ਲੋੜ ਪੈ ਗਈ ਹੈ? ਇਸਲਾਮ ਨੂੰ ਇਹ ਲੋੜ ਨਹੀਂ ਪਈ।

"ਨਿੱਕੇ ਨਿੱਕੇ ਗੁਰੂ ਬਣਨ ਦੇ ਚਾਹਵਾਨ ਅਤੇ ਮੱਥੇ ਟਿਕਾਉਣ ਦੇ ਆਸ਼ਕ ਕਈ ਸੰਤ-ਮਹੰਤ ਹੁਣੇ ਹੀ ਇਨ੍ਹਾਂ ਤਸਵੀਰਾਂ ਨੂੰ ਧੂਫ ਧੁਖਾਉਂਦੇ, ਸੇਹਰੇ ਪਾਂਦੇ, ਮੱਥੇ ਟਿਕਾਂਦੇ ਵੇਖੇ ਜਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਇਹ ਤਸਵੀਰਾਂ ਰੱਖ ਕੇ ਹਰੇਕ ਸਿੱਖ ਨੂੰ ਤਸਵੀਰਾਂ ਅੱਗੇ ਨਿਵਣ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਜਦੋਂ ਇਸ ਤਸਵੀਰ-ਸਾਜ਼ੀ 'ਤੇ ਸ਼੍ਰੋਮਣੀ ਕਮੇਟੀ ਦੀ ਮੋਹਰ ਲੱਗ ਗਈ, ਰੱਬ ਜਾਣੇ ਇਨ੍ਹਾਂ ਤਸਵੀਰਾਂ ਦੀ ਆਰਤੀ ਉਤਾਰਨ ਵਿਚ ਕੀ ਕੁਝ ਨਹੀਂ ਹੋਇਆ ਕਰੇਗਾ। ਇਹ ਤਸਵੀਰਾਂ ਫਿਰ ਵਰਤੀਆਂ ਕਿਵੇਂ ਜਾਣਗੀਆਂ? ਘਰਾਂ ਵਿਚ ਲੋਕ ਲਟਕਾਉਣਗੇ ਤੇ ਇਸ ਤਰ੍ਹਾਂ ਇਹ ਤਸਵੀਰਾਂ ਕਮਰਿਆਂ ਦੀ ਸਿਰਫ਼ ਸਜਾਵਟ ਦਾ ਕੰਮ ਦੇ ਕੇ ਓਨਾ ਹੀ ਆਦਰ ਸਤਿਕਾਰ ਲੈ ਸਕਣਗੀਆਂ, ਜਿਤਨਾ ਘਰ ਦੇ ਮਾਲਕ ਦੀਆਂ ਹੋਰ ਤਸਵੀਰਾਂ।

"ਸੁਤੇ ਹੀ ਸਿੱਖ ਆਪਣੇ ਗੁਰੂ-ਪਾਤਸ਼ਾਹ ਦੇ ਸਤਿਕਾਰ ਬਾਰੇ ਕਿਥੇ ਅੱਪੜ ਜਾਏਗਾ ? ਗੁਰੂ ਦੀ ਤਸਵੀਰ, ਕਮਰੇ ਦੀ ਸਜਾਵਟ ਵਾਸਤੇ ਸੋਹਣੀਆਂ ਸੋਹਣੀਆਂ ਕੁੜੀਆਂ, ਸਿਨੇਮੇ ਦੀਆਂ ਤਸਵੀਰਾਂ ਦੀ ਬਰਾਬਰੀ 'ਤੇ ਪਹੁੰਚ ਜਾਏਗੀ। ਹੁਣੇ ਹੀ ਪਹੁੰਚੀ ਹੋਈ ਹੈ। ਤਸਵੀਰਾਂ ਦੇ ਸ਼ੌਕੀਨਾਂ ਦੇ ਘਰਾਂ ਵਿਚ ਜਾ ਕੇ ਵੇਖ ਲਵੋ। ਇਸ ਤਰ੍ਹਾਂ ਤਸਵੀਰਾਂ ਦੀ ਸਰਪ੍ਰਸਤ ਬਣ ਕੇ ਸ਼੍ਰੋਮਣੀ ਕਮੇਟੀ 'ਗੁਰ ਮੂਰਤਿ ਗੁਰ ਸਬਦੁ ਹੈ' ਵੱਲੋਂ ਸਿੱਖਾਂ ਨੂੰ ਹਟਾ ਤਸਵੀਰ ਪੂਜ ਬਣਾਏਗੀ।"

*ਸਹੀ/-*

(ਸਾਹਿਬ ਸਿੰਘ)

ਇਸਲਾਮ ਧਰਮ ਤਕਰੀਬਨ ਸਾਰੀ ਦੁਨੀਆ ਅੰਦਰ ਫੈਲ ਗਿਆ ਹੈ। ਇਹੀ ਡਰ ਈਸਾਈ ਜਗਤ ਨੂੰ ਮਾਰ ਰਿਹਾ ਹੈ ਅਤੇ ਈਸਾਈ ਜਗਤ ਨੇ ਆਪਣੀ ਤਾਕਤ ਨਾਲ ਫ਼ਰਾਂਸ ਵਿਚ ਧਾਰਮਿਕ ਅਧਿਕਾਰਾਂ ਨੂੰ ਵੀ ਖ਼ਤਮ ਕਰ ਦਿੱਤਾ, ਜਿਸ ਦੀ ਲਪੇਟ 'ਚ ਸਿੱਖ ਵੀ ਆ ਗਏ। 11 ਸਤੰਬਰ ਤੋਂ ਪਿੱਛੋਂ ਅਮਰੀਕਾ ਵਿਚ ਮੁਸਲਮਾਨਾਂ ਦੀ ਆਬਾਦੀ ਘਟੀ ਨਹੀਂ, ਸਗੋਂ ਵਧੀ ਹੈ। ਉਹ ਤਸਵੀਰ ਜਾਂ ਬੁੱਤ ਨੂੰ ਨਹੀਂ ਮੰਨਦੇ ਅਤੇ ਇਸਲਾਮ ਦੇ ਸਿਧਾਂਤਾਂ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਦੇ ਹਨ।

ਕੁਝ ਸਾਲ ਪਹਿਲਾਂ ਵੈਨਕੂਵਰ ਦੇ ਇਕ ਗੁਰਦੁਆਰਾ ਸਾਹਿਬ ਵਿਚ ਪੁਰਾਤਨ ਫ਼ੌਜੀਆਂ ਦੇ ਘੋੜਿਆਂ ਉੱਤੇ ਅਸਵਾਰ ਹੋਇਆਂ ਦੇ ਬੁੱਤ ਲਗਾਏ ਗਏ, ਭਾਵ ਗੁਰਦੁਆਰਾ ਸਾਹਿਬ ਦੇ ਬਾਹਰਲੇ ਪਾਸੇ। ਵਿਸ਼ੇਸ਼ ਤੌਰ 'ਤੇ ਬੁੱਤ ਘਾੜੇ ਇੰਡੀਆ ਤੋਂ ਮੰਗਾਏ, ਕਾਫ਼ੀ ਖ਼ਰਚ ਹੋਇਆ। ਇਸ ਬਾਰੇ ਬਹੁਤ ਹੀ ਚਰਚਾ ਹੋਈ। ਪ੍ਰਬੰਧਕਾਂ ਦੇ ਵਿਰੋਧੀ ਧੜੇ ਨੇ ਤਾਂ ਇਨ੍ਹਾਂ ਪੁਰਾਣੇ ਸਿੰਘਾਂ ਦੇ ਬੁੱਤਾਂ ਨੂੰ ਮਨਮਤਿ ਤੇ ਬੁੱਤ ਪੂਜਾ ਕਰਾਉਣ ਦਾ ਆਰੰਭ ਦੱਸਿਆ। ਚਲੋ, ਹਾਵੀ ਕਮੇਟੀ ਦਾ ਫ਼ੈਸਲਾ ਸੀ ਤੇ ਕੁਝ ਸਾਲ ਫ਼ੌਜੀ ਘੋੜ-ਸਵਾਰਾਂ ਦੇ ਬੁੱਤ ਗੁਰਦੁਆਰਾ ਸਾਹਿਬ ਦੇ ਬਾਹਰ ਸੁਸ਼ੋਭਿਤ ਰਹੇ। ਇਹ ਫ਼ੌਜੀ 1897 ਵਿਚ ਕੈਨੇਡਾ ਆਏ ਸਨ ਤੇ ਇਨ੍ਹਾਂ ਦੀ ਫ਼ੋਟੋ ਮੌਜੂਦ ਸੀ ਤੇ ਉਸ ਫ਼ੋਟੋ ਨੂੰ ਆਧਾਰ ਬਣਾ ਕੇ ਬੁਤ ਘੜੇ ਗਏ। ਜਦੋਂ ਨਵੇਂ ਧੜੇ ਦਾ ਗੁਰਦੁਆਰਾ ਕਮੇਟੀ 'ਤੇ ਕਬਜ਼ਾ ਹੋ ਗਿਆ ਤਾਂ ਉਨ੍ਹਾਂ ਝਟ-ਪਟ ਫ਼ੈਸਲਾ ਕਰ ਕੇ ਬੁੱਤ ਪੁੱਟ ਸੁੱਟੇ, ਪਰ ਗੁਰੂ ਨਾਨਕ ਦੇਵ ਜੀ ਦੇ ਬੁੱਤ ਨੂੰ ਉਸ ਤਰ੍ਹਾਂ ਹੀ ਰਹਿਣ ਦਿੱਤਾ। ਗੁਰੂ ਨਾਨਕ ਦੇਵ ਜੀ ਦੀ ਪੱਥਰ ਦੀ ਫ਼ੋਟੋ (ਬੁੱਤ) ਗੁਰਦੁਆਰਾ ਸਾਹਿਬ ਦੇ ਅੱਗੇ ਲੱਗੀ ਹੋਈ ਹੈ ਅਤੇ ਉਹ ਵੀ ਗੁਰਮਤਿ ਦੇ ਸਿਧਾਂਤਾਂ ਦੇ ਉਲਟ ਹੈ। ਕਈ ਭੋਲੇ-ਭਾਲੇ ਲੋਕ ਉਸ ਕਲਪਿਤ ਮੂਰਤੀ ਨੂੰ ਮੱਥਾ ਟੇਕਦੇ ਹਨ। ਜ਼ਿਆਦਾਤਰ ਪ੍ਰਬੰਧਕਾਂ ਦਾ ਗੁਰਮਤਿ ਨੂੰ ਫੈਲਾਉਣ ਤੇ ਮਨਮਤਿ ਨੂੰ ਹਟਾਉਣ ਦੀ ਕੋਈ ਗੱਲ ਨਹੀਂ, ਅਸਲ ਮੁੱਦਾ ਤਾਂ ਹੈਂਕੜਬਾਜ਼ੀ ਦਾ ਅਤੇ ਹਿੰਡ ਪੁਗਾਉਣ ਦਾ ਹੁੰਦਾ ਹੈ।

ਉਪਰੋਕਤ ਫ਼ੌਜੀ ਸਿੰਘਾਂ ਦੇ ਬੁੱਤਾਂ ਨਾਲ ਇਕ ਹੋਰ ਧੜਾ ਵੀ ਅਸਹਿਮਤ ਸੀ ਅਤੇ ਉਨ੍ਹਾਂ ਨੇ ਆਪਣਾ ਵੱਖਰਾ ਗੁਰਦੁਆਰਾ ਸਥਾਪਤ ਕਰ ਲਿਆ। ਇਹ ਪ੍ਰਬੰਧਕ ਤਕਰੀਬਨ ਸਾਰੇ ਹੀ ਅੰਮ੍ਰਿਤਧਾਰੀ ਹਨ ਤੇ ਸਿੱਖ ਰਹਿਤ ਮਰਯਾਦਾ ਨੂੰ ਆਧਾਰ ਮੰਨ ਕੇ ਪ੍ਰਬੰਧ ਚਲਾਉਂਦੇ ਹਨ। ਸਿੱਖ ਬੱਚਿਆਂ ਲਈ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕਰਦੇ

ਹਨ, ਉਨ੍ਹਾਂ ਨੂੰ ਜਿਥੇ ਕੀਰਤਨ ਤੇ ਤਬਲਾ ਸਿੱਖਣ ਦੀ ਸਹੂਲਤ ਹੈ, ਉਥੇ ਉਨ੍ਹਾਂ ਨੂੰ ਕੀਰਤਨ ਕਰਨ ਦਾ ਖੁੱਲ੍ਹਾ ਸਮਾਂ ਦਿੱਤਾ ਜਾਂਦਾ ਹੈ। ਹਰ ਸ਼ੁਕਰਵਾਰ ਨੂੰ ਇਕ ਬੀਬੀ ਜੋ ਅੰਮ੍ਰਿਤਧਾਰੀ ਵੀ ਹੈ ਤੇ ਮਨੋਵਿਗਿਆਨ ਦੀ ਪੀ-ਐੱਚ.ਡੀ. ਹੈ, ਬੱਚਿਆਂ ਨੂੰ ਸਿੱਖ ਧਰਮ ਬਾਰੇ ਕਲਾਸ ਲਗਾਉਂਦੀ ਹੈ। ਪਰ ਇਨ੍ਹਾਂ ਨੇ ਵੀ ਸ਼ਾਇਦ ਜ਼ਿਆਦਾ ਸੰਗਤ ਖਿੱਚਣ ਲਈ, ਜਾਂ ਪਤਾ ਨਹੀਂ ਕਿਸ ਲਈ, ਇਕ ਚਿੱਤਰਕਾਰ ਪਾਸੋਂ ਗੁਰਦੁਆਰਾ ਸਾਹਿਬ ਦੀ ਡਿਓੜੀ ਵਿਚ ਗੁਰੂਆਂ ਦੇ ਕਲਪਿਤ ਚਿੱਤਰ ਬਣਵਾਏ ਹਨ। ਇਹ ਪ੍ਰਬੰਧਕ ਬਹੁਤ ਸੋਹਣਾ ਪ੍ਰਬੰਧ ਚਲਾਉਂਦੇ ਸਨ ਤੇ ਸੰਗਤਾਂ ਖ਼ੁਸ਼ ਸਨ, ਪਰ ਇਨ੍ਹਾਂ ਕਲਪਿਤ ਤਸਵੀਰਾਂ ਕਾਰਨ ਪ੍ਰਬੰਧਕ ਚਰਚਿਤ ਹੋ ਗਏ ਹਨ। ਕਲਪਿਤ ਚਿੱਤਰਾਂ ਤੋਂ ਬਿਨਾਂ ਇਕ ਵੱਡੀ ਗ਼ਲਤੀ ਹੋਈ ਹੈ, ਉਹ ਇਹ ਕਿ ਇਨ੍ਹਾਂ ਕਲਪਿਤ ਚਿੱਤਰਾਂ ਦੀ ਘੁੰਡ ਚੁਕਾਈ ਜਾਂ ਉਦਘਾਟਨ ਪੰਜਾਂ ਪਿਆਰਿਆਂ ਦੁਆਰਾ ਕੀਤਾ ਹੈ। ਇਹ ਨਵੀਂ ਹੀ ਪ੍ਰੰਪਰਾ ਸਥਾਪਤ ਹੋਈ ਕਿ ਕਲਪਿਤ ਤਸਵੀਰਾਂ ਜਾਂ ਬੁੱਤਾਂ ਦੀ ਸਥਾਪਨਾ ਪੰਜਾਂ ਪਿਆਰਿਆਂ ਨੇ ਅਰਦਾਸ ਕਰ ਕੇ ਕੀਤੀ। ਜਦੋਂ ਵੈਨਕੂਵਰ ਗੁਰਦੁਆਰਾ ਸਾਹਿਬ ਦੇ ਅਹਾਤੇ ਵਿਚ ਘੋੜ-ਸਵਾਰ ਸਿੰਘਾਂ ਦੇ ਬੁੱਤ ਲਗਾਏ, ਤਾਂ ਉਨ੍ਹਾਂ ਨੇ ਲਿਖਤੀ ਆਗਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਲੈ ਲਈ ਅਤੇ ਜੋ ਫ਼ੈਸਲੇ ਕੇਂਦਰੀ ਅਸਥਾਨ 'ਤੇ ਹੁੰਦੇ ਹਨ, ਉਨ੍ਹਾਂ ਦੀ ਚਰਚਾ ਹਰ ਜ਼ੁਬਾਨ 'ਤੇ ਹੈ। ਇਸ ਨਵੀਂ ਪਿਰਤ, ਗੁਰੂ ਘਰ ਦੀਆਂ ਕੰਧਾਂ (ਡਿਓੜੀ) ਉੱਤੇ ਕਲਪਿਤ ਚਿੱਤਰਾਂ ਨੂੰ ਬਣਾਉਣ ਲਈ ਪਰਵਾਨਗੀ ਸੰਗਤ ਦੀ ਸੀ ? ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ? ਪਰ ਅਜੇਹੇ ਆਪੋ ਧਾਪੀ ਜਾਂ ਬਿਨਾਂ ਸੋਚੇ ਸਮਝੇ ਫ਼ੈਸਲਿਆਂ ਨਾਲ ਗੁਰਮਤਿ ਦੇ ਪ੍ਰਚਾਰ ਵਿਚ ਜ਼ਿਆਦਾ ਵਾਧਾ ਨਹੀਂ ਹੁੰਦਾ। ਗੁਰਮਤਿ ਦੇ ਪ੍ਰਚਾਰ ਲਈ ਤਾਂ ਹੋਰ ਠੋਸ ਲੀਹਾਂ 'ਤੇ ਕੰਮ ਕੀਤਾ ਜਾ ਸਕਦਾ ਹੈ।

ਵੈਨਕੂਵਰ ਦੇ ਇਲਾਕੇ ਵਿਚ ਇਕ ਗੁਰਦੁਆਰਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੀ ਕਲਪਿਤ ਤਸਵੀਰ ਲੱਗੀ ਹੋਈ ਹੈ, ਜੋ ਅਕਾਰ ਵਿਚ ਬਹੁਤ ਵੱਡੀ ਵੀ ਹੈ। ਸਾਲ 1978 ਵਿਚ ਮੈਂ ਕਿਸੇ ਨੂੰ ਪੁੱਛਿਆ ਕਿ ਜਦੋਂ ਕਈ ਸਿੰਘ, ਚੌਰ ਦੀ ਸੇਵਾ ਕਰਦੇ ਹਨ, ਸਿੱਧੇ ਹੋ ਕੇ ਨਹੀਂ ਖੜਦੇ ਅਤੇ ਇਕ ਪਾਸੇ ਦੀ ਹੋ ਕੇ ਕਿਉਂ ਖੜਦੇ ਹਨ ? ਉਸਨੇ ਕਿਹਾ, "ਇਹ ਬਹੁਤ ਸ਼ਰਧਾਲੂ ਹਨ ਅਤੇ ਪਿੱਛੇ ਜੋ ਬਾਬੇ ਦੀ ਮੂਰਤ ਲੱਗੀ ਹੋਈ ਹੈ, ਉਸ ਵੱਲ ਪਿੱਠ ਨਹੀਂ ਕਰਦੇ।" ਉਸ ਮੂਰਤ ਦੇ ਅੱਗੇ ਵਿਸ਼ੇਸ਼ ਤੌਰ 'ਤੇ ਪਰਦਾ ਵੀ ਲਾਇਆ ਹੋਇਆ ਹੈ, ਜੋ ਰਾਤ ਵੇਲੇ ਅੱਗੇ ਕਰ ਦਿੱਤਾ ਜਾਂਦਾ ਹੈ। ਇਹ ਵੱਖਰੇ ਤਰ੍ਹਾਂ ਦੀ ਤਸਵੀਰ ਨੂੰ ਨਾਨਕਸਰ ਠਾਠ ਵਾਲਿਆਂ ਬਣਾਇਆ। ਇਕ ਸਿੱਖ ਵਿਦਵਾਨ ਨੇ ਕਿਹਾ, "ਇਸ ਫ਼ੋਟੋ ਵਿਚ ਪੈਰ ਵੀ ਪੁੱਠਾ ਲਗਾਇਆ ਹੋਇਆ ਹੈ, ਜਿਸ ਵਿਚ ਚਿੱਤਰਕਾਰ ਨੇ ਪਦਮ ਦਾ ਰੂਪ ਕਲਪ ਕੇ ਦਿਖਾਉਣ ਦਾ ਜਤਨ ਕੀਤਾ ਹੈ। ਇਸ ਮੂਰਤ ਨੂੰ ਉਹ ਅਸਲੀ ਮੂਰਤ ਦੱਸਦੇ ਹਨ, ਇਸ ਸੰਬੰਧ ਵਿਚ ਹਾਸੋ-ਹੀਣੀ ਕਹਾਣੀ ਵੀ ਪ੍ਰਚਲਿਤ ਕੀਤੀ ਹੋਈ ਹੈ। ਜੇਕਰ ਮੰਨ ਵੀ ਲਈਏ ਕਿ ਉਹ ਮੂਰਤ ਗੁਰੂ ਨਾਨਕ ਦੇਵ ਜੀ ਦੀ ਅਸਲ ਮੂਰਤ ਹੈ, ਤਾਂ ਉਸ ਤੋਂ ਕੀ ਪ੍ਰਾਪਤ ਹੋਵੇਗਾ ? ਕੀ ਮੂਰਤ ਕੋਈ ਸੰਕਟ ਟਾਲ ਸਕਦੀ ਹੈ ? ਕੀ ਮੂਰਤ ਸਿੱਖੀ ਦਾ ਪ੍ਰਚਾਰ ਕਰ ਸਕਦੀ

ਹੈ ? ਉਸ ਅਸਲ ਮੂਰਤ ਦੇ ਵਾਰਸਾਂ ਦੀ ਆਪਸ ਵਿਚ ਡੇਰੇ ਦੀ ਮਾਲਕੀ ਪਿੱਛੇ ਲੜਾਈ ਹੋਈ। ਬਾਬਾ ਈਸ਼ਰ ਸਿੰਘ ਤੋਂ ਪਿੱਛੋਂ ਚਾਰ ਬਾਬੇ ਬਣ ਗਏ। ਹਾਂ, ਜੇਕਰ ਉਨ੍ਹਾਂ ਵਿਚ ਗੁਰਮਤਿ ਦਾ ਪ੍ਰਕਾਸ਼ ਹੁੰਦਾ, ਤਾਂ ਕਦੀ ਲੜਾਈ ਨਾ ਹੁੰਦੀ ਅਤੇ ਇਹ ਅਸਥਾਨ ਸਿੱਖਾਂ ਦੇ ਕੇਂਦਰੀ ਅਸਥਾਨ ਦਾ ਹੀ ਹਿੱਸਾ ਹੁੰਦਾ।

ਗੁਰਮਤਿ ਦਾ ਫ਼ੈਸਲਾ ਸਪੱਸ਼ਟ ਹੈ:

**ਸਤਿਗੁਰ ਨੋ ਸਭੁ ਕੋ ਵੇਖਦਾ,**
**ਜੇਤਾ ਜਗਤੁ ਸੰਸਾਰੁ ॥**
**ਡਿਠੈ ਮੁਕਤਿ ਨ ਹੋਵਈ,**
**ਜਿਚਰੁ ਸਬਦਿ ਨ ਕਰੇ ਵੀਚਾਰੁ ॥** *(ਪੰਨਾ 594)*

ਗੁਰੂ-ਕਾਲ ਅੰਦਰ, ਗੁਰੂਆਂ ਦੇ ਪ੍ਰਤੱਖ ਦਰਸ਼ਨ ਕਰਨ ਵਾਲੇ ਬਹੁਤ ਸਨ, ਪਰ ਸਿਰਫ਼ ਦੇਖਣ ਨਾਲ ਹੀ ਕਿਸੇ ਦਾ ਕੋਈ ਪਾਰ-ਉਤਾਰਾ ਨਹੀਂ ਹੋਇਆ। ਗੁਰੂ ਨਾਨਕ ਦੇਵ ਜੀ ਦੇ ਦੋ ਸਪੁੱਤਰ ਸਨ, ਹੋਰ ਗੁਰੂਆਂ ਦੇ ਵੀ ਸਾਹਿਬਜ਼ਾਦੇ ਸਨ। ਅਸਲ ਵਿਚ ਉਹੀ ਪਾਰ ਉਤਰੇ, ਜਿਨ੍ਹਾਂ ਨੇ ਗੁਰੂ ਦੇ ਹੁਕਮਾਂ ਅਤੇ ਸਿੱਧਾਂਤਾਂ ਨੂੰ ਆਪਣੇ ਪੱਲੇ ਪਾ ਕੇ ਕਮਾਇਆ। ਸਾਨੂੰ ਗੁਰਬਾਣੀ ਦੀਆਂ ਉਪਰੋਕਤ ਪੰਗਤੀਆਂ ਹਰ ਗੁਰਦੁਆਰਾ ਸਾਹਿਬ ਦੇ ਮੂਹਰੇ ਲਿਖਣੀਆਂ ਚਾਹੀਦੀਆਂ ਹਨ ਤੇ ਨਾਲ ਹੀ ਲਿਖਿਆ ਜਾਵੇ:

**ਗੁਰ ਮੂਰਤਿ ਗੁਰ ਸਬਦੁ ਹੈ,**
**ਸਾਧਸੰਗਤਿ ਵਿਚਿ ਪਰਗਟੀ ਆਇਆ ॥** *(ਵਾਰ 24, ਪਉੜੀ 25)*

ਗੁਰੂ ਪੰਥ ਨੇ ਰਹਿਤ-ਮਰਯਾਦਾ ਅੰਦਰ ਗੁਰੂ-ਦਰਸ਼ਨ ਦੀ ਸੰਖੇਪ ਵਿਆਖਿਆ ਵੀ ਕਰ ਦਿੱਤੀ ਹੈ:

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ, ਗੁਰੂ ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਅਵਾਜ਼ਾ (ਵਾਕ) ਲੈਣਾ ਜਾਂ ਸੁਣਨਾ ਸਤਿਗੁਰੂ ਦੇ ਦਰਸ਼ਨ ਹਨ।" *(ਸਿੱਖ ਰਹਿਤ ਮਰਯਾਦਾ, ਪੰਨਾ 13)*

ਗੁਰਬਾਣੀ ਨੂੰ ਸਮਝ ਕੇ ਪੜ੍ਹੀਏ, ਸਮਝੀਏ ਅਤੇ ਗੁਰਬਾਣੀ ਨੂੰ ਆਧਾਰ ਬਣਾ ਕੇ ਜੀਵਨ ਜੀਵੀਏ ਤਾਂ ਸਾਡਾ ਭਲਾ ਹੈ, ਜੇਕਰ ਇਨ੍ਹਾਂ ਸਿੱਧਾਂਤਾਂ ਦੇ ਪ੍ਰਚਾਰ ਵਿਚ ਸਹਾਈ ਹੋਈਏ ਤਾਂ ਪੰਥ ਦਾ ਭਲਾ ਹੈ। ਭਾਈ ਗੁਰਦਾਸ ਜੀ ਵੀ ਸਾਨੂੰ ਇਸ ਤਰ੍ਹਾਂ ਦਾ ਸੁਨੇਹਾ ਦਿੰਦੇ ਹਨ:

**ਗੁਰਮੁਖਿ ਜਨਮੁ ਸਕਾਰਥਾ, ਗੁਰਬਾਣੀ ਪੜ੍ਹਿ ਸਮਝਿ ਸੁਣੇਹੀ ॥**
*(ਵਾਰ 1, ਪਉੜੀ 3)*

**ਸਬਦੁ ਗੁਰੂ ਗੁਰੁ ਜਾਣੀਐ, ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ ॥**
**ਸਾਧ ਸੰਗਤਿ ਸਚਖੰਡ ਵਿਚਿ ਪ੍ਰੇਮ ਭਗਤਿ ਪਰਚੈ ਹੋਇ ਮੇਲਾ ॥**
*(ਵਾਰ 7, ਪਉੜੀ 20)*

**ਪਾਰਬ੍ਰਹਮੁ ਗੁਰ ਸਬਦੁ ਹੈ ਸਤਸੰਗਿ ਨਿਵਾਸੀ ॥** *(ਵਾਰ 9, ਪਉੜੀ 1)*

ਉਨ੍ਹਾਂ ਕਿਤੇ ਨਹੀਂ ਆਖਿਆ ਕਿ ਗੁਰੂ ਦੀ ਤਸਵੀਰ ਅੱਗੇ ਰੱਖ ਕੇ ਜਾਂ ਤਸਵੀਰ ਬਣਾ ਕੇ ਪੂਜਿਓ, ਸਗੋਂ ਬਹੁਤ ਹੀ ਸੁੰਦਰ ਸ਼ਬਦਾਂ ਵਿਚ ਦੱਸ ਦਿੱਤਾ ਕਿ ਸਾਡਾ ਗੁਰੂ ਸ਼ਬਦ ਹੈ, ਗਿਆਨ ਹੈ ਅਤੇ ਉਸ ਵਿਚ ਸੁਰਤ ਜੋੜਨੀ ਤੇ ਸੰਗਤ ਵਿਚ ਬੈਠ ਕੇ ਆਨੰਦ ਲੈਣਾ ਹੀ ਗੁਰੂ ਦਾ ਚੇਲਾ ਬਣਨਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸਾਨੂੰ ਹੁਕਮ ਕਰ ਦਿੱਤਾ ਕਿ ਉਨ੍ਹਾਂ ਦਾ ਅਸਲ ਸਰੂਪ ਕੀ ਹੈ ਤੇ ਸਾਨੂੰ ਕਿਸ ਦੇ ਲੜ ਲਾਇਆ। ਭਾਈ ਨੰਦ ਲਾਲ ਜੀ ਗੁਰੂ ਜੀ ਪਾਸੋਂ ਪੁੱਛਦੇ ਹਨ:

ਤੁਮ ਜੋ ਕਹਾ ਗੁਰਦੇਵ ਜੀ ਦਰਸ਼ਨ ਕਰਿ ਮੋਹਿ ਆਇ।
ਲਖੀਏ ਤੁਮਰਾ ਦਰਸ ਕਹਾ ? ਕਹੋ ਮਹਿ ਸਮਝਾਇ।

ਸ੍ਰੀ ਗੁਰੂ ਵਾਚ : (ਉਨ੍ਹਾਂ ਦਾ ਉੱਤਰ)

ਤੀਨ ਰੂਪ ਹੈ ਮੋਹਿ ਕੇ ਸੁਨੋ ਨੰਦ ਚਿਤ ਲਾਇ।
ਨਿਰਗੁਣ ਸਰਗੁਣ ਗੁਰ ਸਬਦ ਹੈ ਕਹੈ ਤੋਹਿ ਸਮਝਾਇ।

*(ਰਹਿਤਨਾਮਾ ਭਾਈ ਨੰਦ ਲਾਲ)*

ਇਨ੍ਹਾਂ ਬਚਨਾਂ ਦਾ ਖ਼ੁਲਾਸਾ ਭਾਈ ਕਾਨ੍ਹ ਸਿੰਘ ਜੀ ਨਾਭਾ ਇਸ ਤਰ੍ਹਾਂ ਕਰਦੇ ਹਨ :

1. ਨਿਰਗੁਣ (ਜੋ ਤਿੰਨਾਂ ਗੁਣਾਂ ਤੋਂ ਅਲੇਪ ਹੈ)
2. ਸਰਗੁਣ (ਸ੍ਰੀ ਸਤਿਗੁਰੂ)।
3. ਗੁਰੂ ਗ੍ਰੰਥ ਤੇ ਪੰਥ।

*ਪ੍ਰੇਮ ਸੁਮਾਰਗ* ਦੇ ਕਰਤਾ ਨੇ ਵੀ ਉਪਰੋਕਤ ਵਿਚਾਰਾਂ ਨਾਲ ਰਲਦੇ ਮਿਲਦੇ ਵਿਚਾਰ ਦਿੱਤੇ ਹਨ :

"ਜੋ ਚਾਹੇ ਮੈਂ ਗੁਰੂ ਨਾਲ ਗੱਲਾਂ ਕਰਾਂ,
ਤਾਂ ਸ਼ਬਦ ਪੜ੍ਹੇ ਸਭ ਨਿਸ਼ਾ ਹੋਵਸੀ।
ਅਰ ਜੋ ਚਾਹੇ ਕਿ ਦਰਸ਼ਨ ਕਰਾਂ,
ਜਿਥੇ ਖ਼ਾਲਸੇ ਦਾ ਇਕੱਠ ਹੋਵੇ,
ਉਥੇ ਜਾਇ ਕੈ ਅਦਬ ਨਾਲ ਦਰਸ਼ਨ ਕਰੈ,
ਪ੍ਰਤੀਤ ਕਰਿ ਕੇ।
ਦਰਸ਼ਨ ਗੁਰੂ ਦਾ ਪ੍ਰਾਪਤ ਹੋਵੇਗਾ।"

*ਗੁਰ ਬਿਲਾਸ ਪਾਤਸ਼ਾਹੀ ੧੦* (ਕੋਇਰ ਸਿੰਘ)

"ਗੁਰਿਆਈ ਕਾ ਨਹਿ ਅਬ ਕਾਲ।
ਤਿਲਕ ਨ ਦੇਵਹਿਗੇ ਕਿਸ ਭਾਲ।
ਸਰਬ ਸੋ ਸੰਗਤਿ ਖ਼ਾਲਸਾ ਮਾਨ।
ਸ੍ਰੀ ਅਸਿਕੇਤ ਗੋਦ ਮੈ ਜਾਨ।
ਲੜ ਪਕੜਾਇ ਸ਼ਬਦ ਕਾ ਰੂਪ।
ਜੋ ਮਾਨੇ ਸੋ ਸਿੰਘ ਅਨੂਪ।

ਦਰਸ਼ਨ ਗੁਰ ਕਾ ਹੈ ਸਵਧਾਨ।
ਸ੍ਰੀ ਗ੍ਰੰਥ ਜੀ ਸਾਹਿਬ ਮਾਨ।"

ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਗੁਰੂ ਜੀ ਦੇ ਹੁਕਮਾਂ ਦੀ ਵਿਆਖਿਆ ਕਈ ਇਤਿਹਾਸਕਾਰਾਂ ਨੇ ਵੀ ਕੀਤੀ, ਜਿਸ ਤੋਂ ਉਨ੍ਹਾਂ ਦੇ ਪੰਥ ਪ੍ਰਤਿ ਸੰਦੇਸ਼ ਸਪੱਸ਼ਟ ਹੁੰਦੇ ਹਨ। ਜਿਵੇਂ ਗੁਰੂ ਪੰਥ ਨੇ ਨਿਰਅਕਾਰ ਭਾਵ ਅਕਾਲ ਦੀ ਪੂਜਾ ਕਰਨੀ ਹੈ, ਗੁਰੂ ਗ੍ਰੰਥ ਤੇ ਗੁਰੂ ਪੰਥ ਨੂੰ ਗੁਰੂ ਮੰਨਣਾ ਅਤੇ ਗੁਰ-ਸ਼ਬਦ ਦੀ ਖੋਜ ਜਾਂ ਵਿਚਾਰ ਕਰਨੀ ਹੈ, ਕਿਸੇ ਹੋਰ ਦੇਹਧਾਰੀ ਗੁਰੂ ਜਾਂ ਤਸਵੀਰ/ਮੂਰਤ ਨੂੰ ਨਹੀਂ ਮੰਨਣਾ। ਜੇਕਰ ਗੁਰੂ ਸਾਹਿਬ ਚਾਹੁੰਦੇ ਤਾਂ ਉਨ੍ਹਾਂ ਦੀ ਸਮਰੱਥਾ ਸੀ, ਉਹ ਆਪਣਾ ਚਿੱਤਰ ਕਿਸੇ ਵਧੀਆ ਚਿੱਤਰਕਾਰ ਪਾਸੋਂ ਬਣਵਾ ਸਕਦੇ ਸਨ। ਅਗਰ ਗੁਰੂ ਸਾਹਿਬਾਨ ਦੀ ਤਸਵੀਰ ਜਾਂ ਬੁੱਤਾਂ ਲਈ ਸ਼ੁਭ ਭਾਵਨਾ ਹੁੰਦੀ ਤਾਂ 'ਸਿੱਖ ਇਨਕਲਾਬ' ਦਾ ਕੀ ਮਹੱਤਵ ਹੋਣਾ ਸੀ। ਜੋ ਕਰਮ ਸਨਾਤਨ ਧਰਮ ਵਾਲੇ ਕਰਦੇ ਸਨ, ਉਹੀ ਅਸੀਂ ਕਰਦੇ ਹੋਣਾ ਸੀ। ਸਿੱਖ ਧਰਮ ਦੀ ਵਿਲੱਖਣਤਾ ਹੀ ਇਸ ਕਰਕੇ ਹੈ ਕਿ ਅਸੀਂ ਤਸਵੀਰਾਂ ਜਾਂ ਬੁੱਤਾਂ ਨੂੰ ਕੋਈ ਮਹੱਤਤਾ ਨਹੀਂ ਦਿੰਦੇ, ਅਸੀਂ ਤਾਂ ਗੁਰੂ ਗਿਆਨ ਜਾਂ ਸ਼ਬਦ ਦਾ ਆਸਰਾ ਤੱਕ ਕੇ ਜਾਂ ਖੋਜ ਕਰ ਕੇ ਅਕਾਲ ਦੇ ਪੁਜਾਰੀ ਬਣੇ ਰਹਿਣਾ ਹੈ।

ਸਾਡਾ ਪੰਥਕ ਤ੍ਰੈ ਨੁਕਤਾ ਸਿਧਾਂਤ :

"ਪੂਜਾ ਅਕਾਲ ਕੀ,
ਪਰਚਾ ਸ਼ਬਦ ਕਾ,
ਦੀਦਾਰ ਖ਼ਾਲਸੇ ਕਾ।"

ਅਸੀਂ ਗੁਰੂ ਹੁਕਮਾਂ ਨੂੰ ਖਿੜੇ ਮੱਥੇ ਮੰਨੀਏ ਤੇ ਗੁਰੂ ਦੀਆਂ ਕਲਪਿਤ ਤਸਵੀਰਾਂ ਨਾ ਖ਼ਰੀਦੀਏ ਤੇ ਨਾ ਹੀ ਕਿਸੇ ਥਾਂ ਲਗਾਈਏ, ਕਿਉਂਕਿ ਗੁਰ-ਸ਼ਬਦ ਵਿਚ ਯਕੀਨ ਰੱਖਣ ਵਾਲੇ ਨੂੰ ਕਿਸੇ ਗੁਰੂ ਦੀ ਕਲਪਿਤ ਤਸਵੀਰ ਜਾਂ ਮੂਰਤ ਦੀ ਜ਼ਰੂਰਤ ਨਹੀਂ ਹੈ।

**ਵਿਸ਼ੇਸ਼ :** "ਸਰਦਾਰ ਸੋਭਾ ਸਿੰਘ ਚਿੱਤਰਕਾਰ ਨੇ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਕਲਪਿਤ ਮੂਰਤ ਬਣਾਈ ਹੈ, ਉਸਨੇ ਪਹਿਲਾਂ ਇਕ ਦਰਸ਼ਨੀ ਸਿੰਘ ਭਾਈ ਭਾਗ ਸਿੰਘ ਗੁਰਦਾਸਪੁਰ ਦੀ ਫ਼ੋਟੋ ਖਿਚੀ ਸੀ ਤੇ ਉਸਦਾ ਚੇਹਰਾ ਪ੍ਰਭਾਵਮਈ ਸੀ। ਸੋਭਾ ਸਿੰਘ ਨੇ ਬੁਰਸ਼ ਨਾਲ ਕੁਝ ਨਵਾਂ ਨਿਖਾਰ ਦੇ ਕੇ ਉਸਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਚਿੱਤਰ ਆਖ ਦਿੱਤਾ। ਇਹ ਗੱਲ ਮੈਨੂੰ 1978 ਵਿਚ ਸਿੱਖ ਮਿਸ਼ਨਰੀ ਸ੍ਰ. ਸੰਤੋਖ ਸਿੰਘ (ਆਸਟਰੇਲੀਆ) ਨੇ ਦੱਸੀ ਸੀ, ਹੋਰ ਵੀ ਤਸਵੀਰਾਂ ਇੰਝ ਹੀ ਬਣਾਈਆਂ ਹੋਣਗੀਆਂ।"

ਇਕ ਹੋਰ ਵਿਸ਼ੇਸ਼ ਤੇ ਇਤਿਹਾਸਕ ਦੁਖਾਂਤਕ ਗੱਲ ਹੈ, ਜਿਵੇਂ ਅਸੀਂ ਬਿਪਰਨ ਰੀਤਾਂ ਪ੍ਰਚਲਿਤ ਕਰਨ ਦਾ ਦੋਸ਼ ਨਿਰਮਲੇ ਤੇ ਉਦਾਸੀ ਸਾਧਾਂ ਸਿਰ ਮੜ੍ਹਦੇ ਹਾਂ ਅਤੇ ਤਸਵੀਰਾਂ ਤੇ ਬੁੱਤ ਪੂਜਾ ਵੀ ਉਨ੍ਹਾਂ ਦੇ ਹੱਥੀਂ ਸ਼ੁਰੂ ਹੋਈ ਮੰਨਦੇ ਰਹੇ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਪਰਿਕਰਮਾ ਵਿਚ ਦੇਵੀ ਦੇਵਤਿਆਂ ਦੇ ਬੁੱਤ ਰੱਖੇ ਹੋਏ ਸਨ ਅਤੇ ਉਥੇ ਗੁਰੂ ਗੋਬਿੰਦ ਸਿੰਘ ਜੀ ਦੀ ਕਲਪਿਤ ਮੂਰਤ ਵੀ ਸੀ, ਜਿਸ ਵਿਚ ਉਨ੍ਹਾਂ

ਨੂੰ ਦੇਵੀ ਕੋਲੋਂ ਵਰ ਲੈਣ ਲਈ ਜੋਦੜੀ ਕਰਦੇ ਦਿਖਾਇਆ ਹੋਇਆ ਸੀ। ਇਨ੍ਹਾਂ ਬੁੱਤਾਂ ਨੂੰ ਪਰਿਕਰਮਾ ਤੋਂ ਲਾਂਭੇ ਕਰਨ ਲਈ ਵਿਸ਼ੇਸ਼ ਲਹਿਰ ਨਹੀਂ ਚੱਲੀ। ਇਹ ਪੰਥ ਦੇ ਭਲੇ ਦਾ ਕੰਮ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਤੋਂ ਕਰਵਾਇਆ। ਉਸ ਨੂੰ ਗੁਰਮਤਿ ਬਾਰੇ ਦੱਸਿਆ ਗਿਆ। ਹਿੰਦੂਆਂ ਅਤੇ ਕੁਝ ਸਨਾਤਨੀ ਸਿੱਖਾਂ ਨੇ ਬੁੱਤ ਚੁੱਕੇ ਜਾਣ 'ਤੇ ਵਿਰੋਧ ਵੀ ਕੀਤਾ ਸੀ। ਇਹ ਬੁੱਤ 1905 ਵਿਚ ਚੁੱਕੇ ਗਏ ਸਨ।

ਖ਼ਾਲਸਾ ਜੀ ! ਅਸੀਂ ਗੁਰੂ ਘਰਾਂ ਦੀਆਂ ਕੰਧਾਂ 'ਤੇ ਤਸਵੀਰਾਂ ਬਣਾ ਕੇ, ਕਿਤੇ ਬੁੱਤ ਪੂਜ ਪ੍ਰੰਪਰਾ ਦੀ ਨੀਂਹ ਤਾਂ ਨਹੀਂ ਰੱਖ ਰਹੇ ? ਦੇਖਿਓ ! ਬਿਪਰ ਲੋਕਾਂ ਦੀ ਸਾਜ਼ਿਸ਼ ਵਿਚ ਭਾਈਵਾਲ ਨਾ ਬਣ ਜਾਣਾ।

# ਸੰਕਟ ਮੋਚਨ ਸ਼ਬਦਾਂ ਬਾਰੇ ਵਹਿਮ

ਕੁਝ ਸਮਾਂ ਪਹਿਲਾਂ ਦਾਸ ਵੀ ਕਦੀ ਕਦੀ ਗੁਰਮਤਿ ਸਾਹਿਤ ਦੇ ਸਟਾਲ ਲਗਾਉਣ ਵਾਲਿਆਂ ਪਾਸ ਖਲੋ ਜਾਂਦਾ ਸੀ। ਕਈ ਸ਼ਰਧਾਲੂ ਵੀਰ ਜਾਂ ਭੈਣਾਂ, ਜ਼ਿਆਦਾਤਰ ਬੀਬੀਆਂ ਸਟਾਲ 'ਤੇ ਆ ਕੇ ਸੰਕਟ ਮੋਚਨ ਸ਼ਬਦਾਂ ਦੀ ਕੋਈ ਪੁਸਤਕ ਖ਼ਰੀਦਣ ਲਈ ਆਉਂਦੀਆਂ, ਪਰ ਉਨ੍ਹਾਂ ਨੂੰ ਸਾਡੇ ਪਾਸੋਂ ਅਜੇਹੀ ਪੁਸਤਕ ਉਪਲਬਧ ਨਾ ਹੋਣ ਕਾਰਨ ਨਿਰਾਸਤਾ ਹੁੰਦੀ। ਅੱਜ ਚਲਾਕ ਲੋਕ, ਲੋਕਾਈ ਅੰਦਰ ਵਹਿਮਪ੍ਰਸਤੀ ਹੋਣ ਕਾਰਨ ਆਪਣੇ ਆਰਥਕ ਲਾਭ ਲਈ ਅਨੇਕਾਂ ਕਰਮ ਕਰਦੇ ਹਨ ਅਤੇ ਅਜੇਹੇ ਕਰਮ ਗੁਰਮਤਿ ਸਿੱਧਾਂਤਾਂ ਦੇ ਵਿਪਰੀਤ ਹੁੰਦੇ ਹਨ। ਮੈਂ ਇਕ ਸੰਕਟ ਮੋਚਨ ਪੁਸਤਕ ਦੀ ਭੂਮਿਕਾ ਪੜ੍ਹ ਰਿਹਾ ਸਾਂ, ਜਿਸ ਵਿਚ ਲਿਖਿਆ ਹੋਇਆ ਸੀ :

> "ਕੋਈ ਗੁਰਸਿੱਖ ਅਤੇ ਕੋਈ ਸਹਿਜਧਾਰੀ ਸੱਜਣ, ਮਾਈ ਭਾਈ ਗੁਰੂ ਨਾਨਕ 'ਤੇ ਭਰੋਸਾ ਰੱਖਣ ਵਾਲਾ ਪੂਰਨ ਵਿਧੀ ਅਨੁਸਾਰ ਪਾਠ ਕਰੇ ਤਾਂ ਉਸਦੇ ਦੁੱਖ, ਕਲੇਸ਼, ਤਕਲੀਫ਼ਾਂ ਦੂਰ ਹੁੰਦੀਆਂ ਹਨ। ਕਿਸੇ ਪ੍ਰਕਾਰ ਦੀ ਬਿਪਤਾ ਨਹੀਂ ਆਉਂਦੀ।"

ਸਭ ਤੋਂ ਪਹਿਲਾਂ ਪੁਸਤਕ ਦੇ ਕਰਤਾ ਨੇ ਕਿਹਾ ਹੈ ਕਿ 'ਕੋਈ ਸੱਜਣ ਜੋ ਪੂਰਨ ਵਿਧੀ ਅਨੁਸਾਰ ਪਾਠ ਕਰੇ ਅਤੇ ਗੁਰੂ ਨਾਨਕ 'ਤੇ ਭਰੋਸਾ ਰੱਖਣ ਵਾਲਾ,' ਪਰ ਸਾਨੂੰ ਤਾਂ ਗੁਰੂ ਨਾਨਕ ਦੇਵ ਜੀ ਨੇ ਨਿਰਗੁਣ ਸਰੂਪ ਪਰਮਾਤਮਾ ਦੀ ਬੰਦਗੀ ਤੇ ਪਰਮਾਤਮਾ ਉੱਤੇ ਹੀ ਭਰੋਸਾ ਰੱਖਣ ਲਈ ਹੁਕਮ ਕੀਤਾ ਹੈ। ਜਿਥੋਂ ਤਕ ਦੁਖ-ਕਲੇਸ਼ ਤੇ ਤਕਲੀਫ਼ਾਂ ਦੂਰ ਕਰਨ ਦੀ ਗੱਲ ਹੈ, ਇਹ ਤਾਂ ਮਨੁੱਖਾ ਜੀਵਨ ਦਾ ਅੰਗ ਹੀ ਹਨ ਅਤੇ ਬਹੁਤ ਤਕਲੀਫ਼ਾਂ ਤੇ ਕਲੇਸ਼ਾਂ ਦਾ ਅਸੀਂ ਆਪ ਹੀ ਕਾਰਨ ਬਣਦੇ ਹਾਂ।

ਇਕ ਸ਼ਬਦ ਦੇ ਮਹਾਤਮ ਬਾਰੇ ਲਿਖਿਆ ਹੈ ਕਿ ਇਸ ਸ਼ਬਦ ਨੂੰ 40 ਦਿਨ ਅੰਮ੍ਰਿਤ ਵੇਲੇ ਸੂਰਜ ਵੱਲ ਮੁੱਖ ਕਰ ਕੇ ਪਵਿੱਤਰ ਹੋ ਕੇ 108 ਪਾਠ ਰੋਜ਼ ਕਰੋ, ਮੁਕੱਦਮਾ ਜਿੱਤੇ ਅਤੇ ਨੌਕਰੀ ਵਿਚ ਤਰੱਕੀ ਹੋਵੇ, ਪਰ ਸ਼ਬਦ ਦੇ ਉੱਪਰ ਲਿਖਿਆ ਹੋਇਆ ਹੈ : "ਨੌਕਰੀ ਮਿਲੇ, ਤਰੱਕੀ ਹੋਵੇ ਤੇ ਮੁਕੱਦਮਾ ਜਿੱਤੇ।" ਜੇ ਇੰਝ ਕਰਨ ਨਾਲ ਕੰਮ ਸਰਦਾ ਹੋਵੇ ਤਾਂ ਬੇ-ਰੁਜ਼ਗਾਰੀ ਖ਼ਤਮ ਹੋ ਸਕਦੀ ਹੈ। ਪਰ ਇਸਦੀ ਵਿਧੀ ਵਿਚ ਵਿਘਨ ਵੀ ਪੈ ਸਕਦਾ ਹੈ। ਜਿਵੇਂ ਕਿਹਾ ਗਿਆ ਹੈ ਕਿ 40 ਦਿਨ ਅੰਮ੍ਰਿਤ ਵੇਲੇ ਸੂਰਜ ਵੱਲ ਮੁੱਖ ਕਰ ਕੇ, ਜੇ ਸੂਰਜ ਨਾ ਦਿਸੇ ਤਾਂ ਸੂਰਜ ਕਿਥੋਂ ਲਿਆਂਦਾ ਜਾਵੇ ?

ਜਿਥੇ ਛੇ ਮਹੀਨੇ ਦਾ ਦਿਨ ਤੇ ਛੇ ਮਹੀਨੇ ਦੀ ਰਾਤ ਹੋਵੇ, ਉਥੇ ਇਹ ਵਿਧੀ

ਕਿਵੇਂ ਸੰਭਵ ਹੈ ? ਦੂਸਰਾ, ਜਿਥੇ ਕਈ ਕਈ ਦਿਨ ਮੀਂਹ ਪੈਂਦਾ ਰਹਿੰਦਾ ਹੈ ਤੇ ਸੂਰਜ ਦਿਖਾਈ ਨਹੀਂ ਦਿੰਦਾ, ਉਥੇ ਕੀ ਕੀਤਾ ਜਾਵੇ ? ਤੀਸਰਾ, ਪਵਿੱਤਰ ਹੋ ਕੇ ਵਾਲੀ ਗੱਲ ਵੀ ਸਮਝ ਤੋਂ ਬਾਹਰ ਹੈ। ਜੇ ਕੋਈ ਵਿਅਕਤੀ ਪਹਿਲਾਂ ਹੀ ਪਵਿੱਤਰ ਹੈ, ਉਸ ਨੂੰ ਨੌਕਰੀ ਤੇ ਤਰੱਕੀ ਦੀ ਲੋਚਾ ਨਹੀਂ ਰਹਿੰਦੀ ਤੇ ਮੁਕੱਦਮਾ ਤਾਂ ਉਸਨੇ ਕੀ ਸਹੇੜਨਾ ਹੈ। ਮਨੁੱਖ ਧਰਮ-ਕਰਮ ਤੇ ਬੰਦਗੀ ਪਵਿੱਤਰ ਹੋਣ ਲਈ ਤਾਂ ਕਰਦਾ ਹੈ।

ਇਕ ਹੋਰ ਸ਼ਬਦ ਦੇ ਉੱਪਰ ਲਿਖਿਆ ਹੋਇਆ ਹੈ : "ਮਨ ਪਵਿੱਤਰ ਹੋਵੇ ਤੇ ਸੁੱਖਾਂ ਦੀ ਪ੍ਰਾਪਤੀ ਹੋਵੇ"। ਚਲਾਕ ਲੋਕਾਂ ਦੀ ਚਲਾਕੀ ਦੀ ਵੀ ਕਮਾਲ ਹੈ। ਪਹਿਲੇ ਸ਼ਬਦ ਦੀ ਵਿਧੀ ਵਿਚ ਲਿਖ ਦਿੱਤਾ ਕਿ ਪਵਿੱਤਰ ਹੋ ਕੇ 108 ਪਾਠ ਰੋਜ਼ ਕਰੇ ਤੇ ਦੂਸਰੇ ਸ਼ਬਦ ਦਾ ਮਹਾਤਮ ਲਿਖ ਦਿੱਤਾ ਕਿ ਇਸ ਦੇ ਪਾਠ ਨਾਲ ਮਨ ਪਵਿੱਤਰ ਹੋਵੇਗਾ। ਹੇਠ ਵਿਧੀ ਵਿਚ ਲਿਖ ਦਿੱਤਾ ਕਿ 108 ਪਾਠ 40 ਦਿਨ ਸ਼ੁਧ ਪਵਿੱਤਰ ਹੋ ਕੇ ਕਰੋ। ਹੁਣ ਕਿਸੇ ਨੂੰ ਕੀ ਪਤਾ ਲੱਗੇ ਕਿ ਪਵਿੱਤਰ ਹੋ ਕੇ ਜਾਂ ਸ਼ੁਧ ਪਵਿੱਤਰ ਹੋਣਾ ਕੀ ਹੈ। ਇਸ ਬਾਰੇ ਕੋਈ ਸਪੱਸ਼ਟਤਾ ਨਹੀਂ। ਉਦਾਹਰਣ ਦੇ ਤੌਰ 'ਤੇ ਜਿਹੜਾ ਸ਼ਬਦ ਮੁਕੱਦਮਾ ਜਿੱਤਣ ਲਈ ਚੁਣਿਆ ਹੋਇਆ ਹੈ, ਜੇ ਉਸੇ ਸ਼ਬਦ ਦਾ ਦੋਨੋਂ ਧਿਰਾਂ (ਜਿਨ੍ਹਾਂ ਦਾ ਆਪਸ 'ਚ ਮੁਕੱਦਮਾ ਹੈ) ਪੂਰਨ ਮਰਯਾਦਾ ਜਾਂ ਵਿਧੀ ਨਾਲ ਪਾਠ ਕਰਨ ਤਾਂ ਫਿਰ ਮੁਕੱਦਮੇ ਵਿਚ ਜਿੱਤ ਕਿਸ ਦੀ ਹੋਵੇਗੀ ? ਇਸ ਬਾਰੇ ਪੁਸਤਕ ਕਰਤਾ ਚੁੱਪ ਹੈ।

ਅਨੇਕਾਂ ਸ਼ਬਦਾਂ ਨੂੰ ਦੁਬਾਰਾ ਦੁਬਾਰਾ ਲਿਖਿਆ ਹੁੰਦਾ ਹੈ ਤੇ ਉਨ੍ਹਾਂ ਦੇ ਮਹਾਤਮ ਵੀ ਅਧਿਕ ਦੱਸੇ ਹੁੰਦੇ ਹਨ। ਚਲਾਕ ਲੋਕ, ਲੋਕਾਂ ਦੀਆਂ ਰੁਚੀਆਂ ਨੂੰ ਜਾਣਦੇ ਹਨ ਅਤੇ ਉਨ੍ਹਾਂ ਰੁਚੀਆਂ ਅਨੁਸਾਰ ਸ਼ਬਦਾਂ ਦੇ ਮਹਾਤਮ ਘੜ ਲੈਂਦੇ ਹਨ : "ਧਨ ਦੀ ਪ੍ਰਾਪਤੀ, ਕਾਰੋਬਾਰ ਵਿਚ ਵਾਧਾ, ਚੰਗੇ ਸਾਕ ਲੱਭਣ ਲਈ, ਰੋਗਾਂ ਤੋਂ ਛੁਟਕਾਰਾ, ਸੁੱਖਾਂ ਦੀ ਪ੍ਰਾਪਤੀ, ਕਲੇਸ਼ ਦੂਰ ਹੋਵੇ, ਅਸਾਧ ਰੋਗ ਹਟਾਉਣ ਲਈ, ਦੁਸ਼ਮਨ ਦਾ ਨਾਸ ਹੋਵੇ, ਦਵਾਈ ਦਾ ਫ਼ੌਰਨ ਅਸਰ ਹੋਵੇ, ਮੌਤ ਦਾ ਡਰ ਦੂਰ ਹੋਵੇ, ਦੱਬਿਆ ਖ਼ਜ਼ਾਨਾ ਮਿਲੇ, ਸੰਤਾਨ ਪ੍ਰਾਪਤੀ, ਭੂਤਾਂ ਪਰੇਤਾਂ ਤੋਂ ਨਵਿਰਤੀ, ਰਿਧੀਆਂ ਸਿਧੀਆਂ ਪ੍ਰਾਪਤ ਹੋਣ, ਸਮੇਂ ਸਿਰ ਵਰਖਾ ਹੋਵੇ, ਵਿੱਦਿਆ ਪ੍ਰਾਪਤ ਹੋਵੇ, ਕੁਲਹਿਣੀ ਇਸਤਰੀ ਤੋਂ ਛੁਟਕਾਰਾ, ਚੰਗੇ ਪਤੀ ਦੀ ਪ੍ਰਾਪਤੀ, ਗ਼ਰੀਬੀ ਦੂਰ ਹੋਵੇ, ਚਿੰਤਾ ਤੋਂ ਛੁਟਕਾਰਾ, ਧਨ ਦੀ ਪ੍ਰਾਪਤੀ, ਪੁੱਤਰ ਦੀ ਪ੍ਰਾਪਤੀ।"

ਉਪਰੋਕਤ ਪ੍ਰਾਪਤੀਆਂ ਦੀ ਇੱਛਾ ਵਿਚ ਸਿਰਲੇਖਾਂ ਨੂੰ ਬਾਰ ਬਾਰ ਲਿਖਿਆ ਗਿਆ ਹੈ, ਸਿਰਫ਼ ਸ਼ਬਦਾਂ ਦਾ ਹੀ ਹੇਰ-ਫੇਰ ਹੈ। ਜਿਵੇਂ ਗ਼ਰੀਬੀ ਦੂਰ ਹੋਵੇ, ਧਨ ਪ੍ਰਾਪਤੀ ਜਾਂ ਦੱਬਿਆ ਖ਼ਜ਼ਾਨਾ ਮਿਲੇ, ਇੱਕੋ ਹੀ ਭਾਵਨਾ ਨਾਲ ਸੰਬੰਧਤ ਹਨ। ਅਜੇਹੀਆਂ ਇੱਛਾਵਾਂ ਗੁਰਮਤਿ ਅਨੁਸਾਰੀ ਨਹੀਂ ਹਨ। ਅਸਲ ਵਿਚ ਅਜੇਹੀਆਂ ਪਾਠ ਵਿਧੀਆਂ ਨਾਲ ਮਨ ਦੀਆਂ ਇੱਛਾਵਾਂ ਦੀ ਪੂਰਤੀ ਕਰਨੀ ਬਿਪਰਨ ਰੀਤ ਹੈ। ਜੋ ਲੋਕ ਸ਼ਬਦਾਂ ਦਾ ਰਟਨ ਜਾਂ ਜਾਪ ਕਰ ਕੇ ਬੀਮਾਰੀਆਂ ਦਾ ਇਲਾਜ ਜਾਂ ਅਨੇਕਾਂ ਪ੍ਰਾਪਤੀ ਦੀ ਲੋਚਾ ਰੱਖਦੇ ਹਨ, ਉਹ ਗੁਰਮਤਿ ਤੋਂ ਕੋਰੇ ਹਨ।

ਸ਼ਬਦ ਦਾ ਰਟਨ ਜਾਂ ਨੀਯਤ ਸਮੇਂ ਲਈ ਜਾਪ ਦਾ ਸੰਕਲਪ ਸਨਾਤਨ ਧਰਮ

ਅੰਦਰ ਹੈ। ਉਨ੍ਹਾਂ ਅੰਦਰ ਮੰਤਰ ਦਾ ਜਾਪ ਜਾਂ ਰਟਨ ਕਰਨਾ ਦੇਵੀ ਦੇਵਤਿਆਂ ਉੱਤੇ ਪ੍ਰਭਾਵ ਪਾਉਣਾ ਹੈ। ਇਸ ਨਾਲ ਮੰਤਰ ਪ੍ਰਯੋਗ ਕਰਨ ਵਾਲੇ ਦੀ ਇੱਛਾ ਪੂਰੀ ਹੋ ਜਾਂਦੀ ਹੈ ਕਿਉਂਕਿ ਦੇਵਤੇ ਮੰਤਰ ਦੀ ਸ਼ਕਤੀ ਦੇ ਅਧੀਨ ਹਨ। *ਗੁਰੂ ਗ੍ਰੰਥ ਵਿਸ਼ਵ-ਕੋਸ਼* ਹਿੰਦੂ ਧਰਮ ਵਿਚ ਚਾਰ ਮੁੱਖ ਮੰਤਰ ਮੰਨੇ ਗਏ ਹਨ: 1. ਸਿਧ ਮੰਤਰ; 2. ਸਾਧਯ ਮੰਤਰ; 3. ਸੁਸਿਦ ਮੰਤਰ; 4. ਅਰਿਮੰਤਰ।

ਪਰਿਵਾਰਕ ਸੁਖ ਤੇ ਏਕਤਾ ਲਈ ਮੰਤਰ, ਕ੍ਰੋਧ ਸ਼ਾਂਤੀ ਲਈ ਮੰਤਰ, ਅਸਾਧ ਰੋਗ ਖ਼ਤਮ ਕਰਨ ਲਈ ਮੰਤਰ ਤੇ ਸਾਰੇ ਮੰਤਰਾਂ ਦਾ ਜਾਪ 108 ਵਾਰ ਕਰਨ ਦੀ ਮਰਯਾਦਾ ਹੈ। ਉਪਰੰਤ ਦੁਸ਼ਮਨ ਨੂੰ ਖ਼ਤਮ ਕਰਨ ਲਈ ਜੰਤਰ, ਰੱਖਿਆ ਲਈ ਜੰਤਰ, ਬਾਲ ਰੱਖਿਅਕ ਜੰਤਰ, ਬੰਦੀ ਮੋਚਨ ਜੰਤਰ, ਵਿਵਾਦ ਵਿਜੈ ਜੰਤਰ, ਮਿਰਗੀ ਰੋਗ ਨਾਸ਼ਕ ਤੰਤਰ, ਬਾਲ ਰੋਗ ਨਾਸ਼ਕ ਤੰਤਰ, ਪਿਸ਼ਾਬ ਬੰਦ ਕਰਨ ਦਾ ਤੰਤਰ। ਤੰਤਰਾਂ ਲਈ ਮੰਤਰ ਜਾਪ ਜ਼ਰੂਰੀ ਨਹੀਂ।

ਸਨਾਤਨ ਧਰਮ ਅੰਦਰ ਮੰਤਰ, ਜੰਤਰ ਤੇ ਤੰਤਰ ਬਾਰੇ ਸੰਖੇਪ 'ਚ ਦੱਸਣ ਦਾ ਮੁੱਖ ਕਾਰਨ ਇਹੀ ਹੈ ਕਿ ਸਾਨੂੰ ਸਪੱਸ਼ਟਤਾ ਹੋ ਜਾਵੇ ਕਿ ਸ਼ਬਦਾਂ ਦਾ ਰਟਨ ਜਾਂ ਜਾਪ ਦੀਆਂ ਵਿਧੀਆਂ, ਜਿਨ੍ਹਾਂ ਨੂੰ 108 ਵਾਰ ਰਟਨ ਲਈ ਕਿਹਾ ਗਿਆ ਹੈ, ਸਭ ਸਨਾਤਨੀ ਜਾਂ ਬਿਪਰਨ ਪ੍ਰਭਾਵ ਹੀ ਹੈ। ਗੁਰਮਤਿ ਅਜੇਹੀਆਂ ਮੰਤਰ-ਜਾਪ ਵਿਧੀਆਂ ਨੂੰ ਨਹੀਂ ਮੰਨਦੀ। ਗੁਰਮਤਿ ਅੰਦਰ ਨਿਰਗੁਣ ਸਰੂਪ ਪਰਮਾਤਮਾ ਦੀ ਬੰਦਗੀ, ਰੱਬੀ ਭਾਣੇ ਨੂੰ ਮੰਨਣ ਦਾ ਸਿਧਾਂਤ, ਦੁਖ ਸੁਖ ਦਾ ਸੰਕਲਪ, ਸੱਚੀ-ਸੁੱਚੀ ਕਿਰਤ ਕਰਨੀ, ਨੈਤਿਕ ਕਦਰਾਂ ਤੇ ਇਮਾਨਦਾਰੀ ਨੂੰ ਜੀਵਨ ਦਾ ਅੰਗ ਬਣਾਉਣ ਅਤੇ ਜਨਮ-ਮਰਨ ਜਾਂ ਜੀਵਨ ਮੁਕਤ ਦੇ ਸਿਧਾਂਤ ਨੂੰ ਪਰਵਾਨ ਕਰ ਕੇ, ਕਿਸੇ ਬਿਪਰਨ ਰੀਤ ਜਾਂ ਸੋਚ ਨੂੰ ਅਪਰਵਾਨ ਕਰਨਾ ਹੈ। ਭਾਵੇਂ ਸਿੱਖਾਂ ਨੇ ਕਈ ਸਨਾਤਨੀ ਸ਼ਬਦਾਂ ਨੂੰ ਪ੍ਰਯੋਗ ਕੀਤਾ ਹੈ, ਜਿਵੇਂ ਮੂਲ ਮੰਤਰ ਆਦਿ। ਸਨਾਤਨ ਧਰਮ ਅੰਦਰ ਦੇਵਤੇ ਦੇ ਮੁੱਖ ਮੰਤਰ ਨੂੰ ਮੂਲ ਮੰਤਰ ਆਖਦੇ ਹਨ।

ਗੁਰਮਤਿ ਅੰਦਰ ਗਿਣਤੀ ਮਿਣਤੀ ਦੇ ਪਾਠ ਜਾਂ ਜਾਪ, ਕਿਸੇ ਪਾਸੇ ਨੂੰ ਮੁੱਖ ਕਰ ਕੇ ਜਾਪ ਕਰਨਾ ਆਦਿ ਵਿਧੀਆਂ ਪਰਵਾਨ ਨਹੀਂ ਹਨ। ਗੁਰਬਾਣੀ ਅੰਦਰ ਪਰਮਾਣ ਹਨ:

**ਦੂਖ ਕਲੇਸੁ ਨ ਭਉ ਬਿਆਪੈ ਗੁਰ ਮੰਤ੍ਰੁ ਹਿਰਦੈ ਹੋਇ॥** *(ਪੰਨਾ 51)*

ਜੇ ਸਾਡੇ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਹੈ, ਉਸਦੀ ਯਾਦ ਟਿਕੀ ਹੋਈ ਹੈ ਤਾਂ ਕਿਸੇ ਪ੍ਰਕਾਰ ਦਾ ਦੁਖ ਜਾਂ ਕਲੇਸ਼ ਨਹੀਂ ਹੁੰਦਾ ਕਿਉਂਕਿ ਰੱਬੀ ਭਾਣੇ ਵਿਚ ਰਹਿਣ ਵਾਲਾ ਦੁਖ ਸੁਖ ਨੂੰ ਸਮ ਕਰ ਕੇ ਜਾਣਦਾ ਹੈ ਤੇ ਨਿਰਭਉ ਦਾ ਆਸਰਾ ਤੱਕਣ ਵਾਲਾ ਭਉ ਤੋਂ ਰਹਿਤ ਹੁੰਦਾ ਹੈ। ਜਦੋਂ ਸਾਡਾ ਕੋਈ ਵੈਰੀ ਨਹੀਂ, ਬਿਗਾਨਾ ਨਹੀਂ ਤਾਂ ਅਸੀਂ ਕਿਹੜੇ ਦੁਸ਼ਮਣਾਂ ਦਾ ਨਾਸ਼ ਕਰਨਾ ਹੈ ਤੇ ਜੇ ਸਾਡਾ ਦੁਸ਼ਮਣ ਕੋਈ ਨਹੀਂ, ਫਿਰ ਮੁਕੱਦਮਾ ਕਿਸ ਪਾਸੋਂ ਜਿੱਤਣਾ ਹੈ:

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥** *(ਪੰਨਾ 1299)*

**ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥**

*(ਪੰਨਾ 266)*

ਅਸੀਂ ਵਾਹਿਗੁਰੂ ਨਾਲ ਪ੍ਰੇਮ ਕਰਨਾ ਹੈ ਅਤੇ ਦੁਖ ਸੁਖ ਨੂੰ ਉਸਦੀ ਦਾਤ ਸਮਝਣਾ ਹੈ ਕਿਉਂਕਿ ਮਾਇਆ ਤੇ ਮੋਹ ਨਾਲ ਲਗਾਉ ਲਗਾਵਾਂਗੇ ਤਾਂ ਦੁਖ ਹੀ ਹੋਵੇਗਾ :

**ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ ॥**
**ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ ॥** *(ਪੰਨਾ 46)*

ਵਾਹਿਗੁਰੂ ਨਾਲ ਪ੍ਰੀਤ ਹੋਵੇ ਤਾਂ ਸਾਨੂੰ ਸੰਸਾਰਕ ਦੁੱਖਾਂ ਤੋਂ ਮੁਕਤੀ ਮਿਲ ਜਾਂਦੀ ਹੈ :

**ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥** *(ਪੰਨਾ 41)*

ਗੁਰਮਤਿ ਅੰਦਰ ਜੀਵ ਨੂੰ ਸੁਖੀ ਜੀਵਨ, ਤੇ ਜੀਵਨ ਮੁਕਤੀ ਲਈ ਸੌਖਾ ਮਾਰਗ ਦਰਸਾਇਆ ਗਿਆ ਹੈ। ਸਮੁੱਚੀ ਗੁਰਬਾਣੀ ਮਨੁੱਖਤਾ ਲਈ ਮਾਰਗ ਦਰਸ਼ਨ ਹੈ, ਬਸ ਲੋੜ ਹੈ ਸਾਨੂੰ ਗੁਰਬਾਣੀ ਸਮਝ ਕੇ ਪੜ੍ਹਨ ਦੀ, ਜੇ ਗੁਰਮਤਿ ਸੰਦੇਸ਼ ਪੱਲੇ ਬੰਨ੍ਹ ਲਈਏ ਤਾਂ ਸੰਕਟ ਮੋਚਨ ਜਾਂ ਗਿਣਤੀ ਮਿਣਤੀ ਦੇ ਸ਼ਬਦ ਰਟਨ ਮੰਤਰਾਂ ਦੇ ਵਹਿਮ ਤੋਂ ਛੁਟਕਾਰਾ ਮਿਲ ਜਾਵੇਗਾ। ਸਾਰੀ ਗੁਰਬਾਣੀ ਇੱਕੋ ਦਰਜਾ ਰੱਖਦੀ ਹੈ। ਇਹ ਤਾਂ ਚਲਾਕ ਲੋਕਾਂ ਨੇ ਵਹਿਮ ਪੈਦਾ ਕੀਤੇ ਹੋਏ ਹਨ ਕਿ ਫਲਾਣੀ ਬਾਣੀ ਦਾ ਇਹ ਫਲ ਹੈ, ਫਲਾਣੇ ਸ਼ਬਦ ਦਾ ਉਹ ਫਲ ਹੈ। ਅਸੀਂ ਸ਼ਬਦ ਵਿਚਾਰ ਨੂੰ ਮਹੱਤਤਾ ਦੇਣੀ ਹੈ ਤੇ ਸ਼ਬਦ ਦੀ ਵਿਚਾਰ ਨਾਲ ਗੁਰਮਤਿ ਬਾਰੇ ਸਪੱਸ਼ਟਤਾ ਹੋਵੇਗੀ। ਜੋ ਲੋਕ ਸੰਕਟ ਮੋਚਨ ਜਾਂ ਸ਼ਬਦਾਂ ਨੂੰ ਤੰਤਰ-ਮੰਤਰ ਦੇ ਰਟਨ ਵਾਂਗੂੰ ਜੁਗਤੀ ਦੱਸ ਕੇ ਲੁੱਟ-ਖਸੁੱਟ ਕਰ ਰਹੇ ਹਨ, ਉਨ੍ਹਾਂ ਪ੍ਰਤੀ ਗੁਰਬਾਣੀ ਦਾ ਫ਼ੁਰਮਾਣ :

**ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥** *(ਪੰਨਾ 1245)*

# ਗੁਰੂ ਦਰਬਾਰਾਂ ਅੰਦਰ ਧੂਫ, ਖ਼ੁਸ਼ਬੂ ਤੇ ਜੋਤਿ ਦਾ ਪ੍ਰਯੋਗ

ਜਿਥੋਂ ਤਕ ਧੂਫ ਜਾਂ ਧੂਪ ਦਾ ਪ੍ਰਯੋਗ ਹੈ, ਇਹ ਪੁਰਾਤਨ ਰੀਤ ਹੈ ਕਿ ਜਗ੍ਹਾ ਨੂੰ ਸੁਗੰਧਤ ਕਰਨ ਲਈ ਧੂਫ ਦੀ ਵਰਤੋਂ ਕੀਤੀ ਜਾਂਦੀ ਹੈ। ਅੱਜਕੱਲ੍ਹ ਤਾਂ ਬਣੀਆਂ ਬਣਾਈਆਂ ਅਗਰਬੱਤੀਆਂ ਹੁੰਦੀਆਂ ਹਨ, ਜਿਨ੍ਹਾਂ ਨਾਲ ਤਰ੍ਹਾਂ ਤਰ੍ਹਾਂ ਦੀਆਂ ਸੁਗੰਧੀਆਂ ਪੈਦਾ ਹੁੰਦੀਆਂ ਹਨ। ਪੁਰਾਣੇ ਸਮੇਂ ਵਿਚ ਵਿਸ਼ੇਸ਼ ਤੌਰ 'ਤੇ ਧੂਫ ਬਣਾਈ ਜਾਂਦੀ ਸੀ ਤੇ ਉਸ ਵਿਚ ਘੀ ਵੀ ਪੈਂਦਾ ਸੀ ਤੇ ਅੱਗ 'ਤੇ ਪਾਉਣ ਨਾਲ ਉਸਦਾ ਧੂੰਆਂ ਗਾੜ੍ਹਾ ਹੁੰਦਾ ਸੀ। ਬੰਦ ਮਕਾਨਾਂ ਵਿਚ ਅਜੇਹੀ ਧੂਫ ਸਮੱਗਰੀ ਦਾ ਧੂੰਆਂ ਸਹਿਣ ਕਰਨਾ ਵੀ ਅਸੰਭਵ ਹੁੰਦਾ ਹੈ। ਇਨ੍ਹਾਂ ਵਸਤੂਆਂ ਦੇ ਪ੍ਰਯੋਗ ਸਮੇਂ ਕੋਈ ਮਾੜੀ ਭਾਵਨਾ ਨਹੀਂ ਹੁੰਦੀ, ਸਗੋਂ ਜਿਆਦਾਤਰ ਸ਼ਰਧਾ ਹੀ ਵਧੀਕ ਹੁੰਦੀ ਹੈ, ਜਾਂ ਪ੍ਰੰਪਰਾ ਹੀ ਬਣਾ ਲਈ ਕਿ ਧੂਫ ਤੋਂ ਬਿਨਾਂ ਸਮਾਗਮ ਜਾਂ ਪਾਠ ਦੇ ਮਹਾਤਮ ਵਿਚ ਕਿਤੇ ਘਾਟ ਹੀ ਨਾ ਰਹਿ ਜਾਏ। ਅੱਜਕੱਲ੍ਹ ਤਰ੍ਹਾਂ ਤਰ੍ਹਾਂ ਦੇ ਖ਼ੁਸ਼ਬੂਦਾਰ ਤੇਲ ਹੁੰਦੇ ਹਨ, ਉਨ੍ਹਾਂ ਨੂੰ ਬਿਜਲੀ ਦੇ ਪਲੱਗਾਂ ਵਿਚ ਪਾ ਦੇਈਦਾ ਹੈ ਤੇ ਘੱਟੋ ਘੱਟ ਇਕ ਮਹੀਨਾ ਖ਼ੁਸ਼ਬੂ ਦਿੰਦੇ ਰਹਿੰਦੇ ਹਨ। ਜਿਵੇਂ ਧੂਫ ਜਾਂ ਅਗਰਬੱਤੀ ਦਾ ਧੂੰਆਂ ਹਰ ਇਕ ਨੂੰ ਮਾਫ਼ਕ ਨਹੀਂ ਹੁੰਦਾ, ਉਸੇ ਤਰ੍ਹਾਂ ਹੀ ਬਣੇ ਬਣਾਏ ਤੇਲ, ਜੋ ਪਲੱਗਾਂ ਵਿਚ ਫਿਟ ਹੁੰਦੇ ਹਨ, ਹਰ ਇਕ ਨੂੰ ਠੀਕ ਨਹੀਂ ਹੁੰਦੇ, ਜੇ ਮਕਾਨ ਛੋਟਾ ਹੈ ਜਾਂ ਜਿਥੇ ਖਿੜਕੀਆਂ ਘੱਟ ਹਨ, ਉਥੇ ਧੂਫ ਜਾਂ ਅਗਰਬੱਤੀ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ। ਜੇ ਕਰਨਾ ਹੈ ਤਾਂ ਪਹਿਲਾਂ ਪਤਾ ਹੋਵੇ ਕਿ ਕਿਸੇ ਨੂੰ ਸਾਹ ਦੀ ਬੀਮਾਰੀ ਤਾਂ ਨਹੀਂ ਜਾਂ ਧੂੰਏਂ ਵਿਚ ਬੈਠਣ ਤੋਂ ਕਿਸੇ ਨੂੰ ਕੋਈ ਤਕਲੀਫ਼ ਤਾਂ ਨਹੀਂ। ਸਾਨੂੰ ਪ੍ਰੰਪਰਾ ਹੀ ਨਹੀਂ ਬਣਾ ਲੈਣੀ ਚਾਹੀਦੀ ਕਿ ਧੂਫ ਲਗਾਉਣੀ ਹੀ ਹੈ। ਇਸ ਨਾਲ ਧਾਰਮਿਕ ਕਾਰਜ ਵਿਚ ਕੋਈ ਫ਼ਰਕ ਨਹੀਂ, ਪਰ ਜੇ ਅਸੀਂ ਧੱਕੇ ਨਾਲ ਅਜੇਹਾ ਕਰਮ ਕਰਦੇ ਹਾਂ ਜੋ ਕਿਸੇ ਨੂੰ ਤਕਲੀਫ਼ ਦਾ ਕਾਰਨ ਬਣੇ, ਤਾਂ ਇਹ ਸਗੋਂ ਅਧਰਮ ਹੋਵੇਗਾ ਜਾਂ ਮਨਮਤਿ।

ਇਕ ਦਿਨ ਦਾਸ ਨੂੰ ਕਿਸੇ ਦੇ ਘਰ ਸਮਾਗਮ ਵਿਚ ਜਾਣਾ ਪਿਆ। ਸੁਖਮਨੀ ਸਾਹਿਬ ਦਾ ਪਾਠ ਵੀ ਮੈਂ ਕਰ ਰਿਹਾ ਸੀ ਤੇ ਸ਼ਰਧਾਲੂ ਪਰਿਵਾਰ ਦੇ ਮੁਖੀ ਨੇ ਅਤਰ (ਖ਼ੁਸ਼ਬੂਦਾਰ ਤੇਲ) ਦਾ ਛਿੜਕਾਅ ਸ਼ੁਰੂ ਕਰ ਦਿੱਤਾ ਭਾਵ ਸਾਰਿਆਂ ਉੱਤੇ ਪਰਫਿਊਮ

ਛਿੜਕ ਦਿੱਤਾ। ਮੈਨੂੰ ਇਹ ਤਾਂ ਨਾ ਪਤਾ ਲੱਗਾ ਕਿ ਖ਼ੁਸ਼ਬੂਦਾਰ ਤੇਲ ਇਸਤਰੀਆਂ ਵਾਲਾ ਸੀ ਜਾਂ ਮਰਦਾਂ ਵਾਲਾ, ਪਰ ਉਸ ਨੇ ਤਕਰੀਬਨ ਮੇਰਾ ਸਾਹ ਹੀ ਰੋਕ ਦਿੱਤਾ। ਪਾਠ ਕਰਦਾ ਸੀ, ਬਸ ਰੌਲਾ ਹੀ ਨਾ ਪਾ ਸਕਿਆ, ਪਰ ਮੁਸ਼ਕਲ ਨਾਲ ਹੀ ਪਾਠ ਕੀਤਾ। ਇਸ ਤਰ੍ਹਾਂ ਖ਼ੁਸ਼ਬੂਦਾਰ ਤੇਲ ਛਿੜਕਣ ਦਾ ਰਿਵਾਜ ਪਤਾ ਨਹੀਂ ਕਦੋਂ ਪਿਆ, ਪਰ ਜ਼ਿਆਦਾਤਰ ਡੇਰਿਆਂ ਅੰਦਰ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਉੱਪਰ ਅਤੇ ਸੰਗਤ ਉਪਰ ਪਰਫਿਊਮ ਛਿੜਕਿਆ ਜਾਂਦਾ ਹੈ। ਇਸ ਤਰ੍ਹਾਂ ਕਰਨ ਦੀ ਪਰਪਾਟੀ ਠੀਕ ਨਹੀਂ ਕਿਉਂਕਿ ਇਹ ਖ਼ੁਸ਼ਬੂਦਾਰ ਤੇਲ ਸਿਹਤ ਪੱਖੋਂ ਠੀਕ ਨਹੀਂ। ਕੈਨੇਡਾ ਦੇ, ਵਿਸ਼ੇਸ਼ ਕਰਕੇ ਬੱਚਿਆਂ ਦੇ ਹਸਪਤਾਲਾਂ ਵਿਚ ਖ਼ੁਸ਼ਬੂਦਾਰ ਤੇਲ ਲਗਾ ਕੇ ਜਾਣ ਦੀ ਆਗਿਆ ਨਹੀਂ ਹੈ। ਭਾਵੇਂ ਖ਼ੁਸ਼ਬੂਦਾਰ ਚੀਜ਼ਾਂ ਦਾ ਪ੍ਰਯੋਗ ਜ਼ਿਆਦਾ ਹੁੰਦਾ ਹੈ, ਪਰ ਇਸਦਾ ਪ੍ਰਯੋਗ ਹਰ ਕੋਈ ਨਹੀਂ ਕਰ ਸਕਦਾ। ਕਈ ਲੋਕਾਂ ਨੂੰ ਅਜੇਹੀਆਂ ਚੀਜ਼ਾਂ ਤੋਂ ਨੁਕਸਾਨ ਹੁੰਦਾ ਹੈ। ਇਸ ਲਈ ਸਾਨੂੰ ਅਜਿਹੀਆਂ ਖ਼ੁਸ਼ਬੂਦਾਰ ਚੀਜ਼ਾਂ ਦਾ ਛਿੜਕਾਅ ਸੰਗਤਾਂ ਉੱਪਰ ਨਹੀਂ ਕਰਨਾ ਚਾਹੀਦਾ।

ਜਿਥੋਂ ਤਕ 'ਜੋਤਿ' ਜਗਾਉਣਾ ਹੈ, ਇਸਦਾ ਪਿਛੋਕੜ ਤਾਂ ਰੌਸ਼ਨੀ ਕਰਨ ਨਾਲ ਹੀ ਸੰਬੰਧਤ ਹੈ। ਜੋਤਿ ਘੀ ਜਾਂ ਘਿਓ ਪਾ ਕੇ ਜਗਾਈ ਜਾਂਦੀ ਹੈ। ਇਹ ਵੀ ਵਿਸ਼ਵਾਸ ਹੈ ਕਿ ਘਿਓ ਪਵਿੱਤਰ ਹੈ ਅਤੇ ਧਾਰਮਕ ਸਮਾਗਮਾਂ ਵਿਚ ਪਵਿੱਤਰ ਵਸਤੂ ਦਾ ਪ੍ਰਯੋਗ ਕਰਨ ਨਾਲ ਧਾਰਮਿਕ ਮਹੱਤਤਾ ਜ਼ਿਆਦਾ ਹੈ। ਅੱਜਕੱਲ੍ਹ ਰੌਸ਼ਨੀ ਦੇ ਆਧੁਨਿਕ ਸਾਧਨ ਹਨ ਪਰ ਜੋਤਿ ਜਗਾਉਣ ਨੂੰ ਇਕ ਪ੍ਰੰਪਰਾ ਹੀ ਬਣਾ ਲਿਆ ਗਿਆ ਹੈ ਅਤੇ ਧਾਰਮਿਕ ਪੱਖੋਂ ਜੋਤਿ ਜਗਾਉਣ ਦਾ ਕੋਈ ਮਹਾਤਮ ਨਹੀਂ ਹੈ। ਇਸ ਵਿਚ ਸਿੱਖ ਰਹਿਤ ਮਰਯਾਦਾ ਅੰਦਰ ਸਪੱਸ਼ਟ ਕਰ ਦਿੱਤਾ ਹੈ ਕਿ "ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀਂ...।" ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤਿ, ਨਲੀਏਰ ਆਦਿ ਰੱਖਣ ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮਤਿ ਹੈ।

ਅੱਜਕੱਲ੍ਹ ਕਈ ਅਜੇਹੇ ਬਾਬੇ ਹਨ, ਜੋ ਨਵੀਆਂ ਹੀ ਪਿਰਤਾਂ ਸ਼ੁਰੂ ਕਰਵਾ ਦਿੰਦੇ ਹਨ। ਜਿਵੇਂ ਉਹ ਸ਼ਰਧਾਲੂਆਂ ਨੂੰ ਆਖਣਗੇ ਕਿ ਪਾਠ ਕਰਨ ਸਮੇਂ ਜੋਤਿ ਜ਼ਰੂਰ ਜਗਾਉਣੀ ਚਾਹੀਦੀ ਹੈ। ਇਹ ਤਾਂ ਸ਼ਾਇਦ ਉਹੀ ਦੱਸ ਸਕਣਗੇ ਕਿ ਕੀ ਜੋਤਿ ਜਗਾਉਣ ਜਾਂ ਜੋਤਿ ਜਗਾ ਕੇ ਪਾਠ ਕਰਨ ਦਾ ਕੋਈ ਅਧਿਕ ਫਲ ਹੈ ਜਾਂ ਕੋਈ ਹੋਰ ਅਧਿਆਤਮਕ ਪੱਖੋਂ ਲਾਭ ਹੈ ?

ਅੰਤ 'ਚ ਇਹੀ ਬੇਨਤੀ ਹੈ ਕਿ ਸਾਨੂੰ ਬਿਨਾਂ ਸੋਚੇ ਸਮਝੇ ਜਾਂ ਦੇਖਾ-ਦੇਖੀ ਕੋਈ ਗੱਲ ਨਹੀਂ ਕਰਨੀ ਚਾਹੀਦੀ। ਧੂਫ ਲਗਾਉਣੀ ਜਾਂ ਵਾਤਾਵਰਨ ਨੂੰ ਸੁਗੰਧਤ ਕਰਨਾ ਕੋਈ ਮਾੜਾ ਨਹੀਂ, ਪਰ ਜੇ ਅਸਥਾਨ ਸਾਫ਼ ਹੈ ਅਤੇ ਹਵਾਦਾਰ ਹੈ ਤਾਂ ਕੋਈ ਧੂਫ ਜਾਂ ਅਗਰਬੱਤੀ ਦੀ ਲੋੜ ਨਹੀਂ। ਖ਼ਾਸ ਕਰਕੇ ਸੈਂਟ (ਅਤਰ) ਆਦਿ ਦਾ ਛਿੜਕਣਾ ਠੀਕ ਨਹੀਂ। ਬਹੁਤ ਲੋਕਾਂ ਨੂੰ ਸੈਂਟ ਆਦਿ ਦੀ ਖ਼ੁਸ਼ਬੂ ਮੁਆਫ਼ਿਕ ਨਹੀਂ ਜਾਂ ਰਾਸ ਨਹੀਂ

ਆਉਂਦੀ। ਜਿਥੋਂ ਤਕ ਘਿਓ ਦੀ ਜੋਤਿ ਜਗਾਉਣ ਦੀ ਰੀਤ ਹੈ, ਇਹ ਕੋਈ ਧਰਮ ਦਾ ਕਰਮ ਨਹੀਂ ਜਾਂ ਸਮਾਗਮ ਦੀ ਪਵਿੱਤ੍ਰਤਾ ਲਈ ਨਹੀਂ। ਸਾਡੇ ਲੋਕਾਂ ਅੰਦਰ ਦੁੱਧ ਜਾਂ ਘਿਓ ਨੂੰ ਪਵਿੱਤਰ ਵਸਤੂਆਂ ਮੰਨਿਆ ਜਾਂਦਾ ਸੀ, ਅਤੇ ਘਿਓ ਦੀ ਜੋਤਿ ਜਗਾਉਣ ਦਾ ਅਸਲ ਮੰਤਵ ਰੌਸ਼ਨੀ ਹੀ ਸੀ, ਪਰ ਹੁਣ ਇਸਨੂੰ ਜਗਾਉਣਾ, ਇਕ ਦੇਖਾ-ਦੇਖੀ ਦੀ ਪ੍ਰੰਪਰਾ ਹੈ, ਹੋਰ ਕੁਝ ਨਹੀਂ। ਸਾਨੂੰ ਨਵੇਂ ਨਵੇਂ ਵਹਿਮ ਨਹੀਂ ਪੈਦਾ ਕਰਨੇ ਚਾਹੀਦੇ, ਸਗੋਂ ਗੁਰਮਤਿ ਦੀ ਰੌਸ਼ਨੀ ਵਿਚ ਬੇਲੋੜੀਆਂ ਰਸਮਾਂ ਜਾਂ ਰੀਤਾਂ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ।

# ਨਿਸ਼ਾਨ ਸਾਹਿਬ ਅਤੇ ਇਸ ਦੀ ਸੇਵਾ ਪ੍ਰਤਿ ਵਹਿਮ

ਸਿੱਖਾਂ ਦੇ ਤਿਕੋਣੇ ਝੰਡੇ ਦਾ ਨਾਮ ਨਿਸ਼ਾਨ ਸਾਹਿਬ ਹੈ, ਜਿਸਦਾ ਰੰਗ ਕੇਸਰੀ ਜਾਂ ਬਸੰਤੀ ਹੁੰਦਾ ਹੈ। ਨਿਸ਼ਾਨ ਦੇ ਅੱਖਰੀ ਅਰਥ ਚਿੰਨ੍ਹ, ਝੰਡਾ ਜਾਂ ਧ੍ਵਜ ਹੈ ਅਤੇ ਇਸਦੇ ਹੋਰ ਅਰਥ ਸ਼ਾਹੀ ਫ਼ੁਰਮਾਨ ਤੇ ਲੱਛਣ ਵੀ ਹਨ। ਸੰਸਾਰ ਅੰਦਰ ਆਜ਼ਾਦ ਮੁਲਕਾਂ ਦੇ ਆਪਣੇ ਆਪਣੇ ਝੰਡੇ ਹੁੰਦੇ ਹਨ ਅਤੇ ਵੱਖ ਵੱਖ ਦੇਸ਼ਾਂ ਦੇ ਭਾਂਤ ਭਾਂਤ ਦੇ ਰੰਗ ਅਤੇ ਝੰਡੇ ਉੱਪਰ ਆਪਣੀ ਵਿਲੱਖਣ ਪਹਿਚਾਣ ਲਈ ਚਿੰਨ੍ਹ ਵੀ ਲਗਾਏ ਹੁੰਦੇ ਹਨ। ਕਈ ਦੇਸ਼ਾਂ ਦੇ ਝੰਡਿਆਂ ਦਾ ਰੰਗ, ਉਥੋਂ ਦੇ ਧਰਮ ਵੱਲੋਂ ਪਰਵਾਨਤ ਵਿਸ਼ੇਸ਼ ਰੰਗ ਅਨੁਸਾਰ ਹੁੰਦਾ ਹੈ, ਜਿਵੇਂ ਮੁਸਲਮਾਨਾਂ ਦੇ ਦੇਸ਼ ਦਾ ਝੰਡਾ ਹਰੇ ਰੰਗ ਦਾ ਜਾਂ ਉਸ ਵਿਚ ਹਰੇ ਰੰਗ ਨੂੰ ਸ਼ਾਮਲ ਕੀਤਾ ਹੋਵੇਗਾ। ਅਮਰੀਕਾ ਦੇ ਝੰਡੇ ਵਿਚ ਪੰਜਾਹ ਤਾਰੇ ਅਮਰੀਕਾ ਦੇ ਪੰਜਾਹ ਸੂਬਿਆਂ ਦਾ ਸੰਕੇਤ ਹਨ। ਯੂ.ਐਨ.ਓ. ਦਾ ਝੰਡਾ ਚਿੱਟੇ ਰੰਗ ਦਾ ਹੈ ਕਿਉਂਕਿ ਚਿੱਟਾ ਰੰਗ ਸ਼ਾਂਤੀ ਦਾ ਪ੍ਰਤੀਕ ਹੈ।

ਸਿੱਖ ਕੌਮ ਦੇ ਨਿਸ਼ਾਨ ਸਾਹਿਬ ਦੇ ਇਤਿਹਾਸ ਸੰਬੰਧੀ ਕੋਈ ਜ਼ਿਆਦਾ ਸਮੱਗਰੀ ਉਪਲਬਧ ਨਹੀਂ ਹੈ। ਪ੍ਰਿੰਸੀਪਲ ਸਤਿਬੀਰ ਸਿੰਘ ਜੀ *ਪ੍ਰਾਚੀਨ ਪੰਥ ਪ੍ਰਕਾਸ਼* ਦਾ ਹਵਾਲਾ ਦੇ ਕੇ ਆਖਦੇ ਹਨ, ਕਿ ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਦਾ ਕੇਸਰੀ ਨਿਸ਼ਾਨ ਸੱਚਖੰਡ 'ਤੇ ਝੂਲਦਾ ਡਿੱਠਾ ਸੀ ਅਤੇ ਉਥੋਂ ਹੀ ਪੰਥ ਲਈ ਲਿਆਂਦਾ। ਉਪਰੋਕਤ ਗੱਲ ਕੋਈ ਇਤਿਹਾਸਕ ਤੱਥ ਨਹੀਂ, ਸਗੋਂ ਹਾਸੋ-ਹੀਣੀ ਹੈ। ਕਿਹੜਾ ਸੱਚਖੰਡ ? ਕੀ ਕੋਈ ਹੋਰ ਧਰਤੀ ਵਾਂਗ ਸੱਚਖੰਡ ਹੈ ? ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਸਭ ਤੋਂ ਪਹਿਲਾਂ ਨਿਸ਼ਾਨ ਸਾਹਿਬ ਸੰਮਤ 1665 ਵਿਚ ਅਕਾਲ ਬੁੰਗੇ ਦੇ ਉੱਪਰ ਗੁਰੂ ਹਰਿਗੋਬਿੰਦ ਸਾਹਿਬ ਨੇ ਚੜ੍ਹਾਇਆ। ਇਸਦਾ ਪਹਿਲਾ ਨਾਂਵ ਅਕਾਲ ਧ੍ਵਜ ਸੀ। ਉਸ ਪਿੱਛੋਂ ਭੰਗੀ ਮਿਸਲ ਦੇ ਜੱਥੇਦਾਰ ਸਰਦਾਰ ਝੰਡਾ ਸਿੰਘ ਨੇ ਸੰਮਤ 1829 ਵਿਚ ਹਰਿਮੰਦਰ ਸਾਹਿਬ 'ਤੇ ਨਿਸ਼ਾਨ ਸਾਹਿਬ ਲਗਾਇਆ। ਸੰਮਤ 1833 ਵਿਚ ਬਾਵਾ ਸੰਤੋਖ ਦਾਸ ਅਤੇ ਪ੍ਰੀਤਮ ਦਾਸ ਉਦਾਸੀ ਸਾਧੂਆਂ ਨੇ ਦੋ ਵੱਡੇ ਉੱਚੇ ਨਿਸ਼ਾਨ, ਇਕ ਹਰਿਮੰਦਰ ਸਾਹਿਬ ਲਈ ਤੇ ਦੂਜਾ ਅਕਾਲ ਬੁੰਗੇ ਲਈ, ਦਰਸ਼ਨੀ ਡਿਓੜੀ ਵਿਖੇ ਅਕਾਲ ਬੁੰਗੇ ਦੇ ਸਾਹਮਣੇ ਖੜੇ ਕੀਤੇ। *(ਗੁਰਮਤਿ ਮਾਰਤੰਡ)* ਪਿੱਛੋਂ ਸਰਦਾਰ ਦੇਸਾ ਸਿੰਘ ਮਜੀਠੀਆ ਨੇ ਲੱਕੜੀ ਦੇ ਬਣੇ ਨਿਸ਼ਾਨ ਸਾਹਿਬ ਦੀ ਥਾਂ ਲੋਹੇ ਦੇ ਨਿਸ਼ਾਨ ਸਾਹਿਬ ਲਗਾ ਦਿੱਤੇ ਅਤੇ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਨੇ ਨਿਸ਼ਾਨ ਸਾਹਿਬ ਭੇਟ ਕੀਤਾ।

ਖ਼ਾਲਸਾ ਪੰਥ ਦੇ ਨਿਸ਼ਾਨ ਸਾਹਿਬ ਦੇ ਉੱਤੇ ਖੜਗ ਦਾ ਚਿੰਨ੍ਹ ਹੋਇਆ ਕਰਦਾ

ਹੈ ਅਤੇ ਫਰਹਰਾ ਬਸੰਤੀ ਰੰਗ ਦਾ ਹੁੰਦਾ ਹੈ। *(ਮਹਾਨ ਕੋਸ਼)* ਖੰਡਾ ਜਾਂ ਖੜਗ ਦੇ ਚਿੰਨ੍ਹਾਂ ਦੀ ਵੀ ਮਹੱਤਤਾ ਹੈ ਅਤੇ ਇਹ ਚਿੰਨ੍ਹ ਮੀਰੀ-ਪੀਰੀ ਦਾ ਪ੍ਰਤੀਕ ਹਨ। ਕਈ ਵਾਰ ਫਰਹਰਾ ਉੱਪਰ ੴ ਦਾ ਨਿਸ਼ਾਨ ਵੀ ਹੁੰਦਾ ਹੈ, ਜੋ ਪਰਮਾਤਮਾ ਦੀ ਏਕਤਾ ਦਾ ਸੰਕੇਤ ਦਿੰਦਾ ਹੈ। ਜਿਥੋਂ ਤਕ ਬਸੰਤੀ ਜਾਂ ਕੇਸਰੀ ਰੰਗ ਦੀ ਵਿਆਖਿਆ ਹੈ, ਉਸ ਵਿਚ ਇਕਸਾਰਤਾ ਨਹੀਂ ਹੈ। ਕਈ ਇਸ ਰੰਗ ਨੂੰ ਮੌਸਮੀ ਰੰਗ ਦੱਸਦੇ ਹਨ ਜੋ ਕਿ ਖ਼ੁਸ਼ੀ ਤੇ ਬਹਾਰ ਦਾ ਪ੍ਰਗਟਾਵਾ ਹੈ, ਦੂਸਰਾ ਕੇਸਰੀ ਰੰਗ ਨੂੰ ਹਿੰਦੂ ਤੇ ਸਿੱਖ, ਕੁਰਬਾਨੀ ਦਾ ਰੰਗ ਦੱਸਦੇ ਹਨ।

ਗੁਰਮਤਿ ਅਨੁਸਾਰ ਸਾਨੂੰ ਰੰਗਾਂ ਦੇ ਭਾਵ-ਅਰਥਾਂ ਵਿਚ ਨਹੀਂ ਪੈਣਾ ਚਾਹੀਦਾ। ਪੰਥ ਦੇ ਉਸਰਈਆਂ ਨੇ ਜੋ ਪ੍ਰੰਪਰਾ ਸਥਾਪਤ ਕਰ ਦਿੱਤੀ, ਉਸ ਉੱਤੇ ਫੁੱਲ ਚੜ੍ਹਾਉਣਾ ਸਾਡਾ ਫ਼ਰਜ਼ ਹੈ, ਪਰ ਜੋ ਪ੍ਰੰਪਰਾ ਦੇਖਾ-ਦੇਖੀ ਹੀ ਚਲਾਈ ਗਈ ਹੋਵੇ, ਉਸ ਬਾਰੇ ਚੀਰ-ਫਾੜ ਕਰਨੀ ਵੀ ਜ਼ਰੂਰੀ ਹੈ।

ਹਰ ਮੁਲਕ ਅੰਦਰ ਝੰਡੇ ਦਾ ਸਤਿਕਾਰ ਹੈ ਅਤੇ ਫ਼ੌਜੀ ਪਰੇਡ ਵੇਲੇ ਜਾਂ ਖੇਡ ਸਮਾਰੋਹ ਸਮੇਂ ਝੰਡੇ ਨੂੰ ਸਲਾਮੀ ਦਿੱਤੀ ਜਾਂਦੀ ਹੈ। ਇਹ ਪ੍ਰੰਪਰਾ ਹਰ ਦੇਸ਼ ਦੀ ਆਪਣੀ ਆਪਣੀ ਹੈ। ਜੇਕਰ ਕਿਸੇ ਦੇਸ਼ ਦੇ ਝੰਡੇ ਨੂੰ ਸਾੜਿਆ ਜਾਵੇ ਜਾਂ ਰੋਲਿਆ ਜਾਵੇ ਤਾਂ ਉਹ ਕਨੂੰਨ ਅਨੁਸਾਰ ਦੋਸ਼ੀ ਸਮਝੇ ਜਾਂਦੇ ਹਨ ਭਾਵੇਂ ਅੱਜ ਮੁਸਲਿਮ ਦੇਸ਼ਾਂ ਅੰਦਰ ਅਮਰੀਕਾ ਦੇ ਝੰਡੇ ਨੂੰ ਸ਼ਰੇਆਮ ਸਾੜਿਆ ਜਾਂਦਾ ਹੈ। ਇਸ ਤਰ੍ਹਾਂ ਕਰਨਾ, ਉਸ ਦੇਸ਼ ਦੇ ਹੁਕਮਰਾਨਾਂ ਨੂੰ ਚਿੜਾਉਣਾ ਹੈ ਅਤੇ ਪ੍ਰਗਟ ਕਰਨਾ ਹੈ ਕਿ ਉਸ ਦੇਸ਼ ਦੀ ਪ੍ਰਭੂਸੱਤਾ ਕਬੂਲ ਨਹੀਂ।

ਜਿਵੇਂ ਅਸੀਂ ਉਲੇਖ ਕੀਤਾ ਹੈ ਕਿ ਹਰ ਆਜ਼ਾਦ ਮੁਲਕ ਦਾ ਆਪਣਾ ਨਿਸ਼ਾਨ (ਝੰਡਾ) ਹੁੰਦਾ ਹੈ, ਪਰ ਗ਼ੁਲਾਮ ਮੁਲਕਾਂ ਪਾਸ ਝੰਡੇ ਦੀ ਅਣਹੋਂਦ ਹੁੰਦੀ ਹੈ। ਸਿੱਖ ਕੌਮ ਦਾ ਇਹ ਨਿਸ਼ਾਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸਥਾਪਤ ਹੋਇਆ, ਜਦੋਂ ਉਨ੍ਹਾਂ ਨੇ ਮੁਗ਼ਲ ਸਰਕਾਰ ਦੇ ਬਰਾਬਰ ਸ੍ਰੀ ਅਕਾਲ ਤਖ਼ਤ ਦੀ ਸਿਰਜਣਾ ਕੀਤੀ ਅਤੇ ਨਿਸ਼ਾਨ ਝੁਲਾਇਆ। ਇਹ ਮੁਗ਼ਲ ਸਾਮਰਾਜ ਪ੍ਰਤੀ ਬਹੁਤ ਵੱਡਾ ਵਿਦਰੋਹ ਸੀ, ਕਿਉਂਕਿ ਉਨ੍ਹਾਂ ਨੇ ਸਿੱਖ ਫ਼ੌਜ ਵੀ ਖੜੀ ਕੀਤੀ।

ਇਹ ਵੀ ਸਪੱਸ਼ਟ ਹੁੰਦਾ ਹੈ ਕਿ ਜਦੋਂ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਤੇ ਅਕਾਲ ਤਖ਼ਤ ਸਾਹਿਬ ਵਿਖੇ ਨਿਸ਼ਾਨ ਸਾਹਿਬ ਲਗਾਉਣ ਦੀ ਪ੍ਰੰਪਰਾ ਸ਼ੁਰੂ ਕਰ ਦਿੱਤੀ ਤਾਂ ਸਮੂਹ ਸਿੱਖ ਗੁਰਦੁਆਰਿਆਂ ਵਿਖੇ ਨਿਸ਼ਾਨ ਸਾਹਿਬ ਲਗਾਉਣ ਦੀ ਮਰਯਾਦਾ ਬਣ ਗਈ। ਇਹ ਤਿਕੋਣਾ ਤੇ ਵਿਲੱਖਣ ਨਿਸ਼ਾਨ ਸਾਹਿਬ ਸਿੱਖ ਕੌਮ ਦਾ ਹੈ ਅਤੇ ਗੁਰੂ ਕਾਲ ਅੰਦਰ ਇਕ ਆਜ਼ਾਦ ਕੌਮ ਦੇ ਪ੍ਰਤੀਕ ਵਜੋਂ ਨਿਸ਼ਾਨ ਸਾਹਿਬ ਬਣਿਆ। ਪਿੱਛੋਂ ਬੰਦਾ ਸਿੰਘ ਬਹਾਦਰ ਨੇ ਸਿੱਖ ਰਾਜ ਦੀ ਨੀਂਹ ਰੱਖੀ ਤੇ ਨਿਸ਼ਾਨ ਝੁਲਾ ਦਿੱਤਾ। ਮਿਸਲਾਂ ਦੇ ਰਾਜ ਸਮੇਂ ਇਕ ਮਿਸਲ ਨਿਸ਼ਾਨਵਾਲੀ ਸੀ, ਜਿਸ ਦਾ ਮੁਖ ਕਰਤੱਵ ਜਿੱਤ ਪ੍ਰਾਪਤੀ ਪਿੱਛੋਂ ਨਿਸ਼ਾਨ ਝੁਲਾਉਣਾ ਸੀ। ਭਾਵੇਂ ਸਿੱਖ ਰਾਜ ਨਹੀਂ ਰਿਹਾ ਪਰ ਬਤੌਰ ਸਿੱਖ ਕੌਮ ਸਾਡੇ ਪਾਸ ਨਿਸ਼ਾਨ ਸਾਹਿਬ ਹੈ ਜੋ ਕਿ ਧਰਮ ਦੀ ਵਿਲੱਖਣਤਾ ਨੂੰ ਵੀ ਪ੍ਰਗਟ ਕਰਦਾ ਹੈ। ਜਦੋਂ ਨਗਰ ਕੀਰਤਨ ਹੁੰਦੇ ਹਨ, ਉਨ੍ਹਾਂ ਦੇ ਅੱਗੇ ਪੰਜ ਨਿਸ਼ਾਨ

ਸਾਹਿਬ ਹੁੰਦੇ ਹਨ। ਪੰਥਕ ਤੌਰ 'ਤੇ ਸਮੂਹ ਗੁਰਦੁਆਰਿਆਂ ਅੰਦਰ ਨਿਸ਼ਾਨ ਸਾਹਿਬ ਲੱਗਿਆ ਹੋਣਾ ਚਾਹੀਦਾ ਹੈ ਤੇ 'ਸਿੱਖ ਰਹਿਤ ਮਰਯਾਦਾ' ਅੰਦਰ ਅੰਕਤ ਹੈ :

> "ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ 'ਤੇ ਲੱਗਿਆ ਹੋਣਾ ਚਾਹੀਦਾ ਹੈ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰ 'ਤੇ ਸਰਬਲੋਹ ਦਾ ਖੰਡਾ ਜਾਂ ਭਾਲਾ ਹੋਣਾ ਚਾਹੀਦਾ ਹੈ।"

ਅੱਜ ਹੈਰਾਨ ਹੁੰਦੇ ਹਾਂ, ਜਦੋਂ ਕਈ ਡੇਰੇਦਾਰ ਪੰਥ ਦੀ ਉੱਚਤਾ ਦੇ ਪ੍ਰਤੀਕ ਨਿਸ਼ਾਨ ਸਾਹਿਬ ਨੂੰ ਲਗਾਉਣਾ ਪਸੰਦ ਨਹੀਂ ਕਰਦੇ। ਉਨ੍ਹਾਂ ਨੂੰ ਦ੍ਰਿੜ੍ਹ ਹੋਣਾ ਚਾਹੀਦਾ ਹੈ ਕਿ ਜੇਕਰ ਉਹ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ ਤੇ ਸਿੱਖੀ ਸਰੂਪ ਰੱਖਦੇ ਹਨ, ਤਾਂ ਫਿਰ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੇ ਇਸ ਵਿਲੱਖਣ ਨਿਸ਼ਾਨ ਸਾਹਿਬ ਨੂੰ ਕਿਉਂ ਨਹੀਂ ਲਗਾਉਂਦੇ ? ਪਿੱਛੇ ਜਿਹੇ ਇਸ ਸੰਬੰਧ ਵਿਚ ਸ੍ਰੀ ਅੰਮ੍ਰਿਤਸਰ ਤੋਂ ਵਿਸ਼ੇਸ਼ ਹੁਕਮ ਵੀ ਹੋਇਆ ਕਿ ਸਾਰੇ ਗੁਰਦੁਆਰਿਆਂ ਅੰਦਰ 'ਨਿਸ਼ਾਨ ਸਾਹਿਬ' ਹੋਣਾ ਜ਼ਰੂਰੀ ਹੈ।

ਇਸ ਨਿਸ਼ਾਨ ਸਾਹਿਬ ਦੀ ਲੰਬਾਈ ਜਾਂ ਮੋਟਾਈ ਪ੍ਰਤਿ ਕੋਈ ਸਥਾਪਤ ਪ੍ਰੰਪਰਾ ਨਹੀਂ ਹੈ। ਕਈ ਥਾਈਂ ਨਿਸ਼ਾਨ ਸਾਹਿਬ 50 ਜਾਂ 101 ਫ਼ੁਟ ਜਾਂ 125 ਫ਼ੁਟ ਉੱਚੇ ਵੀ ਹਨ। ਇਸ ਦੀ ਉੱਚਾਈ ਮਿੱਥਣ ਲਈ ਸ਼ਹਿਰ ਦੇ ਕਨੂੰਨ ਜਾਂ ਕਾਇਦੇ ਅਨੁਸਾਰ ਚੱਲਣਾ ਪੈਂਦਾ ਹੈ। ਵਿਦੇਸ਼ਾਂ ਵਿਚ ਨਿਸ਼ਾਨ ਸਾਹਿਬ ਨੂੰ ਖੜਾ ਕਰਨ ਲਈ ਤਾਰਾਂ ਦੇ ਸਹਿਯੋਗ ਦੀ ਲੋੜ ਨਹੀਂ। ਨਵੇਂ ਹਾਇਡਰੋਲਿਕ ਸਿਸਟਮ ਨਾਲ 125 ਫ਼ੁਟ ਨਿਸ਼ਾਨ ਸਾਹਿਬ ਨੂੰ ਥੱਲੇ ਕਰ ਦਿੱਤਾ ਜਾਂਦਾ ਹੈ ਤੇ ਖੜਾ ਕਰਨਾ ਵੀ ਸੌਖਾ ਹੈ ਤੇ ਕੋਈ ਹੋਰ ਤਾਰਾਂ ਨਹੀਂ ਲਗਾਈਆਂ ਜਾਂਦੀਆਂ। ਪਰ ਦੇਸ਼ ਅੰਦਰ ਪੁਰਾਣਾ ਸਿਸਟਮ ਹੈ, ਜਿਸ 'ਤੇ ਫਰਹਰਾ ਚੜ੍ਹਾਉਣ ਲਈ ਕੋਈ ਵਿਸ਼ੇਸ਼ ਵਿਅਕਤੀ ਚੜ੍ਹਦਾ ਹੈ। ਇਹ ਕਾਰਜ ਬਹੁਤ ਔਖਾ ਹੈ ਤੇ ਕਈਆਂ ਨੇ ਸੱਟਾਂ ਵੀ ਖਾਧੀਆਂ ਹੋਣਗੀਆਂ। ਸਾਨੂੰ ਸਾਰੀਆਂ ਥਾਵਾਂ 'ਤੇ ਨਵੇਂ ਸਿਸਟਮ ਅਨੁਸਾਰ ਨਿਸ਼ਾਨ ਸਾਹਿਬ ਲਗਾਉਣੇ ਚਾਹੀਦੇ ਹਨ, ਜਿਸ ਨਾਲ ਨਿਸ਼ਾਨ ਸਾਹਿਬ 'ਤੇ ਵਸਤਰ ਜਾਂ ਫਰਹਰਾ ਚੜ੍ਹਾਉਣਾ ਆਸਾਨ ਹੋ ਸਕੇ।

ਇਹ ਪਹਿਲਾਂ ਦੱਸਿਆ ਗਿਆ ਹੈ ਕਿ ਹਰ ਦੇਸ਼ ਦੇ ਦੇਸ਼ਵਾਸੀਆਂ ਨੂੰ ਕੌਮੀ ਝੰਡੇ ਦਾ ਗੌਰਵ ਹੁੰਦਾ ਹੈ ਤੇ ਉਸ ਝੰਡੇ ਨੂੰ ਝੂਲਦਾ ਰੱਖਣ ਲਈ ਕੁਰਬਾਨੀਆਂ ਦਿੱਤੀਆਂ ਜਾਂਦੀਆਂ ਹਨ ਕਿਉਂਕਿ ਝੰਡਾ ਦੇਸ਼ ਦੀ ਪ੍ਰਭੁਸੱਤਾ ਦਾ ਪ੍ਰਤੀਕ ਹੈ, ਆਜ਼ਾਦੀ ਦਾ ਚਿੰਨ੍ਹ ਹੈ। ਮੈਂ ਛੋਟਾ ਹੁੰਦਾ ਆਪਣੇ ਪਿੰਡ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਦੀ ਉੱਚਤਾ ਅਤੇ ਦੂਰੋਂ ਉਸਨੂੰ ਸਿਰ ਵੀ ਝੁਕਾ ਦਿੰਦਾ ਸੀ। ਪਰ ਨਿਸ਼ਾਨ ਸਾਹਿਬ 'ਤੇ ਕਦੀ ਵਸਤਰ ਨਹੀਂ ਪਹਿਨਾਏ ਗਏ। ਉਸਦੀ ਲੰਬਾਈ ਵੀ ਸੁਣਦਾ ਸਾਂ ਕਿ 101 ਫ਼ੁਟ ਹੈ। ਉਸ ਸਮੇਂ ਬਹੁਤ ਬੀਬੀਆਂ ਨੂੰ ਨਿਸ਼ਾਨ ਸਾਹਿਬ ਨੂੰ ਮੱਥਾ ਟੇਕਦੇ ਵੀ ਦੇਖਿਆ ਤੇ ਨਾਲ ਹੀ ਪੈਸੇ ਵੀ ਚੜ੍ਹਦੇ ਸਨ। ਸਾਡੇ ਸਕੂਲ ਦੇ ਅਧਿਆਪਕ ਆਖਦੇ ਹੁੰਦੇ ਸਨ ਕਿ ਨਿਸ਼ਾਨ ਸਾਹਿਬ 'ਤੇ ਪੈਸੇ ਨਾ ਚੜ੍ਹਾਇਆ ਕਰੋ, ਪਰ ਸ਼ਰਧਾਲੂ ਲੋਕ ਕਦੋਂ ਕਿਸੇ ਦੀ ਸੁਣਦੇ ਹਨ।

ਜਿਵੇਂ ਮੈਂ ਪਹਿਲਾਂ ਕਿਸੇ ਲੇਖ 'ਚ ਇਸ ਬਾਰੇ ਉਲੇਖ ਕਰ ਦਿੱਤਾ ਹੈ ਕਿ ਮੇਰੇ ਨਗਰ ਦੇ ਗੁਰਦੁਆਰਾ ਸਾਹਿਬ ਵਿਚ ਕਿਸੇ ਗੁਰਪੁਰਬ ਉੱਤੇ ਨਿਸ਼ਾਨ ਸਾਹਿਬ ਦੀ ਸੇਵਾ ਹੋਈ ਸੀ। ਸੇਵਾ ਤੋਂ ਭਾਵ ਨਵਾਂ ਫਰਹਰਾ ਤੇ ਵਸਤਰ ਚੜ੍ਹਾਉਣੇ ਸਨ। ਇਸ ਕਾਰਜ ਲਈ ਦੁੱਧ ਦੀ ਬਾਲਟੀ ਆਈ ਤੇ ਪਿੰਡ ਦੇ ਸਰਪੰਚ ਸਾਹਿਬ ਨੇ ਕਿਹਾ ਕਿ ਨਿਸ਼ਾਨ ਸਾਹਿਬ ਦਾ ਦੁੱਧ ਨਾਲ ਇਸ਼ਨਾਨ ਕਰਾਉਣਾ ਹੈ। ਉਸ ਸਮੇਂ ਉਥੇ ਕਈ ਬੱਚੇ ਅੱਧ-ਕੱਜੇ ਸਰੀਰਾਂ ਨਾਲ ਖੜ੍ਹੇ ਸਨ ਤੇ ਉਨ੍ਹਾਂ ਦੇ ਪੈਰੀਂ ਜੁੱਤੀਆਂ ਵੀ ਨਹੀਂ ਸਨ। ਮੈਂ ਇਸ਼ਨਾਨ ਪ੍ਰਤਿ ਕੋਈ ਕਿੰਤੂ ਨਾ ਕੀਤਾ ਤੇ ਕਿਹਾ ਕਿ ਤੁਸੀਂ ਇਤਨਾ ਦੁੱਧ ਬਰਬਾਦ ਨਾ ਕਰੋ, ਜੇ ਇਸ਼ਨਾਨ ਕਰਾਉਣਾ ਹੀ ਹੈ ਤਾਂ ਕੱਚੀ ਲੱਸੀ ਬਣਾ ਕੇ ਕਰ ਦਿਓ ਤੇ ਬਾਕੀ ਸਮੁੰਦਰ ਇਨ੍ਹਾਂ ਗਰੀਬ ਤੇ ਭੁੱਖੇ ਬੱਚਿਆਂ ਨੂੰ ਛਕਾ ਦਿਓ। ਸਰਪੰਚ ਸਾਹਿਬ ਨੇ ਮੇਰੀ ਗੱਲ ਮੰਨ ਕੇ ਉਂਝ ਹੀ ਕੀਤਾ। ਉਥੇ ਪੰਜ ਪਿਆਰੇ ਵੀ ਨਹੀਂ ਸਨ।

ਸਾਡੀ ਕੌਮ 'ਚ ਇਹ ਨਵੀਂ ਪਰਪਾਟੀ ਹੈ ਕਿ ਨਿਸ਼ਾਨ ਸਾਹਿਬ ਦਾ ਦੁੱਧ ਨਾਲ ਇਸ਼ਨਾਨ ਕਰਾਓ ਤੇ ਫਰਹਰਾ ਚੜ੍ਹਾਉਣ ਤੇ ਵਸਤਰ ਪਹਿਨਾਉਣ ਸਮੇਂ ਪੰਜਾਂ ਪਿਆਰਿਆਂ ਦੀ ਮੌਜੂਦਗੀ ਹੋਣੀ ਵੀ ਨਵੀਂ ਪਿਰਤ ਹੈ ਜੋ ਗੁਰਮਤਿ ਦੇ ਅਨੁਕੂਲ ਤਾਂ ਨਹੀਂ ਲੱਗਦੀ, ਪਰ ਗੁਰਮਤਿ ਰੀਤਾਂ ਸਥਾਪਤ ਕਰਨ ਵਾਲੇ ਜਾਂ ਕਰਾਉਣ ਵਾਲੇ ਵੀ ਬਿਪਰਨ ਮਤ ਅਨੁਸਾਰ ਫ਼ੈਸਲੇ ਕਰੀ ਜਾ ਰਹੇ ਹਨ। ਪੜ੍ਹੇ-ਲਿਖੇ ਬੱਚੇ/ਬੱਚੀਆਂ ਤਾਂ ਸੋਚਣਗੇ ਕਿ ਇਹ ਸਿੱਖ ਪ੍ਰੰਪਰਾ ਹੈ ਕਿ ਤਖ਼ਤਪੋਸ਼ਾਂ ਤੇ ਲੋਹੇ ਦੇ ਨਿਸ਼ਾਨ ਸਾਹਿਬ ਦਾ ਦੁੱਧ ਨਾਲ ਇਸ਼ਨਾਨ ਕਰਾਇਆ ਜਾਵੇ ? ਸਾਨੂੰ ਗੁਰੂ ਸਾਹਿਬਾਨ ਨੇ ਅਕਾਲ ਦੇ ਪੁਜਾਰੀ ਬਣਾਇਆ ਸੀ ਤੇ ਨਿਰਗੁਣ ਪਰਮਾਤਮਾ ਦੀ ਬੰਦਗੀ ਲਈ ਪ੍ਰੇਰਿਆ ਸੀ। ਅਸੀਂ ਹੁਣ ਗੁਰਮਤਿ ਦੇ ਉਲਟ ਕਰਮ ਕਰੀ ਜਾ ਰਹੇ ਹਾਂ।

ਇਹ ਨਿਸ਼ਾਨ ਸਾਹਿਬ ਕੌਮੀ ਸਰਮਾਇਆ ਹੈ ਅਤੇ ਕਿਸੇ ਇਕ ਵਿਅਕਤੀ ਦਾ ਨਹੀਂ ਹੋ ਸਕਦਾ। ਪਰ ਅੱਜ ਨਵੀਂ ਬੀਮਾਰੀ ਫੈਲ ਰਹੀ ਹੈ ਕਿ ਲੋਕ ਆਪਣੇ ਵੱਲੋਂ ਪੈਸੇ ਦੇ ਕੇ ਨਿਸ਼ਾਨ ਸਾਹਿਬ ਬਣਵਾ ਦਿੰਦੇ ਹਨ ਤੇ ਪੱਥਰ ਵਿਚ ਆਪਣਾ ਨਾਂਵ ਲਿਖਵਾ ਦਿੰਦੇ ਹਨ ਕਿ ਇਹ ਨਿਸ਼ਾਨ ਸਾਹਿਬ ਫਲਾਣੇ ਪਰਿਵਾਰ ਨੇ ਬਣਵਾਇਆ। ਭਲੇ ਲੋਕੋ! ਅਸੀਂ ਦਾਨੀ ਕਿਵੇਂ ਹੋ ਸਕਦੇ ਹਾਂ ? ਇਸ ਨਿਸ਼ਾਨ ਸਾਹਿਬ ਲਈ ਲੱਖਾਂ ਕੁਰਬਾਨੀਆਂ ਦਿੱਤੀਆਂ, ਤਾਹੀਂ ਇਹ ਨਿਸ਼ਾਨ ਝੂਲ ਰਿਹਾ ਹੈ। ਸਾਨੂੰ ਗੁਰਮਤਿ ਸੰਬੰਧੀ ਸਪੱਸ਼ਟਤਾ ਦੀ ਲੋੜ ਹੈ ਤੇ ਗੁਰੂ ਘਰ ਦੇ ਫ਼ਰਸ਼ਾਂ ਨੂੰ ਤੇ ਨਿਸ਼ਾਨ ਸਾਹਿਬ ਨੂੰ ਦੁੱਧ ਨਾਲ ਧੋਣਾ ਕੋਈ ਪਵਿੱਤਰ ਕਰਮ ਨਹੀਂ, ਸਗੋਂ ਅਗਿਆਨਤਾ ਵਾਲਾ ਕਰਮ ਹੈ।

ਇਹ ਵੀ ਸਪੱਸ਼ਟ ਕਰਨਾ ਜ਼ਰੂਰੀ ਹੈ ਤਾਂ ਜੁ ਕਿਸੇ ਨੂੰ ਵਹਿਮ ਨਾ ਹੋਵੇ। ਜੇਕਰ ਨਿਸ਼ਾਨ ਸਾਹਿਬ ਜ਼ਿਆਦਾ ਉੱਚਾ ਹੈ ਤਾਂ ਉਸ ਨਾਲ ਕੋਈ ਜ਼ਿਆਦਾ ਮਹੱਤਤਾ ਨਹੀਂ ਹੈ। ਅੱਜ ਜਿਵੇਂ ਕੌਮ ਦਾ ਸਰਮਾਇਆ ਗੁਰਦੁਆਰਿਆਂ ਦੀਆਂ ਇਮਾਰਤਾਂ ਬਣਾ ਕੇ, ਗੁੰਬਦਾਂ 'ਤੇ ਸੋਨਾ ਲਗਾ ਕੇ ਜਾਂ ਵਿਸ਼ੇਸ਼ ਸੰਗਮਰਮਰ ਵਰਤ ਕੇ ਖ਼ਰਚ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਹੀ ਨਿਸ਼ਾਨ ਸਾਹਿਬਾਂ ਦੀ ਉੱਚਾਈ ਲਈ ਮੁਕਾਬਲਾ ਹੁੰਦਾ ਹੈ। ਅਸੀਂ ਕਈ ਵਾਰ ਨਿਸ਼ਾਨ ਸਾਹਿਬ ਉੱਪਰ ਕੀਮਤੀ ਵਸਤਰ ਚਾੜ੍ਹਦੇ ਹਾਂ, ਜਿਸਨੇ ਮੀਂਹ ਹਨੇਰੀ ਵਿਚ ਛੇਤੀ ਖ਼ਰਾਬ ਹੋ ਜਾਣਾ ਹੈ। ਸਾਨੂੰ ਗੁਰਮਤਿ ਦੇ ਪ੍ਰਚਾਰ ਦੇ ਖੇਤਰ ਵਿਚ ਮੁਕਾਬਲਾ

ਕਰਨਾ ਚਾਹੀਦਾ ਹੈ, ਨਾ ਕਿ ਗੁਰੂ-ਘਰਾਂ ਦੀਆਂ ਆਲੀਸ਼ਾਨ ਇਮਾਰਤਾਂ ਜਾਂ ਉੱਚੇ ਨਿਸ਼ਾਨ ਸਾਹਿਬਾਂ ਦਾ।

ਨਿਸ਼ਾਨ ਸਾਹਿਬ ਸਾਡੀ ਕੌਮ ਦੀ ਵਿਲੱਖਣ ਹਸਤੀ ਨੂੰ ਪ੍ਰਗਟ ਕਰਦਾ ਹੈ। ਤਾਹੀਓਂ ਅਸੀਂ ਅਰਦਾਸ ਵਿਚ ਇਤਿਹਾਸਕ ਵਿਰਸੇ ਲਈ ਜਿਸ ਵਿਚ ਚੌਕੀਆਂ, ਝੰਡੇ, ਬੁੰਗਿਆਂ ਨੂੰ ਜੁਗੋ ਜੁੱਗ ਅਟੱਲ ਰੱਖਣ ਦੀ ਜਾਚਨਾ ਨਿੱਤ ਕਰਦੇ ਹਾਂ। ਖ਼ਾਲਸਈ ਵਿਰਸੇ ਦੀ ਗੌਰਵਤਾ ਲਈ ਸਾਨੂੰ ਗੁਰਮਤਿ ਦੇ ਪ੍ਰਚਾਰ ਦੇ ਨਾਲ ਨਾਲ ਗੁਰਮਤਿ ਦੀ ਸਪੱਸ਼ਟਤਾ ਵੀ ਹੋਣੀ ਜ਼ਰੂਰੀ ਹੈ।

# ਪ੍ਰਚਾਰਕਾਂ ਵੱਲੋਂ ਗੁਰਬਾਣੀ ਦੀ ਅਢੁਕਵੀਂ ਵਰਤੋਂ

ਸਾਡੇ ਲਈ "ਬਾਣੀ ਗੁਰੂ, ਗੁਰੂ ਹੈ ਬਾਣੀ" ਹੈ। ਅਸੀਂ ਕਿਸੇ ਵੀ ਦੇਹਧਾਰੀ ਦੀ ਪੂਜਾ ਨਹੀਂ ਕਰਨੀ ਕਿਉਂਕਿ ਸਾਡੇ ਲਈ ਗੁਰੂ ਦਾ ਹੁਕਮ ਹੈ। ਅਸੀਂ ਗੁਰਬਾਣੀ ਦਾ ਅਤਿ ਸਤਿਕਾਰ ਕਰਦੇ ਹਾਂ, ਸ਼ਰਧਾ ਵੀ ਰੱਖਦੇ ਹਾਂ, ਪਰ ਸ਼ਬਦ ਦੀ ਵਿਚਾਰ ਨਹੀਂ ਕਰਦੇ। ਇਹੀ ਕਾਰਨ ਹੈ ਕਿ ਬਹੁਤੇ ਪ੍ਰਚਾਰਕ ਗੁਰਬਾਣੀ ਦੀ ਅਢੁਕਵੀਂ ਵਰਤੋਂ ਕਰ ਕੇ ਆਪਣਾ ਉੱਲੂ ਸਿੱਧਾ ਰੱਖਦੇ ਹਨ ਅਤੇ ਗੁਰਮਤਿ ਦੇ ਅਸਲ ਮੰਤਵ ਤੋਂ ਲਾਂਭੇ ਹੋ ਜਾਂਦੇ ਹਨ। ਇਸ ਲੇਖ ਵਿਚ ਚਾਰ/ਪੰਜ ਸ਼ਬਦਾਂ ਵਿੱਚੋਂ ਜ਼ਿਆਦਾ ਪ੍ਰਯੋਗ ਹੋ ਰਹੀਆਂ ਪੰਗਤੀਆਂ ਅਤੇ ਉਨ੍ਹਾਂ ਦੇ ਸਹੀ ਅਰਥਾਂ ਬਾਰੇ ਵਿਚਾਰ ਕਰਨ ਦਾ ਜਤਨ ਹੋਵੇਗਾ।

ਇਕੇਰਾਂ ਇਕ ਗੁਰਦੁਆਰਾ ਸਾਹਿਬ ਵਿਖੇ, ਇਕ ਸ਼ਰਧਾਲੂ ਪਰਿਵਾਰ ਨੇ ਆਪਣੇ ਪੁੱਤਰ ਦੇ ਜਨਮ ਦਿਨ ਦੀ ਖ਼ੁਸ਼ੀ ਵਿਚ ਲੰਗਰ ਦੀ ਸੇਵਾ ਲਈ। ਇਸ ਮੌਕੇ 'ਤੇ ਇਕ ਢਾਡੀ ਪ੍ਰਚਾਰਕ ਨੇ ਪਰਿਵਾਰ ਦੀਆਂ ਸਿਫ਼ਤਾਂ ਕਰਦਿਆਂ, ਇਕ ਗੁਰਬਾਣੀ ਦੀ ਪਾਵਨ ਪੰਗਤੀ "ਪੁਤੀ ਗੰਢੁ ਪਵੈ ਸੰਸਾਰਿ" ਆਖ ਕੇ ਕਿਹਾ ਕਿ ਸੰਸਾਰ ਵਿਚ ਪੁੱਤਰਾਂ ਨਾਲ ਹੀ ਵੰਸ਼ ਚੱਲਦੀ ਹੈ ਅਤੇ ਜੋ ਮਾਵਾਂ ਪੁੱਤਰਾਂ ਨੂੰ ਜਨਮ ਨਹੀਂ ਦਿੰਦੀਆਂ, ਉਨ੍ਹਾਂ ਦਾ ਜੀਣਾ ਧ੍ਰਿਗ ਹੈ। ਸੰਗਤ ਵਿਚ ਉਹ ਮਾਵਾਂ ਵੀ ਹਾਜ਼ਰ ਸਨ, ਜਿਨ੍ਹਾਂ ਦੇ ਧੀਆਂ ਸਨ, ਪਰ ਪੁੱਤਰ ਨਹੀਂ; ਉਹ ਵੀ ਪਰਿਵਾਰ ਸਨ, ਜਿਨ੍ਹਾਂ ਦੇ ਔਲਾਦ ਨਹੀਂ ਸੀ। ਕਈ ਪਰਿਵਾਰ ਅਗਿਆਨਤਾ ਕਾਰਨ, ਇਹ ਵੀ ਸਮਝ ਸਕਦੇ ਹਨ ਕਿ ਪੜ੍ਹਿਆ-ਲਿਖਿਆ ਪ੍ਰਚਾਰਕ ਠੀਕ ਹੀ ਹੋਵੇਗਾ ਤੇ ਗੁਰਬਾਣੀ ਦੀ ਵਿਆਖਿਆ ਵੀ ਸਹੀ ਹੋਵੇਗੀ। ਕੁਝ ਪਰਿਵਾਰਾਂ ਨੂੰ ਪ੍ਰਚਾਰਕ ਵੱਲੋਂ ਕਹੀ ਗਈ ਗੱਲ 'ਤੇ ਰੋਸ ਵੀ ਹੋਇਆ ਤੇ ਗੁਰਦੁਆਰਾ ਕਮੇਟੀ ਨੂੰ ਸ਼ਿਕਾਇਤ ਕੀਤੀ, ਪਰ ਪ੍ਰਚਾਰਕ ਚੁਸਤ ਸੀ, ਉਸਨੇ ਗੋਲ-ਮੋਲ ਗੱਲ ਕਰ ਕੇ ਟਾਲ ਦਿੱਤਾ।

ਇਸ ਪੰਗਤੀ ਦੀ ਬਹੁਤ ਪ੍ਰਚਾਰਕਾਂ ਵੱਲੋਂ ਅਯੋਗ ਵਰਤੋਂ ਹੁੰਦੀ ਹੈ ਕਿਉਂਕਿ ਉਨ੍ਹਾਂ ਦਾ ਦਿਲੀ ਮੰਤਵ ਪਰਿਵਾਰ ਨੂੰ ਖ਼ੁਸ਼ ਕਰਨਾ ਹੁੰਦਾ ਹੈ। ਇਹ ਵੀ ਸੱਚ ਹੈ ਕਿ ਵਹਿਮ-ਪ੍ਰਸਤੀ ਜਾਂ ਅਗਿਆਨਤਾ ਦੇ ਪ੍ਰਭਾਵ ਕਾਰਨ ਬਹੁਤ ਪਰਿਵਾਰ ਪੁੱਤਰਾਂ ਦੇ ਹੀ ਜਨਮ ਦਿਨ ਧੂਮ-ਧਾਮ ਨਾਲ ਮਨਾਉਂਦੇ ਹਨ ਅਤੇ ਲੜਕੀਆਂ ਦੇ ਜੰਮਣ 'ਤੇ ਕੋਈ ਖ਼ੁਸ਼ੀ ਨਹੀਂ ਕੀਤੀ ਜਾਂਦੀ। ਅਸਲ ਵਿਚ ਗੁਰਬਾਣੀ ਦੀ ਇਸ ਪੰਗਤੀ ਜਾਂ ਸਮੁੱਚੇ ਸ਼ਬਦ ਦਾ ਪੁੱਤਰ ਦੇ ਜਨਮ ਨਾਲ ਕੋਈ ਸੰਬੰਧ ਨਹੀਂ। ਇਹ ਸ਼ਬਦ ਪਹਿਲੀ ਪਾਤਸ਼ਾਹੀ ਵੱਲੋਂ 'ਮਾਝ ਕੀ ਵਾਰ' ਦੇ ਸਿਰਲੇਖ ਹੇਠ ਉਚਾਰਿਆ ਗਿਆ ਹੈ, ਜੋ ਕਿ ਗੁਰੂ ਗ੍ਰੰਥ

ਸਾਹਿਬ ਦੇ ਪੰਨਾ 143 ਉੱਤੇ ਹੈ। ਇਸ ਸ਼ਬਦ ਅੰਦਰ ਗੁਰੂ ਸਾਹਿਬ ਨੇ ਸੰਸਾਰ ਅੰਦਰ ਲੋਕਾਈ ਦੀ ਸੋਚ ਜਾਂ ਸਮਾਜ ਅੰਦਰ ਪ੍ਰਚਲਿਤ ਅਖਾਣਾਂ ਨੂੰ ਪ੍ਰਯੋਗ ਕੀਤਾ ਹੈ:

**ਕੈਹਾ ਕੰਚਨੁ ਤੁਟੈ ਸਾਰੁ ॥ ਅਗਨੀ ਗੰਢੁ ਪਾਏ ਲੋਹਾਰੁ ॥**
**ਗੋਰੀ ਸੇਤੀ ਤੁਟੈ ਭਤਾਰੁ ॥ ਪੁਤੀਂ ਗੰਢੁ ਪਵੈ ਸੰਸਾਰਿ ॥**
**ਰਾਜਾ ਮੰਗੈ ਦਿਤੈ ਗੰਢੁ ਪਾਇ ॥ ਭੁਖਿਆ ਗੰਢੁ ਪਵੈ ਜਾ ਖਾਇ ॥**
**ਕਾਲਾ ਗੰਢੁ ਨਦੀਆ ਮੀਹ ਝੋਲ ॥ ਗੰਢੁ ਪਰੀਤੀ ਮਿਠੇ ਬੋਲ ॥...**
**ਨਾਨਕੁ ਆਖੈ ਏਹੁ ਬੀਚਾਰੁ ॥ ਸਿਫਤੀ ਗੰਢੁ ਪਵੈ ਦਰਬਾਰਿ ॥** *(ਪੰਨਾ 143)*

ਭਾਵ ਸੋਨਾ ਜਾਂ ਕੈਂਹ ਟੁੱਟ ਜਾਵੇ ਤਾਂ ਲੋਹਾਰ ਟਾਂਕਾ ਲਗਾ ਦਿੰਦਾ ਹੈ। ਜੇ ਇਸਤਰੀ ਆਪਣੇ ਪਤੀ ਨਾਲੋਂ ਟੁੱਟ ਜਾਵੇ ਤਾਂ ਬੱਚਿਆਂ ਰਾਹੀਂ ਸੰਸਾਰ ਵਿਚ ਮੇਲ ਹੋ ਸਕਦਾ ਹੈ। ਜੇ ਰਾਜਾ (ਟੈਕਸ) ਮੰਗੇ ਅਤੇ ਪਰਜਾ ਦੇਵੇ ਤਾਂ ਸੰਬੰਧ ਬਣਿਆ ਰਹਿੰਦਾ ਹੈ। ਭੁੱਖੇ ਬੰਦੇ ਦਾ ਸਰੀਰ ਨਾਲ ਰੋਟੀ ਖਾਣ ਕਰਕੇ ਸੰਬੰਧ ਬਣਦਾ ਹੈ। ਜੇ ਮੀਂਹ ਆਦਿ ਪੈ ਜਾਵੇ ਤਾਂ ਕਾਲ ਜਾਂ ਭੁੱਖ-ਮਰੀ ਖ਼ਤਮ ਹੋ ਜਾਂਦੀ ਹੈ। ਮਿੱਠੇ ਬੋਲਾਂ ਨਾਲ ਪਿਆਰ ਸਥਿਰ ਰਹਿੰਦਾ ਹੈ।... ਇਵੇਂ ਹੀ ਗੁਰੂ ਸਾਹਿਬ ਪ੍ਰੋੜ੍ਹਤਾ ਕਰਦੇ ਹਨ ਕਿ ਪਰਮਾਤਮਾ ਦੀ ਸਿਫਤਿ-ਸਾਲਾਹ ਨਾਲ ਪਰਮਾਤਮਾ ਨਾਲ ਪਿਆਰ-ਸੰਬੰਧ ਬਣਿਆ ਰਹਿੰਦਾ ਹੈ।

ਉਪਰੋਕਤ ਸ਼ਬਦ ਅੰਦਰ ਅਜੇਹਾ ਕੋਈ ਭਾਵ ਨਹੀਂ ਨਿਕਲਦਾ ਕਿ ਪੁੱਤਾਂ ਨਾਲ ਸੰਸਾਰ ਵਿਚ ਵੰਸ਼ ਚੱਲਦੀ ਹੈ। ਗੁਰੂ ਸਾਹਿਬ ਨੇ ਸੰਸਾਰੀ ਲੋਕਾਂ ਦੀਆਂ ਸੰਸਾਰੀ ਗੱਲਾਂ ਨੂੰ ਉਦਾਹਰਣਾਂ ਵਜੋਂ ਪ੍ਰਯੋਗ ਕੀਤਾ ਤੇ ਸਭ ਤੋਂ ਵੱਧ ਮਹੱਤਵਪੂਰਨ ਗੱਲ ਤਾਂ ਪਰਮਾਤਮਾ ਦੀ ਸਿਫ਼ਤ ਕਰਨੀ ਹੈ, ਤਾਂ ਜੁ ਸਾਡਾ ਉਸ ਪ੍ਰਭੂ ਨਾਲ ਸੰਬੰਧ ਬਣਿਆ ਰਹੇ।

ਇਕ ਹੋਰ ਸ਼ਬਦ ਜਿਸਨੂੰ ਪ੍ਰਚਾਰਕ ਵਿਆਹ ਜਾਂ ਖ਼ੁਸ਼ੀ ਦੇ ਸਮਾਗਮ 'ਤੇ ਜ਼ਿਆਦਾ ਪੜ੍ਹਦੇ ਹਨ। ਇਸ ਸ਼ਬਦ ਦੀਆਂ 'ਰਹਾਉ' ਵਾਲੀਆਂ ਪੰਗਤੀਆਂ ਦੀ ਥਾਂ, ਇਕ ਹੋਰ ਪੰਗਤੀ ਨੂੰ ਸਥਾਈ ਮੰਨ ਕੇ ਗਾਇਨ ਕੀਤਾ ਜਾਂਦਾ ਹੈ। "ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥" ਪ੍ਰਚਾਰਕ ਦਾ ਮੰਤਵ ਇਹੀ ਹੁੰਦਾ ਹੈ ਕਿ ਸੰਗਤਾਂ 'ਲਖ ਖੁਸੀਆ' ਸੁਣ ਕੇ ਆਨੰਦਤ ਹੋਣ। ਇਸ ਸ਼ਬਦ ਦਾ ਖ਼ੁਸ਼ੀ ਦੇ ਸਮਾਗਮ ਨਾਲ ਕੋਈ ਸੰਬੰਧ ਜੁੜਦਾ ਹੀ ਨਹੀਂ, ਅਤੇ ਸ਼ਬਦ ਦਾ ਅਸਲ ਭਾਵ ਹੇਠ ਲਿਖੀਆਂ 'ਰਹਾਉ' ਦੀਆਂ ਪੰਗਤੀਆਂ ਅੰਦਰ ਸਪੱਸ਼ਟ ਹੈ:

**ਮੇਰੇ ਮਨ, ਏਕਸ ਸਿਉ ਚਿਤੁ ਲਾਇ ॥**
**ਏਕਸ ਬਿਨੁ ਸਭ ਧੰਧੁ ਹੈ, ਸਭ ਮਿਥਿਆ ਮੋਹੁ ਮਾਇ ॥ਰਹਾਉ॥** *(ਪੰਨਾ 44)*

ਮੇਰੇ ਮਨ! ਇਕ ਪਰਮਾਤਮਾ ਨਾਲ ਬਿਰਤੀ ਜੋੜ ਕਿਉਂਕਿ ਪਰਮਾਤਮਾ ਤੋਂ ਬਿਨਾਂ ਸਾਰਾ ਸੰਸਾਰ ਮਾਇਆ, ਮੋਹ ਤੇ ਕੂੜ ਦਾ ਜੰਜਾਲ ਹੈ। 'ਲਖ ਖੁਸੀਆ ਪਾਤਿਸਾਹੀਆ' ਵਾਲੀ ਪੰਗਤੀ ਦਾ ਅਰਥ ਹੈ ਕਿ ਜੇ ਵਾਹਿਗੁਰੂ ਦੀ ਮਿਹਰ ਹੋ ਜਾਵੇ ਤਾਂ ਲੱਖਾਂ ਪਾਤਸ਼ਾਹੀਆਂ ਦੇ ਬਰਾਬਰ ਦੀ ਖ਼ੁਸ਼ੀ ਹੈ। ਜੇ ਪਰਮਾਤਮਾ ਥੋੜ੍ਹਾ ਜਿਹਾ ਨਾਮ ਬਖ਼ਸ਼ ਦੇਵੇ ਤਾਂ ਮੇਰਾ ਤਨ ਮਨ ਸ਼ਾਂਤ ਹੋ ਜਾਂਦਾ ਹੈ, ਪਰ ਅਜੇਹੇ ਭਾਗ ਉਸ ਮਨੁੱਖ ਦੇ ਹੋ ਸਕਦੇ ਹਨ, ਜਿਸਦੇ ਪੂਰਬਲੇ ਜਨਮ ਅੰਦਰ ਕੋਈ ਸ਼ੁਭ ਲੇਖ ਲਿਖੇ ਹੋਣ।

ਇਸ ਸ਼ਬਦ ਅੰਦਰ ਪਰਮਾਤਮਾ ਦੀ ਪ੍ਰਾਪਤੀ ਦੀ ਮਹਿਮਾ ਹੈ ਅਤੇ ਉਸ ਮਨੁੱਖ ਦਾ ਜੀਵਨ ਸਫਲ ਹੈ, ਜੋ ਵਾਹਿਗੁਰੂ ਦੀ ਸਿਫਤਿ-ਸਾਲਾਹ ਕਰਦਾ ਹੈ। ਜੇ ਅਕਾਲ ਪੁਰਖ ਦੀ ਮਿਹਰ ਹੋ ਜਾਵੇ ਤਾਂ ਪਾਰ-ਉਤਾਰਾ ਹੋ ਜਾਂਦਾ ਹੈ।

ਇਕ ਸ਼ਰਧਾਲੂ ਪਰਿਵਾਰ ਦੇ ਘਰ ਕੀਰਤਨ ਸਮਾਗਮ ਸੀ। ਇਕ ਰਾਗੀ ਜਥੇ ਨੇ ਸ਼ਬਦ ਦਾ ਕੀਰਤਨ ਕੀਤਾ :

**ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥**
**ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥੧॥**
**ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥**
**ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ਰਹਾਉ॥**

*(ਧਨਾਸਰੀ ਮਹਲਾ ੫, ਪੰਨਾ 682)*

ਕੀਰਤਨੀ ਜਥੇ ਨੇ ਸ਼ਬਦ ਦੇ ਸਹੀ ਅਰਥਾਂ ਤੋਂ ਲਾਂਭੇ ਹੋ ਕੇ ਸ਼ਬਦ ਦੇ ਉਚਾਰਨ ਵਿਚ ਕੁਤਾਹੀ ਕੀਤੀ। "ਅਉਖੀ ਖੜੀ ਨ ਦੇਖਣ ਦੇਈ" ਨੂੰ 'ਦੇਖਣ ਦੇਈਂ' ਪੜ੍ਹਿਆ। ਇਸ ਸ਼ਬਦ ਨੂੰ ਅਰਦਾਸ ਰੂਪ ਬਣਾਉਣ ਦਾ ਜਤਨ ਕੀਤਾ।

ਇਸ ਸ਼ਬਦ ਅੰਦਰ ਗੁਰੂ ਸਾਹਿਬ ਦੱਸਦੇ ਹਨ ਕਿ ਪਰਮਾਤਮਾ ਆਪਣੇ ਸੇਵਕ ਨੂੰ ਕੋਈ ਦੁਖ ਦੇਣ ਵਾਲਾ ਸਮਾਂ ਨਹੀਂ ਦਿੰਦਾ, ਸਗੋਂ ਉਹ ਤਾਂ ਸੇਵਕ ਦੀ ਹਮੇਸ਼ਾ ਰੱਖਿਆ ਕਰਦਾ ਹੈ ਤੇ ਆਪਣਾ ਮਿਹਰ ਭਰਿਆ ਹੱਥ ਸਿਰ 'ਤੇ ਰੱਖਦਾ ਹੈ। ਰਹਾਉ ਦੀਆਂ ਪੰਗਤੀਆਂ ਵਿਚ ਭਾਵ ਹੈ 'ਹੇ ਭਾਈ ਮੇਰਾ ਚਿਤ ਵਾਹਿਗੁਰੂ ਨਾਲ ਜੁੜਿਆ ਹੋਇਆ ਹੈ ਉਹ ਸ਼ੁਰੂ ਤੋਂ ਅਖ਼ੀਰ ਤਕ ਸਦਾ ਸਹਾਈ ਬਣਿਆ ਰਹਿੰਦਾ ਹੈ। ਇਕ ਵਿਦਵਾਨ ਨੇ ਸ਼ਬਦ ਦੇ ਅਸਲ ਭਾਵ ਨੂੰ ਪ੍ਰਗਟ ਕੀਤਾ ਤੇ ਦੱਸਿਆ ਕਿ ਇਹ ਸ਼ਬਦ ਅਰਦਾਸ ਰੂਪ ਵਾਂਗ ਨਹੀਂ। ਸ਼ਬਦ-ਵਿਚਾਰ ਕਰਨ 'ਤੇ ਰਾਗੀ ਸਿੰਘਾਂ ਨੇ ਵਿਦਵਾਨ ਪ੍ਰਤੀ ਗ਼ੁੱਸੇ ਦੀ ਭਾਵਨਾ ਪ੍ਰਗਟਾਈ।

ਇਕ ਹੋਰ ਸ਼ਬਦ ਦੀਆਂ ਪੰਗਤੀਆਂ ਜਿਸ ਦਾ ਸਾਲ 1984 ਤੋਂ ਪਿੱਛੋਂ ਆਮ ਪ੍ਰਚਾਰਕਾਂ ਵੱਲੋਂ ਬਹੁਤ ਪ੍ਰਯੋਗ ਹੋਇਆ। ਇਸ ਦੇ ਹਵਾਲੇ ਨਾਲ ਲੋਕਾਂ ਦੇ ਜੋਸ਼ ਨੂੰ ਵੀ ਉਭਾਰਿਆ ਜਾਂਦਾ ਹੈ। ਇਹ ਸ਼ਬਦ 'ਮਾਝ ਕੀ ਵਾਰ' ਅੰਦਰ ਹੈ। ਸ਼ਬਦ ਇਸ ਤਰ੍ਹਾਂ ਹੈ :

**ਮ: ੧ ਸਲੋਕੁ ॥**
**ਸੋ ਜੀਵਿਆ, ਜਿਸੁ ਮਨਿ ਵਸਿਆ ਸੋਇ ॥**
**ਨਾਨਕ ਅਵਰੁ ਨ ਜੀਵੈ ਕੋਇ ॥**
**ਜੇ ਜੀਵੈ ਪਤਿ ਲਥੀ ਜਾਇ ॥**
**ਸਭੁ ਹਰਾਮੁ ਜੇਤਾ ਕਿਛੁ ਖਾਇ ॥**
**ਰਾਜਿ ਰੰਗੁ, ਮਾਲਿ ਰੰਗੁ ॥ ਰੰਗਿ ਰਤਾ, ਨਚੈ ਨੰਗੁ ॥**
**ਨਾਨਕ ਠਗਿਆ ਮੁਠਾ ਜਾਇ ॥**
**ਵਿਣੁ ਨਾਵੈ ਪਤਿ ਗਇਆ ਗਵਾਇ ॥** *(ਪੰਨਾ 142)*

ਇਸਦੇ ਅਰਥ, ਜਿਵੇਂ ਪ੍ਰਚਾਰਕ ਸੋਚਦੇ ਹਨ, ਉਸ ਤੋਂ ਵਿਪਰੀਤ ਹਨ। ਗੁਰੂ ਸਾਹਿਬ ਆਖ ਰਹੇ ਹਨ ਕਿ ਅਸਲ ਵਿਚ ਉਹੀ ਮਨੁੱਖ ਜਿਊਂਦਾ ਹੈ ਜਿਸਦੇ ਮਨ

ਵਿਚ ਪਰਮਾਤਮਾ ਵੱਸ ਰਿਹਾ ਹੈ। ਜੋ ਮਨੁੱਖ ਰਾਜ ਲਈ ਪਿਆਰ ਕਰਦਾ ਹੈ, ਧਨ ਮਾਲ ਦਾ ਮੋਹ ਕਰਦਾ ਹੈ ਅਤੇ ਇਸ ਮੋਹ ਵਿਚ ਬੇ-ਸ਼ਰਮ ਹੋ ਕੇ ਨੱਚਦਾ ਹੈ ਅਤੇ ਜੋ ਪ੍ਰਾਣੀ ਨਾਮ ਤੋਂ ਬਿਨਾਂ ਜਿਉਂਦਾ ਦਿੱਸ ਰਿਹਾ ਹੈ, ਉਹ ਜੋ ਕੁਝ ਖਾਂਦਾ ਪੀਂਦਾ ਹੈ, ਸਭ ਹਰਾਮ ਹੀ ਖਾਂਦਾ ਹੈ। ਪ੍ਰਭੂ ਦੇ ਨਾਮ ਤੋਂ ਬਿਨਾਂ ਮਨੁੱਖ ਸੱਖਣਾ ਠੱਗਿਆ ਜਾ ਰਿਹਾ ਹੈ, ਲੁੱਟਿਆ ਜਾ ਰਿਹਾ ਹੈ ਤੇ ਆਪਣੀ ਇੱਜ਼ਤ ਗਵਾ ਕੇ ਇਥੋਂ ਜਾਂਦਾ ਹੈ। ਪ੍ਰਚਾਰਕਾਂ ਵੱਲੋਂ ਸਿਰਫ਼ ਦੋ ਹੀ ਪੰਗਤੀਆਂ "ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥" ਨੂੰ ਹੀ ਕਿਹਾ ਜਾਂਦਾ ਹੈ, ਹੋਰ ਪੰਗਤੀਆਂ ਨੂੰ ਛੱਡ ਦਿੱਤਾ ਜਾਂਦਾ ਹੈ। ਸਾਨੂੰ ਗੁਰਬਾਣੀ ਦੇ ਭਾਵ-ਅਰਥਾਂ ਪ੍ਰਤਿ ਘੱਟ ਸੂਝ ਹੋਣ ਕਾਰਨ ਪ੍ਰਚਾਰਕ ਲੋਕ, ਬਿਪਰ ਸ਼੍ਰੇਣੀ ਵਾਂਗ "ਰੋਟੀਆ ਕਾਰਨ ਪੂਰਹਿ ਤਾਲ" ਦਾ ਮੰਤਵ ਹੀ ਮੁੱਖ ਰੱਖਦੇ ਹਨ। ਇਕ ਹੋਰ ਸ਼ਬਦ ਜੋ ਕੀਰਤਨੀਆਂ ਨੇ ਅਸਲ ਅਰਥਾਂ ਤੋਂ ਉਲਟ ਵੱਖਰੇ ਹੀ ਅਰਥਾਂ ਵਿਚ ਪ੍ਰਯੋਗ ਕੀਤਾ ਹੈ, 'ਰਾਮਕਲੀ ਕੀ ਵਾਰ' ਦੀ ਪਉੜੀ ਤੇ ਗੁਰੂ ਅਮਰਦਾਸ ਜੀ ਦੀ ਰਚਨਾ ਹੈ:

**ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥**
**ਮਾਨਸ ਦੇਹ ਗੁਰ ਬਚਨੀ ਪਾਇਆ, ਸਭੁ ਆਤਮ ਰਾਮੁ ਪਛਾਤਾ ॥**
**ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥**
**ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥**
**ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥** *(ਪੰਨਾ 953)*

ਇਸ ਸ਼ਬਦ ਅੰਦਰ ਦੱਸਿਆ ਗਿਆ ਹੈ ਕਿ ਇਹ ਸਰੀਰ ਹੀ ਹਰਿਮੰਦਰ ਹੈ ਅਤੇ ਅਸਲ ਉਸ ਸਰੀਰ ਨੂੰ ਹਰਿਮੰਦਰ ਆਖਿਆ ਜਾਣਾ ਚਾਹੀਦਾ ਹੈ ਜਿਸ ਵਿੱਚੋਂ ਰੱਬ ਦੀ ਪਛਾਣ ਹੋਵੇ। ਇਸ ਮਨੁੱਖੀ ਸਰੀਰ ਦੁਆਰਾ ਗੁਰੂ ਦੇ ਹੁਕਮ 'ਤੇ ਚੱਲ ਕੇ ਪਰਮਾਤਮਾ ਨੂੰ ਪਾਉਂਦਾ ਹੈ। ਜੋ ਲੋਕ ਆਪ-ਹੁਦਰੇ ਹਨ, ਉਨ੍ਹਾਂ ਨੂੰ ਹਰਿਮੰਦਰ ਦੀ ਉੱਕਾ ਸੂਝ ਨਹੀਂ, ਤੇ ਉਹ ਆਪਣਾ ਮਨੁੱਖਾ ਜਨਮ ਅਜਾਈਂ ਗਵਾ ਲੈਂਦੇ ਹਨ। ਸਾਰਿਆਂ ਮਨੁੱਖਾਂ ਅੰਦਰ ਵਾਹਿਗੁਰੂ ਦੀ ਜੋਤਿ ਹੈ, ਪਰ ਉਸਨੂੰ ਗੁਰੂ ਦੇ ਗਿਆਨ ਦੁਆਰਾ ਹੀ ਪਾਇਆ ਜਾ ਸਕਦਾ ਹੈ।

ਉਪਰੋਕਤ ਸ਼ਬਦ ਦੀ ਅਢੁਕਵੀਂ ਵਰਤੋਂ ਕੀਤੀ ਗਈ ਅਤੇ 'ਹਰਿਮੰਦਰ' ਦੇ ਅਰਥ ਸ੍ਰੀ ਹਰਿਮੰਦਰ ਸਾਹਿਬ ਕੀਤੇ ਗਏ। ਜਦੋਂ ਕਿ ਇਹ ਸ਼ਬਦ ਰਚਨਾ ਗੁਰ ਅਮਰਦਾਸ ਜੀ ਨੇ ਕੀਤੀ ਤੇ ਹਰਿਮੰਦਰ ਸਾਹਿਬ ਦੀ ਉਸਾਰੀ ਗੁਰੂ ਅਰਜਨ ਦੇਵ ਜੀ ਨੇ ਕਰਾਈ। ਇਹ ਤਾਂ ਕਿਹਾ ਜਾ ਸਕਦਾ ਸੀ ਕਿ ਦੋਖੀਆਂ ਨੇ ਹਜ਼ਾਰਾਂ ਹੀ ਹਰਿਮੰਦਰਾਂ ਨੂੰ ਢਾਹਿਆ ਭਾਵ ਇਨਸਾਨਾਂ ਦਾ ਕਤਲ ਕੀਤਾ। ਇਹ ਕਤਲ ਉਥੇ ਕੀਤਾ, ਜਿਥੋਂ ਗੁਰੂ ਸਾਹਿਬ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਦੇ ਸਨ। ਸਿੱਧੇ ਤੌਰ 'ਤੇ 'ਹਰਿਮੰਦਰ' ਦੇ ਅਰਥ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) ਕਰਨੇ ਗ਼ਲਤ ਤੇ ਅਢੁਕਵੇਂ ਹਨ। ਗੁਰਬਾਣੀ ਅੰਦਰ ਜਿਥੇ ਸਰੀਰ ਨੂੰ ਹਰਿਮੰਦਰ ਆਖਿਆ ਹੈ, ਉਥੇ ਸਰੀਰ ਨੂੰ 'ਧਰਮ' ਵੀ ਕਿਹਾ ਹੈ:

**ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥**
**ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥**

*(ਪੰਨਾ 309)*

ਕਈ ਵੀਰ ਇਹ ਵੀ ਆਖਦੇ ਹਨ ਕਿ ਗੁਰੂ ਰਾਮਦਾਸ ਜੀ ਨੇ ਲਾਵਾਂ ਵੀ ਵਿਆਹ ਲਈ ਨਹੀਂ ਰਚੀਆਂ। ਇਸ ਵਿਚ ਸੱਚਾਈ ਹੈ, ਪਰ ਅਨੰਦ ਕਾਰਜ ਲਈ ਲਾਵਾਂ ਨੂੰ ਪ੍ਰਯੋਗ ਕਰਨ ਤੋਂ ਬਿਨਾਂ ਕੋਈ ਹੋਰ ਵਿਧੀ ਨਹੀਂ ਬਣਦੀ। ਇਸ ਸਮੇਂ ਪਤੀ-ਪਤਨੀ ਦੇ ਸੰਬੰਧ ਨੂੰ ਜੀਵ ਤੇ ਪਰਮਾਤਮਾ ਦੇ ਮਿਲਾਪ ਦੇ ਨਮੂਨੇ ਅਨੁਸਾਰ ਬਣਾਉਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ, ਉਪ੍ਰੰਤ ਗ੍ਰਿਹਸਤ ਜੀਵਨ ਨੂੰ ਧਰਮ ਮੰਨ ਕੇ, ਇਕ ਦੂਜੇ ਪ੍ਰਤਿ ਫ਼ਰਜ਼ਾਂ ਨੂੰ ਪਾਲਣ ਕਰਨ ਲਈ ਆਖਿਆ ਜਾਂਦਾ ਹੈ। ਇਥੇ ਮਹੱਤਵਪੂਰਨ ਗੱਲ ਇਹੀ ਹੈ ਕਿ ਸੰਗਤ ਦੀ ਹਾਜ਼ਰੀ ਵਿਚ ਵਿਆਹ ਦਾ ਰਚਾਉਣਾ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਅਕਾਲ ਪੁਰਖ ਅੱਗੇ ਸਫਲ ਵਿਆਹ ਲਈ ਅਰਦਾਸ ਕੀਤੀ ਜਾਂਦੀ ਹੈ।

ਗੁਰਬਾਣੀ ਅੰਦਰ ਅਨੇਕਾਂ ਸ਼ਬਦਾਂ ਨੂੰ ਢੁਕਵੇਂ ਸਮੇਂ ਪੜ੍ਹਿਆ ਜਾ ਸਕਦਾ ਹੈ। ਇਸ ਲੇਖ ਅੰਦਰ ਇਹੀ ਦੱਸਣ ਦਾ ਜਤਨ ਕੀਤਾ ਹੈ ਕਿ ਗੁਰਬਾਣੀ ਦੀ ਅਢੁਕਵੀਂ ਵਰਤੋਂ ਕਰ ਕੇ, ਕੋਈ ਆਰਥਕ ਪੂਰਤੀ ਨਾ ਕੀਤੀ ਜਾਵੇ; ਸਗੋਂ ਪਰਿਵਾਰਾਂ ਨੂੰ ਪੁੱਤਰ-ਧੀਆਂ, ਖ਼ੁਸ਼ੀ ਤੇ ਗ਼ਮੀ, ਦੁਖ-ਸੁਖ ਦੇ ਸੰਕਲਪ ਨੂੰ ਗੁਰਮਤਿ ਦੀ ਰੌਸ਼ਨੀ ਵਿਚ ਦੱਸਿਆ ਜਾਵੇ।

# ਨਾਮਕਰਣ ਸੰਸਕਾਰ ਅਤੇ ਵਹਿਮ

ਸੰਸਾਰ ਦੇ ਸਭ ਧਰਮਾਂ ਅੰਦਰ ਨਵ-ਜੰਮੇ ਬੱਚਿਆਂ ਦੇ ਨਾਂਵ ਰੱਖਣ ਲਈ ਵੱਖ-ਵੱਖ ਤਰ੍ਹਾਂ ਦੇ ਨਾਮਕਰਣ ਸੰਸਕਾਰ ਬਣੇ ਹੋਏ ਹਨ, ਪਰ ਇਹ ਲੋਕਾਂ 'ਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਦੇ ਨਾਂਵਾਂ ਦੀ ਚੋਣ ਕਿਵੇਂ ਕਰਨੀ ਹੈ। ਕਈ ਪਰਿਵਾਰ ਧਾਰਮਿਕ ਸੰਸਕਾਰਾਂ ਤੋਂ ਲਾਂਭੇ ਰਹਿ ਕੇ ਬੱਚਿਆਂ ਦੇ ਨਾਂਵ ਰੱਖਦੇ ਹਨ ਅਤੇ ਬਹੁਤ ਪਰਿਵਾਰ ਧਾਰਮਿਕ ਪ੍ਰੰਪਰਾਵਾਂ ਨੂੰ ਸਵੀਕਾਰ ਕਰਦੇ ਹੋਏ ਬੱਚਿਆਂ ਨੂੰ ਨਾਂਵ ਦੇਣ ਲੱਗੇ, ਨਾਮਕਰਣ ਸੰਸਕਾਰ ਆਯੋਜਿਤ ਕਰਦੇ ਹਨ। ਜ਼ਿਆਦਾਤਰ ਬੱਚਿਆਂ ਦੇ ਨਾਂਵ ਰੱਖਣ ਲਈ ਧਾਰਮਿਕ ਅਸਥਾਨਾਂ 'ਤੇ ਹਾਜ਼ਰੀ ਭਰੀ ਜਾਂਦੀ ਹੈ, ਜਿਥੇ ਪਰਿਵਾਰ ਜਾਂ ਹੋਰ ਸੰਬੰਧੀ ਸ਼ਾਮਲ ਹੁੰਦੇ ਹਨ।

'ਸਿੱਖ ਰਹਿਤ ਮਰਯਾਦਾ' ਅੰਦਰ ਨਾਮਕਰਣ ਸੰਸਕਾਰ ਬਾਰੇ ਸੰਖੇਪ ਤੌਰ 'ਤੇ ਅੰਕਤ ਹੈ:

> "ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉੱਠਣ-ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ "ਪਰਮੇਸਰਿ ਦਿਤਾ ਬੰਨਾ" (ਸੋਰਠਿ ਮ: ੫), "ਸਤਿਗੁਰ ਸਾਚੈ ਦੀਆ ਭੇਜਿ" (ਆਸਾ ਮ: ੫) ਆਦਿ ਖ਼ੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ। ਉਪ੍ਰੰਤ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ। ਫਿਰ ਵਾਕ ਲਿਆ ਜਾਵੇ। ਵਾਕ ਦੇ ਆਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ 'ਕੌਰ' ਸ਼ਬਦ ਲਗਾਇਆ ਜਾਵੇ, ਉਪ੍ਰੰਤ 'ਅਨੰਦੁ ਸਾਹਿਬ' ਦੀਆਂ ਛੇ ਪਉੜੀਆਂ ਮਗਰੋਂ ਬੱਚੇ ਦੇ ਨਾਮ-ਸੰਸਕਾਰ ਦੀ ਖ਼ੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।"

ਉਪਰੋਕਤ ਮਰਯਾਦਾ ਨੂੰ ਵਿਰਲੇ ਪਰਿਵਾਰ ਹੀ ਹਨ, ਜੋ ਪੂਰੀ ਤਰ੍ਹਾਂ ਮੰਨਦੇ ਹੋਣ। ਜ਼ਿਆਦਾਤਰ ਪਰਿਵਾਰ ਜਾ ਕੇ ਗ੍ਰੰਥੀ ਸਿੰਘ ਨੂੰ ਅਰਦਾਸ ਕਰਨ ਅਤੇ ਬੱਚੇ/ਬੱਚੀ ਦੇ ਨਾਮ ਦੀ ਜਾਚਨਾ ਲਈ ਆਖਦੇ ਹਨ। ਗ੍ਰੰਥੀ ਸਿੰਘ ਵਾਕ ਲੈ ਕੇ ਸ਼ਬਦ

ਦੇ ਪਹਿਲੇ ਅੱਖਰ ਨੂੰ ਦੱਸਦਾ ਹੈ ਅਤੇ ਪਰਿਵਾਰ ਘਰ ਆ ਕੇ ਨਾਂਵ ਘੜਦੇ ਹਨ, ਦੋਸਤਾਂ-ਮਿੱਤਰਾਂ ਦੀ ਸਲਾਹ ਪੁੱਛਦੇ ਹਨ, ਤਾਂ ਕਿਤੇ ਜਾ ਕੇ ਬੱਚੇ/ਬੱਚੀ ਦਾ ਨਾਂਵ ਰੱਖਿਆ ਜਾਂਦਾ ਹੈ। ਕੁਝ ਪਰਿਵਾਰ ਬੱਚੇ ਦਾ ਨਾਂਵ ਪਹਿਲਾਂ ਰੱਖ ਕੇ, ਫਿਰ ਗੁਰੂ-ਘਰ ਜਾ ਕੇ ਅਰਦਾਸ ਕਰਾਉਂਦੇ ਹਨ।

ਹੁਣ ਤਕ ਜ਼ਿਆਦਾ ਪਰਿਵਾਰ ਆਪਣੇ ਬੱਚੇ ਦਾ ਨਾਂਵ ਰੱਖਣ ਲਈ ਰਿਸ਼ਤੇਦਾਰਾਂ ਜਾਂ ਮਿੱਤਰਾਂ ਤੋਂ ਸੁਣ ਕੇ ਜਾਂ ਕੁਝ ਬੱਚਿਆਂ ਦੇ ਰੱਖੇ ਨਾਂਵਾਂ ਦੀ ਨਕਲ ਕਰ ਕੇ ਨਾਂਵ ਰੱਖਦੇ ਹਨ। ਸਾਲ 1989 ਤੋਂ ਪਿੱਛੋਂ ਕਈ ਵੀਰਾਂ ਨੇ ਹੋਰ ਕੌਮਾਂ ਵਾਂਗੂ 'ਨਾਂਵ ਕੋਸ਼' ਰਚੇ, ਜਿਨ੍ਹਾਂ ਨੂੰ ਆਧਾਰ ਬਣਾ ਕੇ ਨਵੇਂ ਨਾਂਵ ਹੋਂਦ 'ਚ ਆ ਰਹੇ ਹਨ ਅਤੇ ਪਰਿਵਾਰਾਂ ਨੂੰ ਨਵ-ਜੰਮੇ ਬੱਚੇ/ਬੱਚੀ ਦਾ ਨਾਂਵ ਰੱਖਣਾ ਸੌਖਾ ਹੋ ਗਿਆ ਹੈ। 'ਸਿੱਖ ਰਹਿਤ ਮਰਯਾਦਾ' ਅਨੁਸਾਰ ਵਾਕ ਦੇ ਪਹਿਲੇ ਅੱਖਰ ਤੋਂ ਨਾਂਵ ਰੱਖਣਾ ਚਾਹੀਦਾ ਹੈ, ਪਰ ਕਈ ਪਰਿਵਾਰ ਜੋ ਆਪਣਾ ਪਿਛੋਕੜ ਰਾਵਲਪਿੰਡੀ ਇਲਾਕੇ ਨਾਲ ਜੋੜਦੇ ਹਨ, ਉਹ ਬੱਚੇ ਦਾ ਨਾਂਵ ਰੱਖਣ ਵੇਲੇ ਵਾਕ ਦੇ ਪਹਿਲੇ ਸ਼ਬਦ ਦੇ ਅਖ਼ੀਰਲੇ ਅੱਖਰ ਤੋਂ ਨਾਂਵ ਰੱਖਦੇ ਹਨ। 'ਸਿੱਖ ਰਹਿਤ ਮਰਯਾਦਾ' ਦੀ ਹੋਂਦ ਤੋਂ ਪਹਿਲਾਂ ਸਿੱਖ ਪਰਿਵਾਰਾਂ ਦੇ ਪ੍ਰੰਪਰਾਵਾਂ ਵਿਚ ਏਕੀਕਰਣ ਨਹੀਂ ਸੀ।

ਕਈ ਵੀਰ ਸਵਾਲ ਪੁੱਛਦੇ ਹਨ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਪੰਜਾਂ ਪਿਆਰਿਆਂ ਦੀ ਚੋਣ ਕੀਤੀ, ਉਸ ਸਮੇਂ ਉਨ੍ਹਾਂ ਦੇ ਮੁੱਢਲੇ ਨਾਂਵਾਂ ਨੂੰ ਨਹੀਂ ਬਦਲਿਆ, ਸਗੋਂ ਉਨ੍ਹਾਂ ਦੇ ਨਾਂਵਾਂ ਨਾਲ 'ਸਿੰਘ' ਸ਼ਬਦ ਜੋੜ ਦਿੱਤੇ। ਅੱਜਕੱਲ੍ਹ ਜਦੋਂ ਵਿਦੇਸ਼ਾਂ 'ਚ ਅੰਮ੍ਰਿਤ ਸੰਚਾਰ ਹੁੰਦੇ ਹਨ, ਤਾਂ ਪੰਜ ਪਿਆਰੇ ਪੁੱਛ-ਗਿੱਛ ਕਰਦੇ ਹਨ ਕਿ ਉਨ੍ਹਾਂ ਦੇ ਨਾਮਕਰਨ ਸੰਸਕਾਰ ਕਿਵੇਂ ਹੋਏ। ਜੇ 'ਸਿੱਖ ਰਹਿਤ ਮਰਯਾਦਾ' ਅਨੁਸਾਰ ਨਹੀਂ ਹੋਏ ਤਾਂ ਹੋਰ ਨਾਂਵ ਰੱਖਣ ਲਈ ਆਖਦੇ ਹਨ। ਇੰਝ ਕਰਨਾ ਬਹੁਤ ਔਖਾ ਹੈ, ਭਾਵ ਨਵਾਂ ਨਾਂਵ ਰੱਖਣ ਲਈ ਬਹੁਤ ਕਨੂੰਨੀ ਪੜਾਅ ਲੰਘਣੇ ਪੈਂਦੇ ਹਨ। ਅਸਲ ਤੌਰ 'ਤੇ ਸਿੱਖੀ 'ਚ ਪਰਵੇਸ਼ ਕਰਨ ਸਮੇਂ 'ਮਨ' ਬਦਲਣ ਦੀ ਲੋੜ ਹੈ ਅਤੇ ਸਿੱਖੀ ਸਿੱਧਾਂਤਾਂ ਨੂੰ ਅਮਲੀ ਜੀਵਨ ਲਈ ਮਹੱਤਵਪੂਰਨ ਸਮਝ ਕੇ ਦ੍ਰਿੜ੍ਹ ਕਰਨਾ ਹੀ ਜ਼ਰੂਰੀ ਹੈ।

ਸਿੱਖ ਪਰਿਵਾਰਾਂ ਲਈ ਜ਼ਰੂਰੀ ਹੈ ਕਿ ਜੇਕਰ ਉਨ੍ਹਾਂ ਦੇ ਨਵ-ਜੰਮੇ ਬੱਚੇ ਦੇ ਨਾਮਕਰਣ ਸੰਸਕਾਰ ਗੁਰਦੁਆਰਾ ਸਾਹਿਬ ਜਾ ਕੇ ਕਰਨੇ ਹਨ, ਤਾਂ ਇਸ ਸਿੱਖ ਪ੍ਰੰਪਰਾ ਲਈ ਮਾਨਸਕ ਤੌਰ 'ਤੇ ਪੂਰੀ ਤਿਆਰੀ ਹੋਵੇ ਭਾਵ ਦ੍ਰਿੜ੍ਹਤਾ ਹੋਣੀ ਚਾਹੀਦੀ ਹੈ। ਇਕ ਦੋ ਵਾਰੀ ਘਟਨਾ ਵਾਪਰੀ ਹੈ, ਜੋ ਸਿੱਖ ਪ੍ਰੰਪਰਾ ਦੇ ਅਨੁਕੂਲ ਨਹੀਂ। ਜਦ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲਿਆ ਜਾਂਦਾ ਹੈ, ਤਾਂ ਕਈ ਵਾਰ ਸ਼ਬਦ ਦੇ ਪਹਿਲੇ ਅੱਖਰ ਅਜੇਹੇ ਹਨ, ਜਿਨ੍ਹਾਂ ਤੋਂ ਜ਼ਿਆਦਾ ਨਾਂਵ ਨਹੀਂ ਘੜੇ ਜਾ ਸਕਦੇ ਜਾਂ ਪਰਿਵਾਰਾਂ ਪਾਸ ਨਾਂਵ ਘੜਨ ਲਈ ਸਰੋਤ ਨਹੀਂ ਹੁੰਦੇ। ਅਜੇਹੇ ਪਰਿਵਾਰ ਗੁਰੂ ਘਰ ਦੁਬਾਰਾ ਜਾ ਕੇ ਗ੍ਰੰਥੀ ਸਿੰਘ ਨੂੰ ਅਰਦਾਸ ਕਰਨ ਅਥਵਾ ਨਵਾਂ ਵਾਕ ਕੱਢਣ ਲਈ ਆਖਦੇ ਹਨ, ਤਾਂ ਜੁ ਉਨ੍ਹਾਂ ਦੇ ਮਨਭਾਉਂਦਾ 'ਅੱਖਰ' ਨਿਕਲੇ। ਸਾਨੂੰ ਅਜੇਹੀ ਪਿਰਤ ਤੋਂ ਸੰਕੋਚ ਕਰਨਾ ਚਾਹੀਦਾ ਹੈ। ਬੇਹਤਰ ਇਹੀ ਹੈ ਜੇ ਪਰਿਵਾਰ ਨੂੰ ਧਾਰਮਿਕ ਮਰਯਾਦਾ 'ਤੇ ਦ੍ਰਿੜ੍ਹਤਾ ਨਹੀਂ ਤਾਂ ਘਰ ਹੀ ਨਾਂਵ ਰੱਖ ਕੇ ਬਾਅਦ 'ਚ ਅਰਦਾਸ ਕਰਵਾ ਲੈਣੀ ਚਾਹੀਦੀ ਹੈ।

ਵਿਦੇਸ਼ਾਂ 'ਚ ਕੁਝ ਲੋਕ ਮਹਿਸੂਸ ਕਰਦੇ ਹਨ ਕਿ ਸਾਨੂੰ ਗੋਰਿਆਂ ਵਾਂਗੂੰ ਨਾਂਵ ਰੱਖ ਲੈਣਾ ਚਾਹੀਦਾ ਹੈ, ਤਾਂ ਜੁ ਉਨ੍ਹਾਂ ਦਾ ਉਚਾਰਨ ਕਰਨ ਵਿਚ ਮੁਸ਼ਕਲ ਨਾ ਹੋਵੇ। ਇਹ ਵਹਿਮ ਹੈ ਅਤੇ ਸਾਡੇ ਪੰਜਾਬੀ ਨਾਂਵਾਂ ਨੂੰ ਉਚਾਰਨਾ ਕੋਈ ਮੁਸ਼ਕਲ ਨਹੀਂ। ਹਾਂ, ਅੰਗਰੇਜ਼ੀ ਵਿਚ ਕਈ ਧੁਨੀਆਂ ਉਪਲਬਧ ਨਹੀਂ ਹਨ, ਭਾਵੇਂ ਉਥੇ ਕੁਝ ਨਾਂਵਾਂ ਦਾ ਉਚਾਰਨ ਹੋ ਜਾਂਦਾ ਹੈ, ਪਰ ਪੂਰਾ ਠੀਕ ਨਹੀਂ। ਜਿਵੇਂ ਅੰਗਰੇਜ਼ੀ ਵਿਚ ਤ, ੜ, ਢ, ਦ, ਧੁਨੀਆਂ ਦੀ ਅਣਹੋਂਦ ਹੈ, ਪਰ ਇਸਦਾ ਇਹ ਮਤਲਬ ਨਹੀਂ ਕਿ ਅਸੀਂ ਆਪਣੇ ਨਾਂਵ ਪ੍ਰਤਿ ਗੌਰਵ ਨਾ ਕਰੀਏ। ਸਾਲ 1970 ਦੇ ਨੇੜੇ ਤੇੜੇ, ਇਕ ਸਿੱਖ ਦੀ ਨਿਯੁਕਤੀ, ਉੱਚ ਪਦ ਲਈ ਹੋ ਗਈ। ਜਦੋਂ ਉਨ੍ਹਾਂ ਦੇ ਦਫ਼ਤਰ 'ਚ ਕੰਮ ਕਰਨ ਵਾਲਿਆਂ ਨੇ ਉਨ੍ਹਾਂ ਨੂੰ ਪੁੱਛਿਆ ਕਿ ਕੀ ਉਹ ਉਨ੍ਹਾਂ ਦਾ ਨਾਂਵ ਛੋਟਾ ਰੱਖ ਸਕਦੇ ਹਨ, ਤਾਂ ਉਨ੍ਹਾਂ ਕਿਹਾ ਕਿ ਮੈਂ ਸਮਝਦਾ ਹਾਂ ਕਿ ਤੁਸੀਂ ਇੰਨੇ ਮੂਰਖ ਨਹੀਂ ਕਿ ਮੇਰਾ ਨਾਂਵ ਵੀ ਨਾ ਉਚਾਰ ਸਕੋ। ਇਹ ਡਾਕਟਰ ਸਤਿਵੰਤ ਸਿੰਘ ਸਨ, ਜਿਨ੍ਹਾਂ ਨੇ ਆਪਣਾ ਛੋਟਾ ਨਾਂਵ ਰੱਖਣ ਦੀ ਆਗਿਆ ਨਹੀਂ ਦਿੱਤੀ। ਸਾਡੇ ਕੁਝ ਵੀਰਾਂ ਤੇ ਭੈਣਾਂ ਨੇ ਆਪਣੀ ਬੋਲੀ ਤੇ ਸੱਭਿਆਚਾਰ ਵੱਲ ਪਿੱਠ ਕਰ ਕੇ, ਪੱਛਮੀ ਸੱਭਿਆਚਾਰ ਨੂੰ ਆਪਣੀ ਝੋਲੀ ਪਾ ਲਿਆ ਹੈ।

ਇਸ ਬਾਰੇ ਡਾਕਟਰ ਸਵਰਾਜ ਸਿੰਘ ਦੇ ਕਹੇ ਸ਼ਬਦਾਂ ਨੂੰ ਦੁਹਰਾਵਾਂਗਾ :

> "ਉੱਤਰੀ ਅਮਰੀਕਾ ਵਿਚ ਕਈ ਸਾਲਾਂ ਤੋਂ ਰਹਿਣ ਤੋਂ ਬਾਅਦ ਮੇਰਾ ਇਹ ਨਿੱਜੀ ਤਜਰਬਾ ਅਤੇ ਪ੍ਰਭਾਵ ਹੈ ਕਿ ਪੰਜਾਬੀ ਭਾਈਚਾਰੇ ਵਿਚ ਹੋਰਨਾਂ ਦੀ ਬਨਿਸਬਤ, ਤਬਦੀਲੀ ਦੀ ਰਫ਼ਤਾਰ ਬਹੁਤ ਤੇਜ਼ ਹੈ। ਸਿੱਧੀਆਂ ਸਾਦੀਆਂ ਪੰਜਾਬੀ ਕੁੜੀਆਂ ਵੈਨਕੂਵਰ ਵਿਚ ਇਕ ਸਾਲ ਬਾਅਦ ਹੀ ਏਨੀਆਂ ਬਦਲ ਜਾਂਦੀਆਂ ਹਨ ਕਿ ਜਿਸਦੀ ਕਲਪਨਾ ਕਰਨੀ ਵੀ ਅਸੰਭਵ ਹੈ। ਨਰਿੰਦਰ ਕੌਰ, ਸੁਰਿੰਦਰ ਕੌਰ ਅਤੇ ਪਰਮਜੀਤ ਕੌਰ ਆਪਣਾ ਹੇਅਰ ਸਟਾਈਲ ਬਦਲ ਕੇ ਨੈਂਸੀ ਗਰੇਵਾਲ, ਸੈਂਡੀ ਸੰਧੂ ਅਤੇ ਪੈਮ ਗਿੱਲ ਬਣ ਕੇ ਪਛਾਣੀਆਂ ਹੀ ਨਹੀਂ ਜਾਂਦੀਆਂ। ਜਰਨੈਲ ਸਿੰਘ ਅਤੇ ਮਹਿੰਦਰ ਸਿੰਘ ਦੀ ਦਸ਼ਾ ਵੀ ਇਨ੍ਹਾਂ ਤੋਂ ਜ਼ਿਆਦਾ ਵੱਖਰੀ ਨਹੀਂ, ਉਨ੍ਹਾਂ ਦੇ ਨਵੇਂ ਨਾਂਵ ਜਿਮੀ ਅਤੇ ਮੋਅ ਸੁਣ ਕੇ ਇਹ ਪੰਜਾਬ ਦੇ ਪਿੰਡਾਂ ਦੀ ਥਾਂ ਕਿਸੇ ਗੈਂਗ ਦੀ ਪੈਦਾਵਾਰ ਲੱਗਦੇ ਹਨ, ...ਇਤਿਹਾਸ ਨੇ ਇਸ ਸੱਚਾਈ ਨੂੰ ਵਾਰ ਵਾਰ ਦੁਹਰਾਇਆ ਹੈ ਕਿ ਸੱਭਿਆਚਾਰਕ ਅਤੇ ਸਮਾਜਕ ਸਥਿਰਤਾ ਤੋਂ ਬਿਨਾਂ ਆਰਥਕ ਪ੍ਰਾਪਤੀਆਂ ਬੇਕਾਰ ਹੋ ਜਾਂਦੀਆਂ ਹਨ।"
>
> *(ਆ ਸਿੱਖ ਤੂੰ ਘਰ ਆ, ਪੰਨਾ 43-44)*

ਸ਼ਾਇਦ, ਸਾਨੂੰ ਪਤਾ ਨਾ ਹੋਵੇ ਕਿ ਪੰਜਾਬੀ ਨਾਂਵ ਔਖੇ ਨਹੀਂ, ਜੇਕਰ ਦੂਸਰੇ ਨੂੰ ਅਸਲੀ ਉਚਾਰਨ ਬਾਰੇ ਦੱਸ ਦਿੱਤਾ ਜਾਵੇ। ਦੂਜੀਆਂ ਕੌਮਾਂ ਦੇ ਨਾਂਵ ਬਹੁਤ ਔਖੇ ਹਨ, ਜਿਵੇਂ ਰਸ਼ੀਅਨ ਜਾਂ ਪੂਰਵੀ ਯੂਰਪੀਨ ਲੋਕਾਂ ਦੇ ਨਾਂਵ ਜਿਥੇ ਲੰਬੇ ਹਨ, ਉਥੇ ਉਨ੍ਹਾਂ ਦਾ ਉਚਾਰਨ ਕਰਨਾ ਅਸੰਭਵ ਵੀ ਹੈ ਕਿਉਂਕਿ ਸਾਨੂੰ ਉਨ੍ਹਾਂ ਦੀ ਬੋਲੀ ਦੀਆਂ ਧੁਨੀਆਂ ਬਾਰੇ ਵਾਕਫ਼ੀਅਤ ਨਹੀਂ ਹੈ। ਚੀਨੇ, ਯਹੂਦੀ ਅਤੇ ਜਰਮਨ ਲੋਕਾਂ ਦੇ ਨਾਂਵ

ਵੀ ਅੰਗਰੇਜ਼ੀ ਵਿਚ ਮੁੱਢਲੇ ਰੂਪ ਵਿਚ ਨਹੀਂ ਲਿਖੇ ਜਾ ਸਕਦੇ। ਇਸ ਲਈ ਸਾਨੂੰ ਇਹ ਵਹਿਮ ਹੋਣਾ ਨਹੀਂ ਚਾਹੀਦਾ ਕਿ ਗੋਰੇ ਲੋਕਾਂ ਦੇ ਉਪ-ਨਾਂਵਾਂ ਦੀ ਨਕਲ ਕਰ ਕੇ ਨਾਂਵ ਰੱਖਣ ਨਾਲ ਵਿਸ਼ੇਸ਼ ਰਿਆਇਤਾਂ ਮਿਲ ਸਕਦੀਆਂ ਹਨ। ਆਪਣੇ ਸੱਭਿਆਚਾਰ, ਬੋਲੀ ਤੇ ਧਰਮ ਦਾ ਗੌਰਵ ਰੱਖੋ ਅਤੇ ਉੱਚ ਪ੍ਰਾਪਤੀਆਂ ਲਈ ਵਿਦਿਅਕ ਯੋਗਤਾ ਤੇ ਹੋਰ ਗੁਣਾਂ ਨੂੰ ਧਾਰਨ ਕਰੋ।

# ਸਿੱਖ ਇਸਤਰੀਆਂ ਨਾਲ ਵਿਤਕਰਾ ਕਰਨਾ ਵਹਿਮ 'ਤੇ ਆਧਾਰਤ

ਅਸੀਂ ਸਿੱਖ ਧਰਮ ਦੀ ਵਡਿਆਈ ਕਰਨ ਸਮੇਂ ਇਕ ਗੱਲ ਹੁੱਭ ਕੇ ਆਖਦੇ ਹਾਂ ਕਿ ਸਿੱਖ ਧਰਮ ਸੰਸਾਰ ਵਿਚ ਪਹਿਲਾ ਧਰਮ ਹੈ, ਜਿਸਨੇ ਇਸਤਰੀਆਂ ਨੂੰ ਬਰਾਬਰਤਾ ਦਾ ਦਰਜਾ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਲੋਕਾਂ ਨੂੰ ਲਾਹਨਤ ਪਾਈ ਜੋ ਇਸਤਰੀ ਨੂੰ ਮਾੜਾ ਆਖ ਰਹੇ ਸਨ:

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥** *(ਪੰਨਾ 473)*

ਗੁਰੂ ਅਮਰਦਾਸ ਜੀ ਨੇ ਉਸ ਸਮੇਂ ਦੀ ਘਿਨਾਉਣੀ ਸਮਾਜਕ ਰੀਤ 'ਸਤੀ' ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਸਤੀ ਦੇ ਸਹੀ ਭਾਵ ਦੀ ਗੁਰਮਤਿ ਦੁਆਰਾ ਵਿਆਖਿਆ ਕੀਤੀ:

**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥**
**ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥** *(ਪੰਨਾ 787)*

ਗੁਰੂ ਸਾਹਿਬਾਨ ਨੇ ਪੁਰਾਤਨ ਸਮਾਜਕ ਰੀਤਾਂ ਨੂੰ ਤੋੜ ਕੇ ਇਸਤਰੀਆਂ ਨੂੰ ਗੁਰਮਤਿ ਦੇ ਪ੍ਰਚਾਰ ਲਈ ਬਰਾਬਰ ਨਿਯੁਕਤ ਕੀਤਾ। ਗੁਰੂ-ਕਾਲ ਤੋਂ ਪਿੱਛੋਂ, ਅਸੀਂ ਗੁਰੂਆਂ ਦੇ ਦਿੱਤੇ ਸਪੱਸ਼ਟ ਸਿਧਾਂਤਾਂ ਨੂੰ ਲਾਂਭੇ ਰੱਖ ਕੇ ਆਪਣੀ ਮਨ-ਮਰਜ਼ੀ ਦੇ ਜਾਂ ਬਿਪਰਨ ਪ੍ਰਭਾਵ ਹੇਠ ਨਵੀਆਂ ਹੀ ਪਿਰਤਾਂ ਪ੍ਰਚਲਿਤ ਕਰ ਦਿੱਤੀਆਂ ਹਨ। ਅੱਜ ਨੌਜਵਾਨ ਪੀੜ੍ਹੀ ਅਤੇ ਵਿਦੇਸ਼ਾਂ 'ਚ ਜੰਮੇ-ਪਲੇ ਬੱਚੇ-ਬੱਚੀਆਂ ਦੇ ਮਨਾਂ ਅੰਦਰ ਨਵੇਂ ਸ਼ੰਕੇ ਉਤਪੰਨ ਹੋ ਰਹੇ ਹਨ ਕਿ ਕੀ ਅਸੀਂ ਗੁਰਮਤਿ ਸਿੱਧਾਂਤਾਂ ਨੂੰ ਅਮਲੀ ਜਾਮਾ ਪਹਿਨਾ ਰਹੇ ਹਾਂ ਜਾਂ ਕਹਿਣ-ਲਿਖਣ ਅਤੇ ਕਰਨੀ ਵਿਚ ਫ਼ਰਕ ਰੱਖ ਰਹੇ ਹਾਂ ? ਇਸਦਾ ਉੱਤਰ ਸਾਡੇ ਮੁਖੀ ਜਾਂ ਇਤਿਹਾਸਕ ਅਸਥਾਨਾਂ ਦੇ ਸੰਚਾਲਕ ਦੇ ਸਕਣਗੇ ਜਾਂ ਲੋਕਾਂ ਨੂੰ ਸੰਤੁਸ਼ਟ ਕਰਨ ਲਈ ਕਮੇਟੀਆਂ ਦੀ ਸਥਾਪਨਾ ਕਰਦੇ ਰਹਿਣਗੇ ?

ਗੁਰੂ ਕਾਲ ਤੋਂ ਪਹਿਲਾਂ ਸਮਾਜ ਅੰਦਰ ਪਵਿੱਤ੍ਰਤਾ ਅਤੇ ਅਪਵਿੱਤ੍ਰਤਾ ਬਾਰੇ ਵੀ ਵਹਿਮ ਤੇ ਭਰਮ ਸੀ। ਇਸਤਰੀ ਨੂੰ ਵੀ ਅਪਵਿੱਤ੍ਰ ਸਮਝਿਆ ਜਾਂਦਾ ਸੀ। ਜੇਕਰ ਕਿਸੇ ਦੇ ਘਰ ਬਾਲ ਬੱਚਾ ਹੋਣਾ ਜਾਂ ਕਿਸੇ ਘਰ ਮੌਤ ਹੋ ਜਾਂਦੀ, ਤਾਂ ਉਸ ਪਰਿਵਾਰ ਦੇ ਜੀਅ ਅਪਵਿੱਤ੍ਰ ਸਮਝੇ ਜਾਂਦੇ ਸਨ, ਇਸ ਲਈ 'ਸੂਤਕ' ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ। ਗੁਰੂ ਸਾਹਿਬਾਨ ਨੇ ਲੋਕਾਈ ਨੂੰ ਇਸ ਭਰਮ ਤੋਂ ਉੱਪਰ ਉੱਠਣ ਲਈ ਆਖਿਆ

ਅਤੇ ਵਿਗਿਆਨਕ ਸੋਚ ਰਾਹੀਂ ਦੱਸਣ ਦਾ ਜਤਨ ਕੀਤਾ ਕਿ ਜੇਕਰ ਅਜੇਹੀ ਗੱਲ ਨੂੰ ਸੂਤਕ ਮੰਨ ਲਿਆ ਜਾਵੇ ਤਾਂ ਰਸੋਈ ਵਿੱਚੋਂ ਸੂਤਕ ਕਦੀ ਨਿਕਲ ਨਹੀਂ ਸਕਦਾ :

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਹੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥

*(ਵਾਰ ਆਸਾ, ਪੰਨਾ 472)*

ਗੁਰੂ ਸਾਹਿਬ ਬਹੁਤ ਹੀ ਸਪੱਸ਼ਟ ਸ਼ਬਦਾਂ ਵਿਚ ਸਮਝਾ ਰਹੇ ਹਨ ਕਿ ਅਜੇਹੀ ਸੋਚ ਕਿ ਸੂਤਕ ਜਾਂ ਭਿੱਟ ਇਕ ਦੂਜੇ ਤੋਂ ਜਾ ਲੱਗਦਾ ਹੈ, ਨਿਰਾ ਵਹਿਮ ਹੈ :

ਸਭੋ ਸੂਤਕੁ ਭਰਮੁ ਹੈ, ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ ॥

*(ਵਾਰ ਆਸਾ, ਪੰਨਾ 472)*

ਜਿਥੇ ਕਿਤੇ ਇਸਤਰੀਆਂ ਨੂੰ ਸੇਵਾ ਕਰਨ ਜਾਂ ਕੀਰਤਨ ਕਰਨ ਦੀ ਮਨਾਹੀ ਹੈ, ਉਸਦੇ ਪਿੱਛੇ ਸੂਤਕ ਭਿੱਟ ਵਾਲੀ ਸੋਚ ਹੈ। ਬਹੁਤੇ ਡੇਰਿਆਂ ਅੰਦਰ ਅੰਨ੍ਹੀ ਸ਼ਰਧਾ ਵਿਚ ਬੀਬੀਆਂ ਬਾਬਿਆਂ ਦੇ ਚਰਨ ਘੁਟਦੀਆਂ, ਉਪ੍ਰੰਤ ਅਨੇਕਾਂ ਪ੍ਰਕਾਰ ਦੀਆਂ ਸੇਵਾਵਾਂ ਕਰਦੀਆਂ ਹਨ, ਉਸ ਸਮੇਂ ਇਨ੍ਹਾਂ ਡੇਰੇਦਾਰਾਂ ਵੱਲੋਂ ਬੀਬੀਆਂ ਨੂੰ ਕੋਈ ਮਨਾਹੀ ਨਹੀਂ, ਪਰ ਰੱਬੀ ਉਸਤਤ ਜਾਂ ਸਿੱਖ ਕੇਂਦਰਾਂ 'ਤੇ ਸੇਵਾ ਕਰਨ ਦੀ ਮਨਾਹੀ ਕਿਉਂ ?

ਚਲੋ ! ਇਸ ਬਾਰੇ ਪੰਥਕ ਫ਼ੈਸਲਾ ਹੋ ਗਿਆ ਹੈ ਕਿ ਸਿੱਖ ਬੀਬੀਆਂ ਹਰ ਪ੍ਰਕਾਰ ਦੀ ਸੇਵਾ ਅਥਵਾ ਕੀਰਤਨ ਦੀ ਚੌਕੀ ਵੀ ਭਰ ਸਕਦੀਆਂ ਹਨ। ਸਮੂਹ ਪ੍ਰਬੰਧਕ ਇਸ ਇਨਕਲਾਬੀ ਕਦਮ ਚੁੱਕਣ ਲਈ ਵਧਾਈ ਦੇ ਪਾਤਰ ਹਨ। ਇਕ ਗੱਲ ਸਪੱਸ਼ਟ ਕਰਨੀ ਜ਼ਰੂਰੀ ਹੈ ਕਿ 'ਸਿੱਖ ਰਹਿਤ ਮਰਯਾਦਾ' ਅੰਦਰ ਵਿਸ਼ੇਸ਼ ਤੌਰ 'ਤੇ ਅੰਕਤ ਹੈ ਕਿ ਅੰਮ੍ਰਿਤ ਸੰਚਾਰ ਵਿਚ ਪੰਜਾਂ ਪਿਆਰਿਆਂ ਵਿਚ ਸਿੰਘਣੀਆਂ ਵੀ ਹੋ ਸਕਦੀਆਂ ਹਨ। ਡੇਰੇਦਾਰ ਜਾਂ ਬਾਬੇ ਨਿੱਜੀ ਮਰਯਾਦਾ ਅਨੁਸਾਰ ਬੀਬੀਆਂ ਤੋਂ ਹੋਰ ਸੇਵਾ ਤੇ ਲੰਗਰ ਦੀ ਸੇਵਾ ਲੈ ਲੈਂਦੇ ਹਨ, ਪਰ ਅੰਮ੍ਰਿਤ ਸੰਚਾਰ ਦੌਰਾਨ ਬੀਬੀਆਂ ਨੂੰ ਸੇਵਾ ਵਿਚ ਸ਼ਾਮਲ ਨਹੀਂ ਕਰਦੇ। ਕਈ ਥਾਈਂ ਬੀਬੀਆਂ ਨੂੰ ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਵੀ ਨਹੀਂ ਦਿੱਤਾ ਜਾਂਦਾ। ਇਹ ਵਿਤਕਰਾ ਕਿਉਂ ?

ਅੱਜ ਦੇਸ਼ਾਂ/ਵਿਦੇਸ਼ਾਂ ਅੰਦਰ ਅਖੰਡਪਾਠਾਂ ਦੀਆਂ ਲੜੀਆਂ ਵਿਚ ਜ਼ਿਆਦਾਤਰ ਬੀਬੀਆਂ ਹੀ ਪਾਠ ਕਰਦੀਆਂ ਹਨ, ਜੇ ਬੀਬੀਆਂ ਪੰਜਾਂ ਪਿਆਰਿਆਂ ਵਿਚ ਸ਼ਾਮਲ ਨਹੀਂ ਹੋ ਸਕਦੀਆਂ, ਜਾਂ ਉਨ੍ਹਾਂ ਨੂੰ ਪੰਜਾਂ ਪਿਆਰਿਆਂ ਦੇ ਪ੍ਰਸ਼ਾਦ ਦੇ ਅਧਿਕਾਰੀ ਨਹੀਂ ਮੰਨਣਾ, ਤਾਂ ਉਨ੍ਹਾਂ ਨੂੰ ਪਾਠ ਕਰਨ ਲਈ ਤੇ ਲੰਗਰ ਦੀ ਸੇਵਾ ਲਈ ਕਿਉਂ ਪਵਿੱਤਰ

ਮੰਨਿਆ ਜਾਂਦਾ ਹੈ ? ਅਜੇਹਾ ਹੀ ਵਹਿਮ ਈਸਾਈ ਧਰਮ ਦੇ ਕੈਥੋਲਿਕ ਫ਼ਿਰਕੇ ਅੰਦਰ ਹੈ, ਜਿਥੇ ਇਸਤਰੀ ਪ੍ਰੀਸਟ ਨਹੀਂ ਬਣ ਸਕਦੀ। ਸਿੱਖ ਧਰਮ ਦੀ ਵਿਲੱਖਣਤਾ ਦੇ ਮੁੱਖ ਲੱਛਣਾਂ ਵਿਚ ਇਹ ਇਕ ਮੁੱਖ ਲੱਛਣ ਹੈ ਕਿ ਸਿੱਖ ਧਰਮ ਅੰਦਰ ਜਾਤ-ਪਾਤ ਤੇ ਇਸਤਰੀ-ਮਰਦ ਦਾ ਵਿਤਕਰਾ ਨਹੀਂ ਹੈ ਅਤੇ ਇਸਤਰੀ ਨੂੰ ਮਰਦਾਂ ਦੇ ਬਰਾਬਰ ਧਾਰਮਿਕ ਰਹੁ-ਰੀਤਾਂ ਕਰਨ ਦਾ ਅਧਿਕਾਰ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ, ਵਿਦਵਾਨ ਜੇ ਦ੍ਰਿੜ੍ਹਤਾ ਵਾਲੇ ਹੋਣ ਤਾਂ ਸਿੱਖ ਸਮਾਜ ਵਿੱਚੋਂ ਪ੍ਰਚਲਿਤ ਰੀਤਾਂ ਜੋ ਗੁਰਮਤਿ ਅਨੁਸਾਰੀ ਨਹੀਂ ਹਨ, ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਸਿੱਖ ਇਸਤਰੀਆਂ ਨੂੰ ਹਰ ਖੇਤਰ ਵਿਚ ਸੇਵਾ ਕਰਨ ਦੀ ਖੁੱਲ੍ਹ ਹੋਵੇ ਅਤੇ ਵਿਤਕਰਾ ਨਾ ਕੀਤਾ ਜਾਵੇ।

ਇਕ ਪੰਥ ਦੇ ਵਿਦਵਾਨ ਨੇ ਪੰਥਕ ਆਗੂਆਂ ਨੂੰ ਗੁਰਮਤਿ ਸਿੱਧਾਂਤਾਂ 'ਤੇ ਚਰਚਾ ਕਰ ਕੇ ਨਵੀਂ ਚੁਣੌਤੀ ਦਿੱਤੀ ਹੈ। ਮੇਰਾ ਖ਼ਿਆਲ ਹੈ ਕਿ ਪੰਥਕ ਆਗੂਆਂ ਨੂੰ ਗੁਰਮਤਿ ਦੇ ਉਲਟ ਸਥਾਪਤ ਪ੍ਰੰਪਰਾਵਾਂ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ, ਨਹੀਂ ਤਾਂ ਪ੍ਰਬੰਧਕਾਂ ਅਤੇ ਸਿੱਖ ਬੁੱਧੀਜੀਵੀਆਂ ਦਾ ਆਪਸੀ ਮਤ-ਭੇਦ ਦਾ ਪਾੜਾ ਹੋਰ ਵਧੇਗਾ। ਇਹ ਬਹੁਤ ਗ਼ਲਤ ਪਿਰਤ ਹੈ ਕਿ ਜੇਕਰ ਕੋਈ ਨਵਾਂ ਪ੍ਰਬੰਧਕ ਆ ਜਾਵੇ, ਉਹ ਪਹਿਲੇ ਪ੍ਰਬੰਧਕ ਵੱਲੋਂ ਹੋਏ ਸਾਰੇ ਫ਼ੈਸਲਿਆਂ ਨੂੰ ਲਾਗੂ ਕਰਨ ਦੀ ਥਾਂ ਗ਼ਲਤ ਆਖੇ ਅਤੇ ਆਪਣੀ ਹੀ ਹਿੰਡ ਪੁਗਾਵੇ। ਪੰਥਕ ਜਥੇਬੰਦੀਆਂ ਦੇ ਸੰਚਾਲਕਾਂ ਨੂੰ ਗੁਰਮਤਿ ਅਤੇ ਮਨਮਤਿ ਬਾਰੇ ਪਤਾ ਹੋਵੇ ਅਤੇ ਗੁਰਮਤਿ ਸਿੱਧਾਂਤਾਂ ਦੀ ਵਿਆਖਿਆ ਕਰਨ ਸਮੇਂ ਪੰਥਕ ਵਿਦਵਾਨਾਂ ਦੀਆਂ ਰਾਵਾਂ ਲੈਣੀਆਂ ਬਹੁਤ ਜ਼ਰੂਰੀ ਹਨ।

ਇਸ ਸੰਬੰਧ ਵਿਚ ਭਾਈ ਨਿਰਮਲ ਸਿੰਘ (ਜਰਮਨੀ) ਦੇ ਵਿਚਾਰ ਸ਼ਾਮਲ ਕਰਦਾ ਹਾਂ ਜੋ ਕਿ ਸਨਾਤਨੀ ਸਿੱਖਾਂ ਦੀ ਸੋਚ ਦੀ ਚੀਰ-ਫਾੜ ਕਰਦੇ ਹਨ:

> "ਕਈ ਇਹ ਵੀ ਕਹਿੰਦੇ ਸੁਣਾਈ ਦਿੱਤੇ ਹਨ ਕਿ ਜੇ ਸਿੱਖ ਬੀਬੀ ਨੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਣਾ ਸੀ ਤਾਂ ਜਦ ਦਸਮੇਸ਼ ਪਿਤਾ ਨੇ ਸੀਸ ਮੰਗੇ ਸਨ ਤਾਂ ਸੀਸ ਭੇਟਾ ਲਈ ਉਹ ਵੀ ਨਿੱਤਰ ਸਕਦੀ ਸੀ। ਕੀ ਇੰਨਾ ਥੋੜਾ ਹੈ ਕਿ ਸਤਿਗੁਰੂ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲੇ ਹੀ ਪਵਿੱਤਰ ਆਤਮਾਵਾਂ ਵੱਲੋਂ ਸੰਤ, ਭਗਤ ਅਤੇ ਫ਼ਕੀਰ ਜਣਨੇ ਸ਼ੁਰੂ ਹੋਏ, ਜਿਨ੍ਹਾਂ ਦੁਆਰਾ ਧੁਰ ਕੀ ਬਾਣੀ ਦਾ ਇਸ ਧਰਤ ਉੱਤੇ ਉਚਾਰਨਾ ਸ਼ੁਰੂ ਹੋਇਆ ਅਤੇ ਸਿੱਖ ਧਰਮ ਦੇ ਪ੍ਰਗਟਾ ਲਈ ਇਹ ਧਰਤ ਤਿਆਰ ਹੋਣ ਲੱਗੀ। ਕੀ ਇੰਨਾ ਥੋੜਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਨੂੰ ਦਸ ਜਾਮਿਆਂ ਵਿਚ ਜਨਮ ਦੇਣ ਲਈ ਪਵਿੱਤਰ ਮਾਂ ਆਤਮਾਵਾਂ ਦਾ ਹੋਣਾ। ਕੀ ਇੰਨਾ ਥੋੜਾ ਹੈ ਕਿ ਜਦ ਦਸਮੇਸ਼ ਪਿਤਾ ਨੇ ਸੀਸ ਮੰਗੇ ਸਨ ਤਾਂ ਸੀਸ ਭੇਟ ਲਈ ਇਨ੍ਹਾਂ ਪਵਿੱਤਰ ਆਤਮਾਵਾਂ ਪਹਿਲੇ ਹੀ ਸੰਤ ਸੂਰੇ ਪੈਦਾ ਕਰ ਕੇ ਸੰਗਤ ਵਿਚ ਬਿਠਾਏ ਹੋਣ। ਸੰਗਤ ਜੀ, ਕੀ ਆਪਣੀ ਅਧਿਆਤਮਕ ਬੁੱਧੀ ਇੰਨੀ ਬਲਵਾਨ ਹੈ ਕਿ ਅਸੀਂ ਗੁਰੂਆਂ ਨੂੰ ਜਨਮ ਦੇਣ ਲਈ ਪਵਿੱਤਰ ਮਾਂ ਆਤਮਾਵਾਂ ਦੀ ਭਗਤੀ ਅਤੇ ਅਧਿਆਤਮਕ ਸ਼ਕਤੀ ਦੀ ਸਾਰ ਪਾ ਲਈ ਹੋਵੇ। ਦਸਮੇਸ਼ ਪਿਤਾ ਵੱਲੋਂ ਸੀਸ ਮੰਗਣ ਉੱਤੇ

ਜੇ ਇਨ੍ਹਾਂ ਪਵਿੱਤਰ ਮਾਂ ਆਤਮਾਵਾਂ ਦੇ ਪਵਿੱਤਰ ਦੁੱਧ ਦੀ ਲਾਜ ਰੱਖਣ ਲਈ ਉਸ ਦੇ ਜਨਮੇ ਸੰਤ ਸੂਰੇ ਸੀਸ ਦੇਣ ਨਾ ਨਿਤਰਦੇ ਤਾਂ ਕੀ ਇਹ ਮਾਂ ਰੂਪੀ ਮਹਾਨ ਆਤਮਾਵਾਂ ਭਾਵੇਂ ਕਿਤਿਓਂ ਵੀ ਆ, ਸਿਰ ਦੇਣ ਲਈ ਆਪਣੇ ਆਪ ਨੂੰ ਗੁਰੂ ਅੱਗੇ ਅਰਪਣ ਨਾ ਕਰਦੀਆਂ ?" *(ਸਿੱਖ ਵਿਰਸਾ, ਮਾਰਚ 2004)*

ਸਾਨੂੰ ਇਸ ਮਹਾਨ ਇਤਿਹਾਸਕ ਤੱਥ ਬਾਰੇ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਕਿਵੇਂ ਮਾਈ ਭਾਗੋ ਜੀ ਨੇ ਉਨ੍ਹਾਂ ਸਿੱਖਾਂ ਨੂੰ ਲਾਹਨਤ ਪਾਈ ਜੋ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਅਨੰਦਪੁਰ ਛੱਡ ਕੇ ਘਰੀਂ ਬੈਠ ਗਏ ਸਨ। ਮਾਈ ਭਾਗੋ ਨੇ ਹੱਥ 'ਚ ਤਲਵਾਰ ਫੜ ਕੇ ਮੁਕਤਸਰ ਦੀ ਜੰਗ ਵਿਚ ਧਰਮ ਯੁੱਧ ਲੜਿਆ। ਮਾਈ ਭਾਗੋ ਨੇ ਗੁਰੂ ਜੀ ਨੂੰ ਆਪਣਾ ਸੀਸ ਹੀ ਅਰਪਣ ਕੀਤਾ ਸੀ ? ਜਦੋਂ ਕਿ ਸਿੱਖ ਮਰਦ ਗੁਰੂ ਨੂੰ ਪਿੱਠ ਦਿਖਾ ਆਏ ਸੀ ? ਸੰਗਤ ਜੀ, ਆਪਣੀ ਬੁੱਧੀ ਨੂੰ ਤੀਖਣ ਕਰੋ ਤੇ ਗੁਰਮਤਿ ਦੀ ਕਸਵੱਟੀ 'ਤੇ ਹਰ ਵਿਚਾਰ ਨੂੰ ਪਰਖੋ। ਆਓ ! ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਗੁਰਮਤਿ ਸਿੱਧਾਂਤਾਂ ਦੀ ਨੌਸਤਾ ਨੂੰ ਧੁੰਦਲਾ ਨਾ ਕਰੀਏ। ਸਿੱਖ ਇਸਤਰੀਆਂ ਦਾ ਵੱਧ ਤੋਂ ਵੱਧ ਸਤਿਕਾਰ ਕਰੀਏ ਅਤੇ ਉਨ੍ਹਾਂ ਦੇ ਅਧਿਕਾਰਾਂ ਨੂੰ ਪੂਰੀ ਮਾਨਤਾ ਦੇਈਏ। ਇਸ ਤਰ੍ਹਾਂ ਕਰਨ ਨਾਲ ਪੰਥਕ ਹਿੱਤਾਂ ਦੀ ਰਾਖੀ ਹੋਵੇਗੀ ਅਤੇ ਧੜੇਬੰਦੀਆਂ ਨੂੰ ਠੱਲ੍ਹ ਪਵੇਗੀ। ਸਿੱਖੀ ਦੇ ਮਹਾਨ ਅਸੂਲ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਨੂੰ ਦ੍ਰਿੜ੍ਹ ਕਰੀਏ।

# ਸੁੱਚ ਰੱਖਣ ਪ੍ਰਤਿ ਵਹਿਮ

ਸਾਲ 1987 ਦਾ ਵਾਕਿਆ ਹੈ, ਜਦੋਂ ਪੰਥ ਦੇ ਵਿਦਵਾਨ ਗਿਆਨੀ ਮੇਵਾ ਸਿੰਘ (ਭਿੰਡਰਾਂਵਾਲੇ) ਪ੍ਰਚਾਰ ਫੇਰੀ ਲਈ ਕੈਨੇਡਾ ਆਏ। ਇਥੇ ਆ ਕੇ ਉਨ੍ਹਾਂ ਨੇ ਗੁਰਬਾਣੀ ਦੇ ਸ਼ੁੱਧ ਉਚਾਰਨ ਦੀ ਲਹਿਰ ਅਰੰਭੀ ਅਤੇ ਸੰਗਤਾਂ ਨੇ ਵੀ ਗੁਰਬਾਣੀ ਪਾਠ, ਗੁਰਬਾਣੀ ਵਿਆਕਰਣ ਅਤੇ ਉਚਾਰਨ ਭੇਦਾਂ ਨੂੰ ਜਾਣਨ ਲਈ ਉਤਸ਼ਾਹ ਦਿਖਾਇਆ। ਇਕ ਦਿਨ ਗਿਆਨੀ ਜੀ ਗ਼ੁਸਲਖ਼ਾਨੇ ਤੋਂ ਬਾਹਰ ਆ ਕੇ, ਮਿੱਟੀ ਚੁੱਕ ਕੇ, ਮਿੱਟੀ ਨਾਲ ਹੱਥ ਸੁੱਚੇ ਕਰਨ ਲੱਗ ਪਏ। ਉਥੋਂ ਦੇ ਸਿਆਣੇ ਗ੍ਰੰਥੀ ਨੇ ਪੁੱਛਿਆ ਕਿ ਗਿਆਨੀ ਜੀ! ਤੁਸੀਂ ਸਾਬਣ ਨਹੀਂ ਵਰਤਿਆ ? ਤਾਂ ਗਿਆਨੀ ਜੀ ਨੇ ਉੱਤਰ ਦਿੱਤਾ ਕਿ ਗਿਆਨੀ ਜੀ ਕੀ ਕਰੀਏ, 22-25 ਸਾਲ ਭਿੰਡਰਾਂਵਾਲੀ ਟਕਸਾਲ ਵਿਚ ਰਹਿਣ ਕਾਰਨ ਹਾਲਾਂ ਵੀ ਭਿੰਡਰਾਂਵਾਲੇ ਸੰਸਕਾਰ ਅੰਦਰੋਂ ਨਹੀਂ ਨਿਕਲਦੇ ਭਾਵੇਂ ਪੂਰਾ ਜਤਨ ਕਰਦੇ ਹਾਂ, ਪਰ ਕਦੀ ਕਦੀ ਟਕਸਾਲੀਆਂ ਦੇ ਵਹਿਮ ਪ੍ਰਗਟ ਹੋ ਜਾਂਦੇ ਹਨ।

ਉਨ੍ਹਾਂ ਨੇ ਅਸਲੀਅਤ ਨੂੰ ਪ੍ਰਗਟ ਕਰਨ ਵਿਚ ਰਤੀ ਵੀ ਸੰਕੋਚ ਨਹੀਂ ਕੀਤਾ। ਉਹ ਧੜੱਲੇਦਾਰ ਵਿਅਕਤੀ ਸਨ ਅਤੇ ਪੰਥਕ ਰਹਿਤ ਮਰਯਾਦਾ ਦੇ ਸੱਚੇ ਧਾਰਨੀ ਅਤੇ ਪਹਿਰੇਦਾਰ ਸਨ। ਮੰਨ ਲੈਂਦੇ ਹਾਂ ਕਿ ਪੁਰਾਤਨ ਸਮੇਂ ਲੋਕਾਂ ਅੰਦਰ ਸਾਬਣ ਪ੍ਰਯੋਗ ਕਰਨ ਦਾ ਰਿਵਾਜ ਨਹੀਂ ਸੀ, ਤਾਹੀਓਂ ਲੋਕਾਈ ਅੰਦਰ ਵਹਿਮ ਪੱਕ ਗਿਆ ਕਿ ਮਿੱਟੀ ਜਾਂ ਰੇਤੇ ਨਾਲ ਹੀ ਹੱਥ ਤੇ ਬਰਤਨ ਮਾਂਜਣ ਨਾਲ ਸੁੱਚੇ ਹੁੰਦੇ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ:

> "ਬਹੁਤ ਅਗਿਆਨੀ ਸਿੱਖ ਕੇਸਾਂ ਨੂੰ ਸਾਬਣ ਨਾਲ ਸਾਫ਼ ਨਹੀਂ ਕਰਦੇ...ਉਹ ਆਖਦੇ ਹਨ ਕਿ ਕੇਸਾਂ ਵਿਚ ਦਹੀਂ ਆਦਿਕ ਉਹ ਵਸਤੂ ਪਾਣੀ ਚਾਹੀਏ ਜੋ ਖਾਣ ਵਿਚ ਆਉਂਦੀ ਹੈ।" *(ਗੁਰਮਤਿ ਮਾਰਤੰਡ, ਪੰਨਾ 338)*

ਇਹ ਵਹਿਮ ਹਾਲਾਂ ਵੀ ਬਹੁਗਿਣਤੀ ਦੇ ਲੋਕਾਂ 'ਚ ਪ੍ਰਚਲਿਤ ਹੈ। ਜਿਥੇ ਸਾਬਣ ਨਾਲ ਸਫ਼ਾਈ ਹੋ ਸਕਦੀ ਹੈ, ਉਥੇ ਦਹੀਂ ਤੇ ਦੁੱਧ ਨਾਲ ਨਹੀਂ। ਉਸ ਨਾਲ ਚਿਕਨਾਈ ਹੋਵੇਗੀ, ਮੱਖੀਆਂ ਭੈਣਗੀਆਂ ਅਤੇ ਛੇਤੀ ਹੀ ਸਰੀਰ ਵਿਚ ਬਦਬੂ ਆਵੇਗੀ।

ਇਹ ਸੁੱਚ-ਭਿੱਟ ਦੇ ਵਿਧਾਨ ਨੂੰ ਲਾਗੂ ਜਾਂ ਪ੍ਰਚਲਿਤ ਕਰਨ ਦਾ ਅਧਿਕਾਰ ਬਿਪਰ ਜਾਂ ਪੁਜਾਰੀ ਸ਼੍ਰੇਣੀ ਪਾਸ ਸੀ। ਉਸ ਦੀ ਨਜ਼ਰ ਵਿਚ ਨੀਵੀਆਂ ਜਾਤੀਆਂ ਦੇ ਲੋਕ ਸੁੱਚ ਤੋਂ ਵਾਂਝੇ ਸਨ ਅਤੇ ਉਨ੍ਹਾਂ ਨਾਲ ਸਰੀਰਕ ਤੌਰ 'ਤੇ ਲੱਗਣਾ ਵੀ ਭਿੱਟਿਆ ਜਾਣਾ ਸੀ। ਉੱਚ ਸ਼੍ਰੇਣੀ ਦੇ ਲੋਕ ਪੱਛੜੀਆਂ ਜਾਤੀਆਂ ਨਾਲ ਬੈਠ ਕੇ ਖਾ ਵੀ ਨਹੀਂ

ਸਕਦੇ ਸਨ। ਗੁਰੂ ਸਾਹਿਬਾਨ ਨੇ ਸੁੱਚ-ਭਿੱਟ ਤੋਂ ਲੋਕਾਈ ਨੂੰ ਮੁਕਤ ਕਰਨ ਲਈ ਲੰਗਰ ਪ੍ਰਥਾ ਚਲਾਈ, ਸਰੋਵਰ ਬਣਾਏ ਅਤੇ ਬਾਉਲੀਆਂ ਬਣਾਈਆਂ। ਆਖ਼ਰ 1699 ਦੀ ਵਿਸਾਖੀ ਨੂੰ ਵੱਖ-ਵੱਖ ਜਾਤੀਆਂ ਵਿੱਚੋਂ ਆਏ ਪੰਜਾਂ ਪਿਆਰਿਆਂ ਨੂੰ ਇੱਕੋ ਬਾਟੇ ਵਿੱਚੋਂ ਪਾਹੁਲ ਛਕਾਈ ਅਤੇ ਉਸ ਬਾਟੇ ਨੂੰ ਸਾਰਿਆਂ ਦਾ ਮੂੰਹ ਲਗਾ ਦਿੱਤਾ ਤਾਂ ਜੁ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਸਬਕ ਦ੍ਰਿੜ੍ਹ ਹੋ ਜਾਵੇ।

ਗੁਰੂ ਸਾਹਿਬਾਨ ਦੇ ਜਤਨਾਂ ਦੇ ਬਾਵਜੂਦ ਅਸੀਂ ਸੁੱਚ-ਭਿੱਟ ਦੇ ਵਹਿਮ ਤੋਂ ਮੁਕਤ ਨਹੀਂ ਹੋਏ। ਇਸ ਬਾਰੇ ਇਕ ਸੱਚਾ ਦ੍ਰਿਸ਼ਟਾਂਤ ਹੈ। ਗਿਆਨੀ ਸ਼ੇਰ ਸਿੰਘ ਜੀ ਲਿਖਦੇ ਹਨ ਕਿ ਉਨ੍ਹਾਂ ਨੂੰ ਬਰਮਾ ਵਿਚ ਇਕ ਸਿੱਖ ਦੇ ਘਰ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਉਸ ਸਿੱਖ ਨੇ ਇਕ ਬਰਮੀ ਇਸਤਰੀ ਨਾਲ ਅਨੰਦ ਕਾਰਜ ਕੀਤਾ ਹੋਇਆ ਸੀ ਅਤੇ ਉਸਦੇ ਬੱਚੇ ਵੀ ਸਨ। ਉਸ ਸਿੰਘ ਨੇ ਸੁੱਚ-ਭਿੱਟ ਵੀ ਰੱਖੀ ਹੋਈ ਸੀ। ਉਸਨੇ ਆਪਣੇ ਵੱਲੋਂ ਗੌਰਵ ਨਾਲ ਦੱਸਿਆ, "ਗਿਆਨੀ ਜੀ! ਭਾਵੇਂ ਮੈਂ ਬਰਮੀ ਨਾਲ ਵਿਆਹ ਕਰਾਇਆ ਹੈ ਤੇ ਬੱਚੇ ਵੀ ਹਨ, ਪਰ ਮੈਂ ਖਾਣ-ਪੀਣ ਵਿਚ ਸੁੱਚ ਰੱਖੀ ਹੋਈ ਹੈ, ਮੈਂ ਆਪਣਾ ਖਾਣਾ ਆਪ ਬਣਾਉਂਦਾ ਹਾਂ ਤੇ ਉਸਦੇ ਹੱਥ ਦਾ ਨਹੀਂ ਖਾਂਦਾ।" ਕਿੰਨੀ ਹਾਸੋ-ਹੀਣੀ ਗੱਲ ਹੈ ਕਿ ਉਸ ਇਸਤਰੀ ਨਾਲ ਸਰੀਰਕ ਸਾਂਝ ਤਾਂ ਹੈ, ਪਰ ਰੋਟੀ ਦੀ ਸਾਂਝ ਨਹੀਂ। ਤਾਹੀਓਂ ਗਿਆਨੀ ਸ਼ੇਰ ਸਿੰਘ ਆਖਦੇ ਹਨ ਕਿ ਅਜੇਹੀ ਸੁੱਚ-ਭਿੱਟ ਅਤੇ ਜਾਤ-ਪਾਤ ਕਾਰਨ ਹੀ ਸਿੱਖਾਂ ਦੀ ਗਿਣਤੀ ਨਹੀਂ ਵਧੀ ਅਤੇ ਸਿੱਖਾਂ ਨੇ ਗੁਰਮਤਿ ਨੂੰ ਸਮਝ ਕੇ ਗ੍ਰਹਿਣ ਨਹੀਂ ਕੀਤਾ, ਬਸ ਭੇਖ ਹੀ ਧਾਰ ਕੇ ਗੌਰਵ ਕਰ ਲੈਂਦੇ ਹਨ। ਅੱਜ ਵੀ ਬਹੁਤ ਸਿੱਖ, ਹੋਰ ਸਿੱਖਾਂ ਦੇ ਹੱਥੀਂ ਬਣੀ ਰੋਟੀ ਨਹੀਂ ਖਾਂਦੇ, ਆਪਣੀ ਰੋਟੀ ਆਪ ਬਣਾ ਕੇ ਖਾਂਦੇ ਹਨ। ਜੇ ਕਿਸੇ ਪਾਸੋਂ ਗ਼ਲਤੀ ਨਾਲ ਹੱਥ ਵੀ ਲੱਗ ਜਾਵੇ ਤਾਂ ਉਸਨੂੰ ਭਿੱਟਿਆ ਸਮਝ ਕੇ ਨਹੀਂ ਖਾਂਦੇ। ਜੂਠ ਤੇ ਸੁੱਚ ਦੇ ਭਰਮ ਪ੍ਰਤੀ ਹੋਰ ਸਪੱਸ਼ਟਤਾ ਲਈ ਭਗਤ ਕਬੀਰ ਜੀ ਦਾ ਸ਼ਬਦ ਢੁਕਵਾਂ ਹੋਵੇਗਾ ਜੋ ਉਨ੍ਹਾਂ ਨੇ ਬ੍ਰਾਹਮਣ ਪੰਡਤ ਨੂੰ ਵਿਅੰਗ ਰੂਪ ਵਿਚ ਕਿਹਾ ਹੈ। ਉਹ ਪੰਡਤ ਤੋਂ ਪੁੱਛਦੇ ਹਨ ਕਿ ਦੱਸੋ ਕਿਹੜੀ ਥਾਂ ਪਵਿੱਤਰ ਹੈ, ਜਿਥੇ ਬੈਠ ਕੇ ਭੋਜਨ ਖਾਧਾ ਜਾਵੇ :

> ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥
> ਆਵਹਿ ਜੂਠੇ ਜਾਹਿ ਭੀ ਜੂਠੇ, ਜੂਠੇ ਮਰਹਿ ਅਭਾਗੇ ॥
> ਕਹੁ ਪੰਡਿਤ, ਸੂਚਾ ਕਵਨੁ ਠਾਉ ॥
> ਜਹਾਂ ਬੈਸਿ ਹਉ ਭੋਜਨੁ ਖਾਉ ॥ਰਹਾਉ॥
> ਜਿਹਬਾ ਜੂਠੀ ਬੋਲਤ ਜੂਠਾ, ਕਰਨ ਨੇਤ੍ਰ ਸਭਿ ਜੂਠੇ ॥
> ਇੰਦ੍ਰੀ ਕੀ ਜੂਠਿ ਉਤਰਸਿ ਨਾਹੀ, ਬ੍ਰਹਮ ਅਗਨਿ ਕੇ ਲੂਠੇ ॥
> ਅਗਨਿ ਭੀ ਜੂਠੀ, ਪਾਨੀ ਜੂਠਾ, ਜੂਠੀ ਬੈਸਿ ਪਕਾਇਆ ॥
> ਜੂਠੀ ਕਰਛੀ ਪਰੋਸਨ ਲਾਗਾ, ਜੂਠੇ ਹੀ ਬੈਠਿ ਖਾਇਆ ॥
> ਗੋਬਰੁ ਜੂਠਾ, ਚਉਕਾ ਜੂਠਾ, ਜੂਠੀ ਦੀਨੀ ਕਾਰਾ ॥
> ਕਹਿ ਕਬੀਰ, ਤੇਈ ਨਰ ਸੂਚੇ, ਸਾਚੀ ਪਰੀ ਬਿਚਾਰਾ ॥ *(ਪੰਨਾ 1195)*

ਸਫ਼ਾਈ ਦਾ ਧਿਆਨ ਰੱਖਣਾ ਜ਼ਰੂਰੀ ਹੈ, ਭਾਵੇਂ ਸਫ਼ਾਈ ਘਰ ਦੀ ਹੈ, ਰਸੋਈ

ਦੀ ਹੈ ਜਾਂ ਸਰੀਰਕ, ਪਰ ਵਹਿਮ ਤੇ ਭਰਮ ਅਧੀਨ ਸੁੱਚ-ਭਿੱਟ ਨੂੰ ਨਹੀਂ ਮੰਨਣਾ। ਹਾਂ, ਜੇਕਰ ਕੋਈ ਵਿਅਕਤੀ ਸਰੀਰਕ ਸਫ਼ਾਈ ਦਾ ਧਿਆਨ ਨਹੀਂ ਕਰਦਾ ਜਾਂ ਖਾਣ-ਪੀਣ ਸਮੇਂ ਪਰਵਾਹ ਨਹੀਂ ਕਰਦਾ ਜਾਂ ਸ਼ਰਾਬ ਤੇ ਤਮਾਕੂ ਆਦਿ ਦਾ ਸੇਵਨ ਕਰਦਾ ਹੈ ਤਾਂ ਸਾਨੂੰ ਅਜੇਹੇ ਆਦਮੀ ਪਾਸੋਂ ਲੈ ਕੇ ਖਾਣ ਜਾਂ ਕੋਲ ਬੈਠ ਕੇ ਖਾਣ ਤੋਂ ਸੰਕੋਚ ਕਰਨਾ ਚਾਹੀਦਾ ਹੈ। ਸਿੱਖਾਂ ਦੇ ਮਨ 'ਚ ਕੋਈ ਜਾਤ ਅਭਿਮਾਨ ਨਾ ਹੋਵੇ ਅਤੇ ਕਿਸੇ ਨੂੰ ਜਾਤ-ਪਾਤ ਦੇ ਆਧਾਰ 'ਤੇ ਨਫ਼ਰਤ ਕਰ ਕੇ ਜਾਂ ਉਨ੍ਹਾਂ ਦੇ ਹੱਥੋਂ ਖਾਣ-ਪੀਣ ਪ੍ਰਤਿ ਸੰਕੋਚ ਨਾ ਕੀਤਾ ਜਾਵੇ। ਸਿੱਖ ਨੇ ਗੁਰੂ ਦੇ ਦਿੱਤੇ ਉਪਦੇਸ਼ਾਂ ਨੂੰ ਮੰਨ ਕੇ ਵਿਸ਼ਾਲ ਹਿਰਦੇ ਵਾਲਾ ਬਣਨਾ ਹੈ।

ਸਾਲ 1984-85 ਵਿਚ ਸਰੀ, ਬੀ.ਸੀ. ਦੇ ਇਕ ਗੁਰਦੁਆਰਾ ਸਾਹਿਬ ਵਿਚ ਕਥਾ ਕਰਨ ਵਾਲੇ ਬਾਬੇ ਨੇ ਕਿਹਾ ਕਿ ਲੰਗਰ ਵਿਚ ਜਿਸ ਤਰੀਕੇ ਨਾਲ ਬਰਤਨ ਸਾਫ਼ ਕੀਤੇ ਜਾਂਦੇ ਹਨ, ਸੁੱਚੇ ਨਹੀਂ ਹੁੰਦੇ। ਸਾਨੂੰ ਪੁਰਾਤਨ ਪ੍ਰੰਪਰਾ ਅਨੁਸਾਰ ਰੇਤੇ ਜਾਂ ਸੁਆਹ ਨਾਲ ਬਰਤਨ ਸਾਫ਼ ਕਰਨੇ ਚਾਹੀਦੇ ਹਨ, ਪਰ ਸੰਗਤਾਂ ਨੇ ਅਜੇਹੀ ਅਢੁਕਵੀਂ ਸਲਾਹ ਦੀ ਕੋਈ ਪਰਵਾਹ ਨਹੀਂ ਕੀਤੀ। ਵਿਦੇਸ਼ਾਂ ਵਿਚ ਸੰਗਤਾਂ ਦੇ ਬਰਤਨ ਸਾਫ਼ ਕਰਨ ਲਈ ਵਿਸ਼ੇਸ਼ ਮਸ਼ੀਨਾਂ ਹੁੰਦੀਆਂ ਹਨ ਤੇ ਬਰਤਨ ਸਾਫ਼ ਕਰਨ ਲਈ ਵਿਸ਼ੇਸ਼ ਸਾਬਣ ਦਾ ਪ੍ਰਯੋਗ ਹੁੰਦਾ ਹੈ। ਹੁਣ ਤਾਂ ਭਾਰਤ ਅੰਦਰ ਵੀ ਸਾਬਣ ਨਾਲ ਬਰਤਨ ਸਾਫ਼ ਕੀਤੇ ਜਾਂਦੇ ਹਨ। ਭਾਰਤ ਅੰਦਰ ਤਾਂ ਪਤਾ ਨਹੀਂ, ਪਰ ਵਿਦੇਸ਼ਾਂ ਅੰਦਰ ਸਫ਼ਾਈ-ਚੈੱਕ ਕਰਨ ਲਈ ਅਫ਼ਸਰ ਆਉਂਦੇ ਹਨ ਅਤੇ ਸਫ਼ਾਈ ਪੱਖੋਂ ਵਿਸ਼ੇਸ਼ ਹਦਾਇਤਾਂ ਦਾ ਪਾਲਣ ਕਰਨਾ ਜ਼ਰੂਰੀ ਹੈ ਅਤੇ ਕੋਈ ਅਣਗਹਿਲੀ ਨਹੀਂ ਹੋ ਸਕਦੀ। ਭਾਰਤ ਅੰਦਰ ਬਹੁਤ ਥਾਈਂ ਲੰਗਰਾਂ ਦੇ ਬਰਤਨ ਸਾਫ਼ ਕਰਨ ਲਈ ਰੇਤੇ ਜਾਂ ਮਿੱਟੀ ਜਾਂ ਸੁਆਹ ਦਾ ਪ੍ਰਯੋਗ ਹੁੰਦਾ ਹੈ, ਬਾਅਦ ਵਿਚ ਪਾਣੀ ਨਾਲ ਵੀ ਧੋਂਦੇ ਹਨ। ਸਫ਼ਾਈ ਪੱਖੋਂ ਇਹ ਠੀਕ ਨਹੀਂ ਕਿਉਂਕਿ ਰੇਤੇ ਜਾਂ ਮਿੱਟੀ ਨੂੰ ਛੇਤੀ ਨਹੀਂ ਬਦਲਿਆ ਜਾਂਦਾ। ਇਸ ਨਾਲ ਜਰਾਸੀਮ ਪੈਦਾ ਹੋਣ ਦਾ ਡਰ ਹੈ। ਜਿਵੇਂ ਅੱਜਕੱਲ੍ਹ ਡਰਾਉਣੀਆਂ ਤੇ ਭਿਆਨਕ ਬੀਮਾਰੀਆਂ ਫੈਲਦੀਆਂ ਹਨ, ਉਨ੍ਹਾਂ ਤੋਂ ਰੋਕ-ਥਾਮ ਲਈ ਬਰਤਨਾਂ ਨੂੰ ਸਾਫ਼ ਕਰਨ ਲਈ ਸਾਬਣ ਦਾ ਪ੍ਰਯੋਗ ਕਰਨਾ ਜ਼ਰੂਰੀ ਹੈ ਅਤੇ ਪਾਣੀ ਦੀ ਵੀ ਬਹੁਲਤਾ ਹੋਵੇ। ਧਰਮ ਦੇ ਕਦੀ ਇਹ ਅਰਥ ਨਹੀਂ ਕਿ ਅਸੀਂ ਪੁਰਾਣੇ ਵਹਿਮਾਂ ਦੇ ਨਾਲ ਚਿੰਬੜੇ ਰਹੀਏ। ਇਨ੍ਹਾਂ ਬੀਮਾਰੀਆਂ ਦੀ ਮਾਰ ਤੋਂ ਬਚਣ ਲਈ ਡਾਕਟਰਾਂ ਦਾ ਕਹਿਣਾ ਹੈ ਕਿ ਸਾਨੂੰ ਵਾਰ ਵਾਰ ਸਾਬਣ ਨਾਲ ਹੱਥ ਧੋਣੇ ਚਾਹੀਦੇ ਹਨ, ਜਿਸ ਨਾਲ ਜਰਾਸੀਮਾਂ ਤੋਂ ਬਚਿਆ ਜਾ ਸਕੇ। ਜਿਥੇ ਸੰਭਵ ਹੋਵੇ, ਉਥੇ ਨਵੀਆਂ ਤੇ ਆਧੁਨਿਕ ਸਹੂਲਤਾਂ ਦਾ ਪ੍ਰਯੋਗ ਜ਼ਰੂਰੀ ਹੈ।

ਸਿੱਖਾਂ ਲਈ ਅਸਲ ਸੁੱਚ ਤਾਂ ਮਨ ਦੀ ਸੁੱਚ ਹੈ। ਜੇ ਅਸੀਂ ਨੀਵੀਆਂ ਜਾਤੀਆਂ ਨਾਲ ਬੈਠ ਕੇ ਖਾਣਾ ਭਿੱਟ ਸਮਝਦੇ ਹਾਂ ਤਾਂ ਅਸੀਂ ਸਿੱਖੀ ਮੰਡਲ ਵਿਚ ਪਰਵੇਸ਼ ਨਹੀਂ ਕੀਤਾ। ਕੁਝ ਸਾਲ ਪਹਿਲਾਂ ਬਠਿੰਡੇ ਦੇ ਇਲਾਕੇ ਵਿਚ ਜੇ ਕੋਈ ਸ਼ਰਧਾਲੂ ਪਰਿਵਾਰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਘਰ ਲੈ ਜਾਂਦਾ ਤਾਂ ਆਖਿਆ ਜਾਂਦਾ ਸੀ ਕਿ ਜਾਤ-ਪਾਤ ਪ੍ਰਥਾ ਅਧੀਨ ਨੀਵੀਆਂ ਜਾਤਾਂ ਦੇ ਘਰ ਗੁਰੂ ਸਰੂਪ ਲੈ ਜਾਣ ਨਾਲ਼ ਭਿੱਟਿਆ

ਗਿਆ ਅਤੇ ਉਸ ਸਰੂਪ ਨੂੰ ਵਾਪਸ ਲੈਣ ਤੋਂ ਇਨਕਾਰ ਕੀਤਾ ਜਾਂਦਾ ਸੀ। ਜੋ ਲੋਕ ਸੁੱਚ-ਭਿੱਟ ਲਈ ਵਹਿਮ-ਗ੍ਰਸਤ ਹੋ ਕੇ ਗੁਰੂ ਨੂੰ ਵੀ ਭਿੱਟਿਆ ਸਮਝ ਸਕਦੇ ਹਨ, ਤਾਂ ਅਜੇਹੇ ਲੋਕਾਂ ਨੂੰ ਕੌਣ ਮਤ ਦੇਵੇ। ਸਾਨੂੰ ਗੁਰਮਤਿ ਮਾਰਗ ਦਰਸ਼ਨ ਦੀ ਪੂਰੀ ਸੋਝੀ ਹੋਣੀ ਚਾਹੀਦੀ ਹੈ। ਸੁੱਚ-ਭਿੱਟ ਕੋਈ ਚੀਜ਼ ਨਹੀਂ, ਇਹ ਨਿਰੀ ਵਹਿਮ-ਪ੍ਰਸਤੀ ਹੈ। ਸਫ਼ਾਈ ਪੱਖੋਂ ਅਸੀਂ ਅਵੇਸਲੇ ਨਾ ਹੋਈਏ ਅਤੇ ਪੁਰਾਤਨ ਗ਼ਲਤ ਪਿਰਤਾਂ ਨੂੰ ਜਾਂ ਵਹਿਮਾਂ ਨੂੰ ਲਾਂਭੇ ਰੱਖੀਏ। ਅੱਜ ਦੇ ਯੁਗ ਵਿਚ ਜੇਕਰ ਕੋਈ ਪ੍ਰਾਣੀ ਸਾਬਣ ਵਰਤਣ ਦੀ ਥਾਂ ਮਿੱਟੀ ਜਾਂ ਰੇਤੇ ਨਾਲ ਹੱਥ ਜਾਂ ਭਾਂਡੇ ਸੁੱਚੇ ਕਰਨਾ ਚਾਹੇ, ਤਾਂ ਮੂਰਖਤਾ ਹੀ ਹੋਵੇਗੀ ਨਾ ਕਿ ਸਿਆਣਪ।

# ਅਖੰਡ ਜਾਂ ਸਹਿਜ-ਪਾਠ ਦੇ ਭੋਗ ਦੀ ਮਰਯਾਦਾ

ਕੁਝ ਸਾਲ ਪਹਿਲਾਂ ਦੀ ਗੱਲ ਹੈ, ਦਾਸ ਇਕ ਗੁਰਦੁਆਰਾ ਸਾਹਿਬ ਅੰਦਰ ਪਾਠ ਦੇ ਭੋਗ ਪੈਣ ਸਮੇਂ ਹਾਜ਼ਰ ਸੀ। ਭੋਗ ਪਾਉਣ ਵਾਲੇ ਗ੍ਰੰਥੀ ਸਿੰਘ ਨੇ ਰਾਗਮਾਲਾ ਦਾ ਪਾਠ ਕਰ ਕੇ ਜਪੁ ਬਾਣੀ ਦਾ ਪਾਠ ਸ਼ੁਰੂ ਕਰ ਦਿੱਤਾ। ਜਪੁਜੀ ਦੇ ਪਾਠ ਦੀ ਸਮਾਪਤੀ ਪਿੱਛੋਂ ਸ਼ਬਦ ਹਜ਼ਾਰੇ ਵਾਲੇ ਸ਼ਬਦਾਂ ਨੂੰ ਚੁਣ ਚੁਣ ਕੇ ਪਾਠ ਕਰਦਾ ਰਿਹਾ। ਮੇਰੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਹਿ ਚੁੱਕੇ ਮੈਂਬਰ ਬੈਠੇ ਸਨ। ਉਨ੍ਹਾਂ ਕਿਹਾ, "ਸਾਰੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੋ ਚੁੱਕਾ ਹੈ ਅਤੇ ਦੁਬਾਰਾ ਜਪੁ ਬਾਣੀ ਤੇ ਹੋਰ ਚੁਣ ਕੇ ਸ਼ਬਦਾਂ ਦਾ ਪਾਠ ਕਰ ਕੇ ਭੋਗ ਪਾਉਣਾ ਕੋਈ ਮਹੱਤਤਾ ਨਹੀਂ ਰੱਖਦਾ, ਤਾਹੀਓਂ ਸਾਡੇ ਨੌਜਵਾਨ ਧਰਮ ਦੀਆਂ ਬੇਲੋੜੀਆਂ ਰਸਮਾਂ ਦੇਖ ਕੇ ਕਾਮਰੇਡ ਬਣੀ ਜਾ ਰਹੇ ਹਨ।" ਉਸ ਸਮੇਂ ਮੈਂ ਉਨ੍ਹਾਂ ਦੀ ਕਹੀ ਗੱਲ ਬਾਰੇ ਬਹੁਤਾ ਧਿਆਨ ਨਾ ਦਿੱਤਾ।

ਕੁਝ ਦਿਨ ਹੋਏ, ਇਕ ਗੁਰਦੁਆਰਾ ਸਾਹਿਬ ਵਿਖੇ ਭੋਗ ਦੇ ਸਲੋਕ ਪੜ੍ਹੇ ਜਾ ਰਹੇ ਸਨ ਤੇ ਸਾਰੇ ਸਮਾਗਮ ਦੀ ਕਾਰਵਾਈ ਰੇਡੀਓ 'ਤੇ ਆ ਰਹੀ ਸੀ। ਗ੍ਰੰਥੀ ਸਿੰਘ ਨੇ ਰਾਗਮਾਲਾ ਪੜ੍ਹ ਕੇ ਜਪੁ ਬਾਣੀ ਦਾ ਪਾਠ ਸ਼ੁਰੂ ਕਰ ਦਿੱਤਾ। ਮੇਰਾ ਖ਼ਿਆਲ ਸੀ ਕਿ ਹੋ ਸਕਦਾ ਹੈ ਕਿ ਹੋਰ ਪਾਠ ਆਰੰਭ ਕਰਨ ਲਈ ਜਪੁਜੀ ਦੀਆਂ ਪੰਜ ਪਉੜੀਆਂ ਦਾ ਪਾਠ ਕਰਨਾ ਹੋਵੇਗਾ, ਪਰ ਸਾਰਾ ਜਪੁਜੀ ਦਾ ਪਾਠ ਕਰ ਕੇ ਅਨੰਦੁ ਸਾਹਿਬ ਦੀਆਂ ਛੇ ਪਉੜੀਆਂ ਪੜ੍ਹੀਆਂ। ਜੇਕਰ ਪੰਥ ਵੱਲੋਂ ਪ੍ਰਚਲਿਤ ਮਰਯਾਦਾ ਨੂੰ ਦੇਖੀਏ ਤਾਂ ਜ਼ਿਆਦਾ ਥਾਈਂ ਪਾਠ ਦੇ ਭੋਗ ਸਮੇਂ ਅਨੰਦੁ ਸਾਹਿਬ ਦੀਆਂ ਛੇ ਹੀ ਪਉੜੀਆਂ ਪੜ੍ਹੀਆਂ ਜਾਂਦੀਆਂ ਹਨ। ਛਪੀ ਰਹਿਤ ਮਰਯਾਦਾ ਅੰਦਰ ਛਾਪੇ ਦੀ ਗ਼ਲਤੀ ਜਾਂ ਲਿਖਣ ਸਮੇਂ ਸਪੱਸ਼ਟ ਨਾ ਲਿਖਿਆ ਹੋਣ ਕਾਰਨ ਕੋਈ ਇਕ ਅੱਧਾ ਵਿਅਕਤੀ ਹੀ ਅੜੀ ਕਰਦਾ ਹੈ ਕਿ ਪਾਠ ਦਾ ਭੋਗ ਪੂਰਾ ਅਨੰਦੁ ਸਾਹਿਬ ਪੜ੍ਹ ਕੇ ਪਾਇਆ ਜਾਵੇ। ਦੂਸਰਾ ਅਸੀਂ ਕਈ ਰੀਤਾਂ ਸਥਾਨਕ ਤੌਰ 'ਤੇ ਪ੍ਰਚਲਿਤ ਕਰ ਦਿੱਤੀਆਂ ਹਨ ਅਤੇ ਉਨ੍ਹਾਂ ਪ੍ਰਤਿ ਨਾ ਹੀ ਕਦੀ ਪੁੱਛ-ਗਿੱਛ ਕੀਤੀ ਜਾਂਦੀ ਹੈ ਤੇ ਨਾ ਹੀ ਰਹਿਤ ਮਰਯਾਦਾ ਨੂੰ ਵੀਚਾਰਿਆ ਜਾਂਦਾ ਹੈ। ਆਮ ਸੰਗਤਾਂ ਨੂੰ ਕੋਈ ਦਿਲਚਸਪੀ ਨਹੀਂ ਹੁੰਦੀ। ਹਾਂ, ਜੇਕਰ ਪਾਠ ਦਾ ਭੋਗ ਲੇਟ ਹੋਵੇ ਅਤੇ ਪ੍ਰਬੰਧਕ ਆਖਣ ਕਿ ਪੂਰਾ ਅਨੰਦੁ ਸਾਹਿਬ ਪੜ੍ਹਿਆ ਜਾਵੇ ਤਾਂ ਕਦੀ ਕਦੀ ਸੰਗਤਾਂ ਅੱਕ ਜਾਂਦੀਆਂ ਹਨ।

ਜਿਥੋਂ ਤਕ ਪਾਠ ਦੇ ਮਹਾਤਮ ਦੀ ਗੱਲ ਹੈ, ਉਸ ਵਿਚ ਕੋਈ ਫ਼ਰਕ ਨਹੀਂ। ਗੁਰੂ ਗ੍ਰੰਥ ਸਾਹਿਬ ਦਾ ਪਾਠ ਹੁੰਦਾ ਹੈ, ਪਾਠ ਕਰਨ ਵੇਲੇ ਅਨੰਦੁ ਸਾਹਿਬ ਤੇ ਜਪੁਜੀ

ਜਾਂ ਹੋਰ ਸ਼ਬਦ, ਜਿਨ੍ਹਾਂ ਨੂੰ ਕਈ ਵੀਰ ਪਾਠ ਸਮਾਪਤੀ ਲਈ ਪੜ੍ਹਨਾ ਜ਼ਰੂਰੀ ਸਮਝਦੇ ਹਨ, ਨੂੰ ਪਹਿਲਾਂ ਪੜ੍ਹਿਆ ਜਾਂਦਾ ਹੈ, ਤਾਂ ਓਹੀ ਪਾਠ ਦੁਬਾਰਾ ਪੜ੍ਹੇ ਜਾਣ ਨਾਲ ਕੋਈ ਵੱਧ ਮਹਾਤਮ ਨਹੀਂ ਮਿਲਦਾ। ਉਂਝ ਵੀ ਰਸਮੀ ਪਾਠ ਜਾਂ ਅਖੰਡ ਪਾਠ, ਜਿਨ੍ਹਾਂ ਨੂੰ ਬਿਨਾਂ ਸਮਝੇ ਕਰੀ ਜਾ ਰਹੇ ਹਾਂ, ਕੋਈ ਲਾਭਕਾਰੀ ਨਹੀਂ। ਇਸ ਤੱਥ ਬਾਰੇ ਪ੍ਰਬੰਧਕਾਂ ਨੂੰ ਵੀ ਸਪੱਸ਼ਟ ਹੈ, ਪਰ ਲੋਕਾਂ ਦੀ ਪਾਠ ਪ੍ਰਤਿ ਸ਼ਰਧਾ ਅਤੇ ਦੂਸਰਾ, ਗੁਰੂ ਘਰਾਂ ਦੀ ਆਮਦਨ ਦਾ ਸਾਧਨ ਹੋਣ ਕਾਰਨ ਅੱਖਾਂ ਮੀਟ ਕੇ ਰਸਮਾਂ ਕਰੀ ਜਾ ਰਹੇ ਹਾਂ।

ਪਾਠ ਦਾ ਭੋਗ ਮੁੰਦਾਵਣੀ 'ਤੇ ਜਾਂ ਰਾਗਮਾਲਾ ਪੜ੍ਹ ਕੇ ਪਾਇਆ ਜਾਵੇ, ਇਸ ਸੰਬੰਧ ਵਿਚ ਸਮੁੱਚਾ ਪੰਥ ਫ਼ੈਸਲਾ ਨਹੀਂ ਕਰ ਸਕਿਆ। ਪਹਿਲੀ ਬਣੀ ਰਹਿਤ ਮਰਯਾਦਾ ਵਿਚ ਫ਼ੈਸਲਾ ਹੋ ਗਿਆ ਸੀ ਕਿ ਪਾਠ ਦਾ ਭੋਗ ਮੁੰਦਾਵਣੀ 'ਤੇ ਪਾਇਆ ਜਾਵੇ, ਪਰ ਡੇਰੇ ਵਾਲਿਆਂ ਜਾਂ ਹੋਰ ਜਥਿਆਂ ਨੇ ਉਪਰੋਕਤ ਫ਼ੈਸਲੇ ਨੂੰ ਪਰਵਾਨ ਨਹੀਂ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਹਿਤ ਮਰਯਾਦਾ ਦੀ ਦੂਜੀ ਐਡੀਸ਼ਨ ਵਿਚ ਪਹਿਲੇ ਫ਼ੈਸਲੇ ਨੂੰ ਬਦਲ ਕੇ ਛਾਪ ਦਿੱਤਾ : "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹ ਕੇ ਚੱਲਦੀ ਸਥਾਨਕ ਰੀਤਿ ਅਨੁਸਾਰ ਪਾਇਆ ਜਾਵੇ।" ਇਸ ਬਾਰੇ ਵਿਸਥਾਰ ਵਿਚ ਜਾਣਕਾਰੀ ਪ੍ਰਾਪਤ ਕਰਨ ਲਈ ਹੁਣੇ ਹੀ ਛਪੀ ਪੁਸਤਕ *ਮੁੰਦਾਵਣੀ* ਲੇਖਕ ਗਿਆਨੀ ਗੁਰਦਿੱਤ ਸਿੰਘ ਪੜ੍ਹੀ ਜਾ ਸਕਦੀ ਹੈ, ਜਿਸ ਵਿਚ ਰਾਗਮਾਲਾ ਕਿਵੇਂ ਚੜ੍ਹੀ, ਕਿਥੋਂ ਆਈ ਤੇ ਰਾਗਮਾਲਾ ਦਾ ਅਸਲ ਲੇਖਕ ਕੌਣ ਹੈ, ਸਬੂਤਾਂ ਸਮੇਤ ਦਿੱਤਾ ਹੋਇਆ ਹੈ।

ਇਸ ਸਮੇਂ ਪਾਠ ਦੇ ਭੋਗ ਦੀ ਮਰਯਾਦਾ ਹੈ ਕਿ ਪਾਠ ਪੂਰਾ ਕਰ ਕੇ ਚਾਹੇ ਮੁੰਦਾਵਣੀ 'ਤੇ ਭੋਗ ਪਾ ਦੇਵੇ ਜਾਂ ਰਾਗਮਾਲਾ ਪੜ੍ਹ ਲਵੇ, ਪਿੱਛੋਂ ਅਨੰਦੁ ਸਾਹਿਬ ਦੀਆਂ ਛੇ ਪਉੜੀਆਂ ਪੜ੍ਹੀਆਂ ਜਾਂਦੀਆਂ ਹਨ, ਜਾਂ ਰਾਗੀ ਵਾਜੇ 'ਤੇ ਵੀ ਗਾ ਸਕਦੇ ਹਨ, ਕਈ ਵਾਰ ਸਮੂਹ ਸੰਗਤ ਰਲ ਕੇ ਵੀ ਪੜ੍ਹ ਦਿੰਦੀ ਹੈ। ਬਹੁਤ ਥਾਵਾਂ 'ਤੇ ਇਹੀ ਮਰਯਾਦਾ ਹੈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੀ ਇਸ ਤਰ੍ਹਾਂ ਹੀ ਭੋਗ ਪੈਂਦਾ ਹੈ, ਪਰ ਉਥੇ ਰਾਗਮਾਲਾ ਨਹੀਂ ਪੜ੍ਹੀ ਜਾਂਦੀ। ਦੂਸਰੀ ਮਰਯਾਦਾ ਜੋ ਕਿ ਨਾਨਕਸਰ ਠਾਠ ਵਾਲੇ ਜਾਂ ਉਨ੍ਹਾਂ ਦੇ ਪ੍ਰਭਾਵ ਹੇਠ ਡੇਰਿਆਂ ਵਿਚ ਪ੍ਰਚਲਿਤ ਹੈ। ਪਾਠ ਦੀ ਸਮਾਪਤੀ 'ਤੇ ਰਾਗਮਾਲਾ ਪੜ੍ਹੀ ਜਾਂਦੀ ਹੈ, ਫਿਰ ਜਪੁਜੀ ਦਾ ਪੂਰਾ ਪਾਠ, ਆਖ਼ਰ 'ਚ ਸ਼ਬਦ ਹਜ਼ਾਰੇ ਦੇ ਕੁਝ ਸ਼ਬਦ ਜਿਨ੍ਹਾਂ ਨੂੰ ਵੱਖ-ਵੱਖ ਥਾਵਾਂ 'ਤੇ ਚੁਣ ਕੇ ਪੜ੍ਹਿਆ ਜਾਂਦਾ ਹੈ, ਫਿਰ ਅਨੰਦੁ ਸਾਹਿਬ ਦੀਆਂ ਛੇ ਪਉੜੀਆਂ।

ਤੀਸਰੀ ਮਰਯਾਦਾ ਪਾਠ ਦੀ ਸਮਾਪਤੀ ਉਪ੍ਰੰਤ ਰਾਗਮਾਲਾ, ਫਿਰ ਅਨੰਦੁ ਸਾਹਿਬ ਦਾ ਪੂਰਾ ਪਾਠ। ਚੌਥੀ ਮਰਯਾਦਾ ਪਾਠ ਦੀ ਸਮਾਪਤੀ ਰਾਗਮਾਲਾ ਪੜ੍ਹ ਕੇ, ਫਿਰ ਜਪੁਜੀ ਪੂਰਾ, ਪਿੱਛੋਂ ਅਨੰਦੁ ਸਾਹਿਬ ਦੀਆਂ ਛੇ ਪਉੜੀਆਂ ਪੜ੍ਹੀਆਂ ਜਾਂਦੀਆਂ ਹਨ। ਜ਼ਿਆਦਾ ਤੌਰ 'ਤੇ ਗੁਰਦੁਆਰਿਆਂ ਅੰਦਰ ਪੰਥਕ ਮਰਯਾਦਾ ਅਨੁਸਾਰ ਭੋਗ ਪੈਂਦਾ ਹੈ, ਪਾਠ ਦੀ ਸਮਾਪਤੀ ਚਾਹੇ ਮੁੰਦਾਵਣੀ 'ਤੇ ਜਾਂ ਰਾਗਮਾਲਾ ਪੜ੍ਹ ਕੇ ਕੀਤੀ ਜਾਵੇ ਅਤੇ ਪਿੱਛੋਂ ਅਨੰਦੁ ਸਾਹਿਬ ਦੀਆਂ ਛੇ ਪਉੜੀਆਂ ਪੜ੍ਹ ਕੇ ਅਰਦਾਸ ਹੁੰਦੀ ਹੈ। ਪੰਥਕ ਹਿੱਤੂਆਂ ਨੂੰ ਮਰਯਾਦਾ ਦੇ ਏਕੀਕਰਣ ਲਈ ਜਤਨ ਕਰਨਾ ਚਾਹੀਦਾ ਹੈ।

ਇਸ ਤੱਥ ਬਾਰੇ ਕਿਸੇ ਨੂੰ ਕੋਈ ਸ਼ੰਕਾ ਨਹੀਂ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਾਠ ਦੀ ਸਮਾਪਤੀ 'ਤੇ ਅਨੰਦੁ ਸਾਹਿਬ ਦੀਆਂ ਪਹਿਲੀਆਂ ਪੰਜ ਤੇ ਅਖ਼ੀਰਲੀ ਪਉੜੀ ਪੜ੍ਹੀ ਜਾਂਦੀ ਹੈ। ਬਹੁਤ ਥਾਈਂ ਗੁਰਦੁਆਰਿਆਂ ਅੰਦਰ ਵੀ ਇਹੀ ਮਰਯਾਦਾ ਹੈ। ਹਾਂ, ਜੇਕਰ ਫਿਰ ਵੀ ਕਿਸੇ ਨੂੰ ਸ਼ੰਕਾ ਹੋਵੇ ਤਾਂ ਧਰਮ ਪ੍ਰਚਾਰ ਕਮੇਟੀ ਨੂੰ ਚਿੱਠੀ ਲਿਖ ਕੇ ਪੁੱਛ-ਗਿੱਛ ਕਰ ਲੈਣੀ ਚਾਹੀਦੀ ਹੈ।

## 'ਸਦੁ' ਦਾ ਪਾਠ

ਜ਼ਿਆਦਾ ਥਾਈਂ ਮਿਰਤਕ ਸੰਸਕਾਰ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਉਪ੍ਰੰਤ 'ਸਦੁ' ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਇਸ ਸੰਬੰਧੀ 'ਸਿੱਖ ਰਹਿਤ ਮਰਯਾਦਾ' ਅੰਦਰ ਕੋਈ ਵੇਰਵਾ ਨਹੀਂ। ਇਸ ਤੋਂ ਭਾਵ ਹੈ ਕਿ ਪਾਠ ਦੀ ਸਮਾਪਤੀ ਉਪ੍ਰੰਤ 'ਸਦੁ' ਬਾਣੀ ਦਾ ਪਾਠ ਕਰਨਾ ਜ਼ਰੂਰੀ ਨਹੀਂ।

# ਅੰਮ੍ਰਿਤ ਸੰਸਕਾਰ : ਵਿਧੀ ਅਤੇ ਵਹਿਮ

ਸਿੱਖ ਧਰਮ ਅੰਦਰ 'ਅੰਮ੍ਰਿਤ ਸੰਸਕਾਰ' ਨੂੰ ਜੀਵਨ ਦੇ ਹੋਰ ਸੰਸਕਾਰਾਂ ਨਾਲੋਂ ਮਹੱਤਵਪੂਰਨ ਮੰਨਿਆ ਜਾਂਦਾ ਹੈ। ਜਿਥੋਂ ਤਕ 'ਅੰਮ੍ਰਿਤ' ਸ਼ਬਦ ਦੇ ਪਿਛੋਕੜ ਬਾਰੇ ਹੈ, ਇਸਦਾ ਮੂਲ ਸਰੋਤ ਹਿੰਦੂ ਜਾਂ ਸਨਾਤਨ ਧਰਮ ਦੇ ਮਿਥਿਹਾਸਕ ਕੋਸ਼ ਹਨ ਜਾਂ ਧਾਰਮਿਕ ਪੁਸਤਕਾਂ। ਭਾਈ ਕਾਨ੍ਹ ਸਿੰਘ ਜੀ ਨਾਭਾ ਕ੍ਰਿਤ *ਮਹਾਨ ਕੋਸ਼* ਅੰਦਰ ਵੀ ਸਨਾਤਨੀ ਰੰਗ ਅਨੁਸਾਰ ਇਸਦੇ ਅਰਥ ਕੀਤੇ ਗਏ ਹਨ : "ਇਕ ਪੀਣ ਯੋਗ ਪਦਾਰਥ ਜਿਸਦੇ ਅਸਰ ਨਾਲ ਮੌਤ ਨਹੀਂ ਹੁੰਦੀ।" ਸੰਸਾਰ ਅੰਦਰ ਨਾ ਕੋਈ ਅਜੇਹਾ ਤਰਲ ਪਦਾਰਥ ਹੈ ਤੇ ਨਾ ਹੀ ਕਦੀ ਬਣ ਸਕੇਗਾ। ਇਹ ਵੀ ਮਿਥਿਹਾਸਕ ਹੈ ਕਿ ਅੰਮ੍ਰਿਤ ਪੀਣ ਨਾਲ ਮੌਤ ਨਹੀਂ ਹੁੰਦੀ। ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ 'ਅੰਮ੍ਰਿਤ' ਸ਼ਬਦ ਨੂੰ ਵੱਖ-ਵੱਖ ਅਰਥਾਂ ਵਿਚ ਵਰਤਿਆ ਹੈ। ਜ਼ਿਆਦਾਤਰ ਇਸ ਸ਼ਬਦ ਨੂੰ ਰੱਬ ਦੇ ਨਾਮ ਲਈ ਪ੍ਰਯੋਗ ਕੀਤਾ ਹੈ। ਜਿਥੋਂ ਤਕ ਮੌਤ ਜਾਂ ਅਟੱਲ ਹੋਣ ਬਾਰੇ ਹੈ, ਗੁਰਮਤਿ ਦਾ ਸਿਧਾਂਤ ਵਿਲੱਖਣ ਹੈ, ਜਿਸ ਅਨੁਸਾਰ :

**ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ...॥** *(ਪੰਨਾ 496)*

ਭਾਵ ਜਿਸ ਪ੍ਰਾਣੀ ਨੇ ਵਾਹਿਗੁਰੂ ਦੇ ਨਾਮ ਨੂੰ ਆਪਣੇ ਅੰਦਰ ਵਸਾ ਲਿਆ, ਉਹ ਪ੍ਰਾਣੀ ਅਗੰਮੀ ਜਾਂ ਮਹਾਨ ਜੋਤਿ ਨਾਲ ਇੱਕ-ਮਿੱਕ ਹੋ ਜਾਂਦਾ ਹੈ, ਉਸਦੀ ਆਤਮਕ ਮੌਤ ਨਹੀਂ ਹੁੰਦੀ। 'ਅੰਮ੍ਰਿਤ' ਸ਼ਬਦ ਸੰਬੰਧੀ ਕੁਝ ਪ੍ਰਮਾਣ :

**ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ,**
**ਅੰਮ੍ਰਿਤੁ ਗੁਰਮਤਿ ਪਾਏ ਰਾਮ॥** *(ਪੰਨਾ 538)*

**ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ,**
**ਸੋ ਅੰਮ੍ਰਿਤੁ ਗੁਰ ਪਾਹੀ ਜੀਉ॥** *(ਪੰਨਾ 598)*

'ਅੰਮ੍ਰਿਤ' ਸ਼ਬਦ ਖਾਣ-ਪੀਣ ਦੀਆਂ ਵਸਤੂਆਂ ਲਈ :

**ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥**
**ਤਿਸੁ ਠਾਕੁਰ ਕਉ ਰਖੁ ਮਨ ਮਾਹਿ॥** *(ਪੰਨਾ 269)*

ਜਿਵੇਂ ਪਹਿਲਾਂ ਉਲੇਖ ਕੀਤਾ ਹੈ ਕਿ 'ਅੰਮ੍ਰਿਤ' ਸ਼ਬਦ ਦਾ ਮੂਲ ਸਰੋਤ ਹਿੰਦੂ ਧਰਮ ਦੀਆਂ ਪੁਸਤਕਾਂ ਹਨ ਅਤੇ ਇਹ ਸ਼ਬਦ ਵੈਦਿਕ ਕਾਲ ਤੋਂ ਹੀ ਪ੍ਰਚਲਿਤ ਹੈ। ਵਿਸ਼ੇਸ਼ ਕਰਕੇ ਇਸ ਸ਼ਬਦ ਨੂੰ ਸੋਮਰਸ ਲਈ ਵਰਤਿਆ ਜਾਂਦਾ ਸੀ। ਮਿਥਿਹਾਸਕ

ਕਥਾ ਹੈ ਕਿ ਇਸ ਅੰਮ੍ਰਿਤ ਤੇ ਹੋਰ ਅਮੋਲ ਵਸਤੂਆਂ ਦੀ ਭਾਲ ਲਈ ਸਮੁੰਦਰ ਰਿੜਕਿਆ ਗਿਆ ਜਿਸ ਦੇ ਫਲਸਰੂਪ 14 ਰਤਨ ਨਿਕਲੇ। ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਖ਼ਾਲਸੇ ਦੀ ਸਾਜਣਾ ਸਮੇਂ ਖੰਡੇ ਦੀ ਪਾਹੁਲ ਦੇਣ ਦੀ ਰੀਤ ਚਲਾਈ ਤੇ ਖੰਡੇ ਦੀ ਪਾਹੁਲ ਨੂੰ ਅੰਮ੍ਰਿਤ ਵੀ ਕਿਹਾ ਗਿਆ ਤੇ ਇਸ ਵਿਧੀ ਨੂੰ ਅੰਮ੍ਰਿਤ ਸੰਸਕਾਰ ਦਾ ਨਾਂਵ ਦਿੱਤਾ ਗਿਆ।

ਸਿੱਖ ਇਤਿਹਾਸ ਦੇ ਸਰੋਤਾਂ ਵਿਚ 1699 ਵਾਲੀ ਵਿਸਾਖੀ ਸਮੇਂ ਅੰਮ੍ਰਿਤ ਸੰਚਾਰ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਉਪਲਬਧ ਨਹੀਂ ਹੈ। ਜਿਥੇ ਇਤਿਹਾਸਕ ਸਰੋਤਾਂ ਅੰਦਰ ਅੰਮ੍ਰਿਤ ਸੰਚਾਰ ਦੀ ਵਿਧੀ ਬਾਰੇ ਭਿੰਨਤਾ ਹੈ, ਉਥੇ ਇਸ ਮਹਾਨ ਸਮਾਗਮ ਦੇ ਸਮੇਂ ਬਾਰੇ ਵੀ ਭਿੰਨ ਭਿੰਨ ਮਤ ਹਨ। ਉਦਾਹਰਣ ਦੇ ਤੌਰ 'ਤੇ ਇਕ 'ਭੱਟ ਵਹੀ' ਦੇ ਸਰੋਤ ਬਾਰੇ ਲਿਖ ਰਿਹਾ ਹਾਂ:

> "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾਂ...
> ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸਾਲ ਸਤ੍ਰਾਂ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿਹੁੰ ਪਾਂਚ ਸਿਖੋਂ ਕੋ ਖਾਂਡੇ ਕੀ ਪਾਹੁਲ ਦੀ, ਸਿੰਘ ਨਾਮ ਰਾਖਾ।
> ਪ੍ਰਿਥਮੇ ਦੈਆ ਰਾਮ ਸੋਪਤੀ ਖਤ੍ਰੀ, ਬਾਸੀ ਲਾਹੌਰ ਖਲਾ ਹੂਆ,
> ਪਾਛੈ ਮੋਹਕਮ ਚੰਦ ਛੀਪ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ ਜ਼ਫਰਾਬਾਦ ਸ਼ਹਿਰ, ਧਰਮਚੰਦ ਜਵੰਦਾ ਜਾਟ, ਬਾਸੀ ਹਸਤਨਾਪੁਰ, ਹਿੰਮਤਚੰਦ ਝੀਵਰ, ਬਾਸੀ ਜਗਨਨਾਥ ਬਾਰੋ ਬਾਰੀ ਖਲੇ ਹੂਏ। ਸਭ ਕੋ ਨੀਲੰਬਰ ਪਹਿਨਾਇਆ, ਵਹੀ ਵੇਸ ਅਪਨਾ ਕੀਆ।
> ਹੁਕਾ, ਹਲਾਲ, ਹਜਾਮਤ, ਹਰਾਮ ਟਿਕਾ, ਜੰਞੂ ਧੋਤੀ ਕਾ ਤਿਆਗ ਕਰਾਇਆ।
> ਮੀਣੇ ਧੀਰ ਮਲੀਏ, ਰਾਮਰਾਈਏ, ਸਿਰ ਗੁੰਮੋਂ ਮਸੰਦੋਂ ਕੀ ਵਰਤਣ ਬੰਦ ਕੀ।
> ਕੰਘਾ, ਕਰਦ, ਕੇਸਗੀ, ਕੜਾ ਕਛਹਿਰਾ ਸਭ ਕੋ ਦੀਆ, ਸਭ ਕੇਸਾਧਾਰੀ ਹੂਏ...।"
>
> *(ਭੱਟ ਵਹੀ, ਪਰਗਣਾ ਥਾਨੇਸਰ)*

ਇਤਿਹਾਸਕਾਰਾਂ ਨੇ ਖ਼ਾਲਸਾ ਸਾਜਣ ਦਾ ਠੀਕ ਸਮਾਂ 29 ਜਾਂ 30 ਮਾਰਚ 1699 ਨੂੰ ਹੀ ਪਰਵਾਨ ਕੀਤਾ ਹੈ। ਸਿਰਦਾਰ ਕਪੂਰ ਸਿੰਘ 'ਨੈਸ਼ਨਲ ਪ੍ਰੋਫ਼ੈਸਰ ਆਫ਼ ਸਿਖਇਜ਼ਮ' 30 ਮਾਰਚ 1699 ਨੂੰ ਠੀਕ ਮੰਨਦੇ ਹਨ। (*ਪ੍ਰਾਸ਼ਰ ਪ੍ਰਸ਼ਨਾ*, ਪੰਨਾ 1) ਬਿਕ੍ਰਮੀ ਸੰਮਤ ਅਨੁਸਾਰ ਇਹ ਸਮਾਗਮ ਪਹਿਲੀ ਵਿਸਾਖ ਨੂੰ ਆਯੋਜਿਤ ਹੋਇਆ, ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਨੂੰ ਸੰਪੂਰਨਤਾ ਦੀ ਸਨਦ ਪ੍ਰਦਾਨ ਕਰ ਦਿੱਤੀ ਅਤੇ ਖ਼ਾਲਸਾ ਫ਼ੌਜ ਵਿਚ ਭਰਤੀ ਹੋਣ ਲਈ ਖੰਡੇ ਦੀ ਪਾਹੁਲ ਦੀ ਮਰਯਾਦਾ ਸਥਾਪਤ ਕਰ ਦਿੱਤੀ ਜਿਸਦਾ ਮੌਜੂਦਾ ਨਾਮਕਰਣ 'ਅੰਮ੍ਰਿਤ ਸੰਸਕਾਰ' ਪ੍ਰਚਲਿਤ ਹੋ ਗਿਆ। ਭਾਵੇਂ ਬਹੁਤ ਵਿਦਵਾਨ ਇਸ ਸੰਸਕਾਰ ਦੇ ਬਦਲਵੇਂ ਨਾਂਵ ਨਾਲ ਅਸਹਿਮਤ ਹਨ ਅਤੇ ਮੁੱਢਲੇ ਨਾਂਵ 'ਖੰਡੇ ਦੀ ਪਾਹੁਲ' ਨੂੰ ਠੀਕ ਮੰਨਦੇ ਹਨ, ਪਰ ਮੇਰਾ ਖ਼ਿਆਲ ਹੈ ਕਿ ਹਰ ਸੱਭਿਆਚਾਰ, ਕੌਮ ਤੇ ਧਰਮਾਂ ਅੰਦਰ ਪ੍ਰੰਪਰਾਵਾਂ ਜਾਂ ਸੰਸਕਾਰਾਂ ਦੇ ਨਾਂਵਾਂ ਵਿਚ ਸ਼ਬਦਾਂ ਦਾ ਅਦਲ-

ਬਦਲ ਹੋ ਜਾਂਦਾ ਹੈ ਅਤੇ ਕਈ ਵਾਰ ਅਰਥ ਵੀ ਤਬਦੀਲ ਹੋ ਜਾਂਦੇ ਹਨ। ਬੇਹਤਰ ਇਹੀ ਹੈ ਕਿ ਪੰਥ ਵੱਲੋਂ ਪ੍ਰਵਾਨਤ ਨਾਂਵ 'ਅੰਮ੍ਰਿਤ ਸੰਚਾਰ' ਮੰਨ ਲੈਣਾ ਠੀਕ ਹੈ ਅਤੇ ਨਾਲ ਹੀ ਇਤਿਹਾਸਕ ਨਾਂਵ ਦਾ ਪ੍ਰਯੋਗ ਵੀ ਕੀਤਾ ਜਾ ਸਕਦਾ ਹੈ, ਭਾਵ ਆਖ ਸਕਦੇ ਹਾਂ ਕਿ ਖੰਡੇ ਦੀ ਪਾਹੁਲ ਲਈ ਜਾਂ ਛਕੀ, ਜਾਂ ਅੰਮ੍ਰਿਤ ਪਾਨ ਕੀਤਾ। ਇਹ ਵੀ ਠੀਕ ਨਹੀਂ ਜਾਪਦਾ ਜਿਵੇਂ ਰਹਿਤ ਮਰਯਾਦਾ ਅੰਦਰ 'ਖੰਡੇ ਦੀ ਪਾਹੁਲ' ਸ਼ਬਦ ਨੂੰ ਅਲੋਪ ਹੀ ਕਰ ਦਿੱਤਾ ਗਿਆ ਹੈ।

## ਵਿਧੀ

ਗੁਰੂ ਖ਼ਾਲਸਾ ਪੰਥ ਨੇ ਇਸ ਸੰਸਕਾਰ ਦੀ ਪੂਰਨ ਵਿਧੀ ਨੂੰ 'ਸਿੱਖ ਰਹਿਤ ਮਰਯਾਦਾ' ਅੰਦਰ ਸ਼ਾਮਲ ਕੀਤਾ ਹੈ ਅਤੇ ਅੰਮ੍ਰਿਤ ਸੰਚਾਰ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਵੀ ਨਿਰਧਾਰਤ ਕਰ ਦਿੱਤੀਆਂ ਹਨ। ਕੁਝ ਵਿਦਵਾਨ 'ਬਾਣੀਆਂ' ਦੇ ਸੰਬੰਧ ਵਿਚ ਕਿੰਤੂ ਕਰਦੇ ਹਨ, ਜਿਵੇਂ 'ਚੌਪਈ' ਬਾਣੀ ਹੈ, ਇਸ ਨੂੰ ਉਹ ਗੁਰੂ ਕ੍ਰਿਤ ਨਹੀਂ ਮੰਨਦੇ ਕਿਉਂਕਿ ਇਸ ਬਾਣੀ ਦਾ ਮੁਖ ਸਰੋਤ ਦਸਮ ਗ੍ਰੰਥ ਵਿਚ ਦਰਜ 'ਚਰਿਤ੍ਰੋ ਪਖਿਆਨ' ਹੈ। ਜਿਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫ਼ੈਸਲਾ ਕੀਤਾ ਹੋਇਆ ਹੈ ਕਿ ਇਹ ਗੁਰੂ ਕ੍ਰਿਤ ਨਹੀਂ। ਹੁਣ ਸਾਨੂੰ ਗੁਰੂ ਪੰਥ ਵੱਲੋਂ ਪ੍ਰਵਾਨਤ ਵਿਧੀ ਤੇ ਸਰੂਪ ਨੂੰ ਹੀ ਮੰਨਣਾ ਚਾਹੀਦਾ ਹੈ। ਪੰਥ ਵੱਲੋਂ ਅੰਮ੍ਰਿਤ ਸੰਚਾਰ ਦੀ ਪ੍ਰਵਾਨਤ ਵਿਧੀ ਨੂੰ ਅਪਰਵਾਣ ਕਰ ਕੇ ਬਹੁਤ ਡੇਰੇਦਾਰ ਜਾਂ ਪੰਜਾਬ ਤੋਂ ਬਾਹਰ ਦੇ ਇਤਿਹਾਸਕ ਗੁਰ ਅਸਥਾਨ ਜਾਂ ਤਖ਼ਤਾਂ ਨੇ ਆਪੋ ਆਪਣੀ ਮਰਯਾਦਾ ਸਥਾਪਤ ਕੀਤੀ ਹੋਈ ਹੈ, ਜੋ ਗੁਰਮਤਿ ਅਨੁਸਾਰ ਪੂਰੀ ਨਹੀਂ ਉਤਰਦੀ। ਜਿਵੇਂ ਮਰਦਾਂ ਨੂੰ ਖੰਡੇ ਦੀ ਪਾਹੁਲ, ਪਰ ਇਸਤਰੀਆਂ ਲਈ ਕਿਰਪਾਨ ਨਾਲ ਪਾਹੁਲ ਤਿਆਰ ਕੀਤੀ ਜਾਂਦੀ ਹੈ। ਇਸ ਆਪੋ-ਧਾਪੀ ਵਿਚ ਸਥਾਪਤ ਕੀਤੇ ਸੰਸਕਾਰਾਂ ਕਾਰਨ ਨੌਜਵਾਨ ਪੀੜ੍ਹੀ ਅੰਦਰ ਸਿੱਖ ਧਰਮ ਪ੍ਰਤਿ ਗੌਰਵਤਾ ਪੈਦਾ ਨਹੀਂ ਹੋ ਰਹੀ। ਇਕ ਪਾਸੇ ਦੇਸ਼ ਦੀ ਸਰਕਾਰ ਵੱਲੋਂ ਘੱਟ-ਗਿਣਤੀਆਂ ਦੇ ਲੋਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਨਵੀਂ ਪੀੜ੍ਹੀ ਦੇ ਬੱਚੇ ਕੌਮੀ ਤੇ ਧਾਰਮਿਕ ਪ੍ਰੰਪਰਾਵਾਂ ਵੱਲ ਪਿੱਠ ਕਰੀ ਖੜੇ ਹਨ। (ਅੰਮ੍ਰਿਤ ਸੰਸਕਾਰ ਦੀ ਪੰਥਕ ਵਿਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਪੀ 'ਸਿੱਖ ਰਹਿਤ ਮਰਯਾਦਾ' ਵਿਚ ਅੰਕਤ ਹੈ।)

## ਨਵੇਂ ਵਹਿਮ ਤੇ ਭਰਮ

ਸਾਲ 1980 ਵਿਚ ਵੈਨਕੂਵਰ ਦੇ ਇਕ ਗੁਰਦੁਆਰਾ ਸਾਹਿਬ ਵੱਲੋਂ ਅੰਮ੍ਰਿਤ ਸੰਚਾਰ ਆਯੋਜਿਤ ਹੋਇਆ। ਤਿਆਰੀ ਸਮੇਂ ਪ੍ਰਬੰਧਕਾਂ ਨੇ ਇਕ ਕੰਬਲ ਜਿਸ ਉੱਤੇ ਸੁਨਹਿਰਾ ਟਿਕਾਊਣਾ ਸੀ, ਦਿੱਤਾ ਤਾਂ ਇਕ ਨਵੇਂ ਸਜੇ ਸਿੰਘ ਨੇ ਪੁੱਛਿਆ ਕਿ ਕੀ ਇਹ ਕੰਬਲ ਅਣਲੱਗ ਹੈ ? ਪ੍ਰਬੰਧਕ ਨੇ ਕਿਹਾ ਕਿ ਸਾਫ਼ ਹੈ ਪਰ ਸਿੰਘ ਕਹੇ ਕਿ ਇਥੇ ਸਿਰਫ਼ ਅਣਲੱਗ ਕੰਬਲ ਹੀ ਵਰਤੀਦਾ ਹੈ। ਭਲਾ ਸੋਚੀਏ, ਜੇ ਅਣਲੱਗ ਕੰਬਲ ਵੀ

ਹੋਵੇ, ਤਾਂ ਉਹ ਕਿੰਨੇ ਹੱਥਾਂ ਰਾਹੀਂ ਲੰਘਿਆ ਹੋਵੇਗਾ ? ਫ਼ੈਕਟਰੀ ਦੇ ਕਾਮਿਆ ਹੱਥੀਂ, ਫਿਰ ਥੋਕ ਦਾ ਮਾਲ ਵੇਚਣ ਵਾਲਿਆਂ ਪਾਸ, ਪਿੱਛੋਂ ਦੁਕਾਨਦਾਰ ਜਿਸਨੇ ਕੰਬਲ ਵੇਚਿਆ ਹੈ। ਕੀ ਦੁਕਾਨਦਾਰ ਕੰਬਲ ਵੇਚਣ ਤੋਂ ਪਹਿਲਾਂ ਹੱਥ ਧੋਂਦੇ ਹਨ, ਜੇ ਭਲਾ ਮੰਨ ਲਈਏ ਕਿ ਸੁੱਚ ਰੱਖਣੀ ਜ਼ਰੂਰੀ ਹੈ। ਉਸ ਸਿੰਘ ਦਾ ਜ਼ਿਦ-ਪੁਣਾ ਦੇਖ ਕੇ ਮਨ 'ਚ ਕਈ ਖ਼ਿਆਲ ਉਪਜੇ ਕਿ ਸਿੱਖਾਂ ਅੰਦਰ ਨਿੱਕੀ ਨਿੱਕੀ ਗੱਲ ਪਿੱਛੇ ਵਹਿਮ ਕਿਉਂ ਹਨ ? ਦਾਸ ਨੇ ਜਦੋਂ ਪੂਰੀ ਤਰ੍ਹਾਂ 'ਸਿੱਖ ਰਹਿਤ ਮਰਯਾਦਾ' ਨੂੰ ਪੜ੍ਹਿਆ ਤਾਂ ਉਸ ਵਿਚ ਗਰਮ ਕੰਬਲ ਵਾਲੀ ਕੋਈ ਗੱਲ ਨਹੀਂ ਲਿਖੀ, ਇਹ ਤਾਂ ਸਾਡੀਆਂ ਆਪਣੀਆਂ ਮਨਘੜਤ ਪ੍ਰੰਪਰਾਵਾਂ ਸਥਾਪਤ ਕੀਤੀਆਂ ਹੋਈਆਂ ਹਨ। 'ਸਿੱਖ ਰਹਿਤ ਮਰਯਾਦਾ' ਅੰਦਰ ਅੰਕਤ ਹੈ: "(ਗ) ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਂਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ ਪੁਰ ਰੱਖਿਆ ਹੋਵੇ।"

ਅੰਮ੍ਰਿਤ ਸੰਸਕਾਰ ਦੌਰਾਨ ਇਕ ਹੋਰ ਵਿਸ਼ਾ ਜਿਸ 'ਤੇ ਚਰਚਾ ਬਹੁਤ ਹੁੰਦੀ ਹੈ, ਉਹ ਹੈ 'ਕੁੱਠਾ' ਮਾਸ ਬਾਰੇ। ਕੁਝ ਧਾਰਮਿਕ ਹਸਤੀਆਂ ਨੇ ਪੰਥ ਵੱਲੋਂ 'ਕੁੱਠੇ' ਸ਼ਬਦ ਦੀ ਵਿਆਖਿਆ ਨੂੰ ਠੀਕ ਨਹੀਂ ਮੰਨਿਆ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਪ੍ਰਭਾਵ ਲੈਣ ਵਾਲੇ ਮਾਸ ਖਾਣ ਦੇ ਵਿਰੁੱਧ ਹਨ ਅਤੇ 'ਸਿੱਖ ਰਹਿਤ ਮਰਯਾਦਾ' ਅੰਦਰ ਵੀ ਮਾਸ ਖਾਣ ਤੇ ਨਾ ਖਾਣ ਬਾਰੇ ਕੋਈ ਜ਼ਿਆਦਾ ਚਰਚਾ ਨਹੀਂ ਕੀਤੀ ਗਈ। ਜਿਥੇ ਪੰਥਕ ਮਰਯਾਦਾ ਅੰਦਰ 'ਕੁੱਠਾ' ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ, ਉਥੇ ਸ਼ਬਦ 'ਕੋਸ਼ਰ' ਤੇ 'ਹਲਾਲ' ਦੀ ਵਿਆਖਿਆ ਜ਼ਰੂਰੀ ਹੈ। ਚਲੋ, ਇਹ ਪੰਥਕ ਮੁਆਮਲਾ ਹੈ, ਉਹੀ ਨਿਪਟ ਸਕਦੇ ਹਨ।

ਸਾਲ 1985 ਦੀ ਗੱਲ ਹੈ, ਮੈਨੂੰ ਵੈਨਕੂਵਰ ਦੇ ਇਕ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਦਾ ਫ਼ੋਨ ਆਇਆ: "ਕੀ ਤੁਸੀਂ ਕਦੀ ਕਿਰਪਾਨ ਲਾਹੀ ਹੈ ?" ਮੇਰਾ ਉੱਤਰ ਸੀ, "ਇਹ ਕਿਉਂ ਪੁੱਛਿਆ ਜਾ ਰਿਹਾ ਹੈ ?" ਉਸ ਪ੍ਰਬੰਧਕ ਨੇ ਕਿਹਾ ਕਿ ਜੋ ਸੱਜਣ ਅੰਮ੍ਰਿਤ ਸੰਚਾਰ ਸਮਾਗਮ ਦੀ ਜ਼ਿੰਮੇਵਾਰੀ ਲੈ ਰਿਹਾ ਹੈ, ਉਸਦੀ ਸ਼ਰਤ ਹੈ ਕਿ ਉਹੀ ਪੰਜ ਪਿਆਰੇ ਹੋਣ ਜਿਸਨੇ ਜ਼ਿੰਦਗੀ 'ਚ ਕਦੀ ਵੀ ਕੋਈ ਕਕਾਰ ਸਰੀਰ ਨਾਲੋਂ ਅਲੱਗ ਨਾ ਕੀਤਾ ਹੋਵੇ। ਮੈਂ ਉਸਨੂੰ ਕਿਹਾ ਕਿ ਜੋ ਸੱਜਣ ਅਜੇਹੀ ਸ਼ਰਤ ਲਗਾ ਰਿਹਾ ਹੈ, ਉਸਨੂੰ ਪੁੱਛ ਕੇ ਦੱਸਣਾ ਕਿ ਜਦੋਂ ਉਹ ਇੰਡੀਆ ਤੋਂ ਆਏ ਸਨ, ਕੀ ਕਿਰਪਾਨ ਸਮੇਤ ਜਹਾਜ਼ ਚੜ੍ਹੇ ਸਨ ? ਮੈਨੂੰ ਅੱਜ ਤਕ ਉੱਤਰ ਨਹੀਂ ਮਿਲਿਆ। ਇਹ ਸੱਜਣ 1984 ਤੋਂ ਝੱਟ ਬਾਅਦ ਜੁਝਾਰੂ ਬਣ ਕੇ ਲੋਕਾਂ 'ਤੇ ਪ੍ਰਭਾਵ ਪਾ ਰਿਹਾ ਸੀ ਅਤੇ ਉਸਦੇ ਅਸਲ ਰੂਪ ਬਾਰੇ ਕਿਸੇ ਨੂੰ ਪਤਾ ਨਾ ਲੱਗਾ ਕਿ ਕੀ ਉਹ ਭਾਰਤੀ ਸਰਕਾਰ ਦਾ ਏਜੰਟ ਸੀ ਜਾਂ ਹੋਰ ਕੋਈ।

15-20 ਸਾਲ ਪਹਿਲਾਂ ਟੋਰੰਟੋ ਦੇ ਇਲਾਕੇ ਵਿਚ ਇਕ ਸਿੰਘ ਦੀ ਹਸਪਤਾਲ ਵਿਚ ਸਰਜਰੀ ਸੀ ਤੇ ਉਹ ਅੰਮ੍ਰਿਤਧਾਰੀ ਸੀ। ਉਸਨੇ ਜ਼ਿਦ ਕੀਤੀ ਕਿ ਸਰੀਰ ਤੋਂ ਕਕਾਰ ਅਲੱਗ ਨਹੀਂ ਕਰੇਗਾ। ਇਸ ਬਾਰੇ ਬਹੁਤ ਚਰਚਾ ਹੋਈ। ਕਈ ਵੇਰ MRI ਜਾਂ ਹੋਰ X-Ray ਲੈਣ ਸਮੇਂ ਅਸੀਂ ਕੰਘਾ ਜਾਂ ਕਿਰਪਾਨ ਨਹੀਂ ਪਾ ਸਕਦੇ ਕਿਉਂਕਿ ਉਨ੍ਹਾਂ ਨੂੰ ਮਸ਼ੀਨਾਂ ਪ੍ਰਯੋਗ ਕਰਨ ਸਮੇਂ ਅੜਿੱਕਾ ਪੈ ਸਕਦਾ ਹੈ। ਭਾਵੇਂ ਅਜੇਹਾ ਲੱਖਾਂ

'ਚ ਇਕ-ਅੱਧ ਹੀ ਸਿੱਖ ਹੁੰਦਾ ਹੈ, ਪਰ ਵਿਦੇਸ਼ੀ ਅਖ਼ਬਾਰਾਂ ਨੂੰ ਚਰਚਾ ਕਰਨ ਲਈ ਅਧਿਕ ਮਸਾਲਾ ਮਿਲ ਜਾਂਦਾ ਹੈ। ਕੁਝ ਸਾਲ ਪਹਿਲਾਂ ਅਮਰੀਕਾ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਬੱਚਾ, ਜੋ ਕਿਰਪਾਨ ਪਾਉਂਦਾ ਸੀ, ਦੇ ਸੰਬੰਧ ਵਿਚ ਇਕ ਘਟਨਾ ਵਾਪਰੀ। ਸਕੂਲ ਨੇ ਉਸ ਕਿਰਪਾਨ ਨੂੰ ਹਥਿਆਰ ਆਖ ਪਾਉਣ ਦੀ ਮਨਾਹੀ ਕਰ ਦਿੱਤੀ ਅਤੇ ਡਰ ਮਹਿਸੂਸ ਕੀਤਾ ਕਿ ਬੱਚਾ ਦੂਜੇ ਬੱਚਿਆਂ ਨੂੰ ਡਰਾਉਣ ਜਾਂ ਧਮਕਾਉਣ ਲਈ ਨਾ ਵਰਤ ਲਵੇ। ਬੱਚੇ ਦੇ ਮਾਤਾ-ਪਿਤਾ ਵੀ ਦ੍ਰਿੜ੍ਹ ਸਨ ਕਿ ਬੱਚਾ ਅੰਮ੍ਰਿਤਧਾਰੀ ਹੈ ਤੇ ਕਿਰਪਾਨ ਧਾਰਨ ਕਰਨਾ ਉਸਦਾ ਅਧਿਕਾਰ ਹੈ। ਜੇ ਦੂਸਰਿਆਂ ਬੱਚਿਆਂ ਨੂੰ ਡਰ ਪੈਦਾ ਹੁੰਦਾ ਹੈ ਤਾਂ ਅਸੀਂ ਕਿਰਪਾਨ ਨੂੰ ਪੱਕਾ ਜਿੰਦਰਾ ਲਗਾ ਦੇਵਾਂਗੇ ਅਤੇ ਬੱਚਾ ਮਿਆਨ ਵਿੱਚੋਂ ਨਹੀਂ ਕੱਢ ਸਕੇਗਾ। ਜੇ ਸਿਰੀ ਸਾਹਿਬ, ਮਿਆਨ ਵਿੱਚੋਂ ਕੱਢਣੀ ਨਹੀਂ ਜਾਂ ਨਿਕਲੇ ਹੀ ਨਾ, ਤਾਂ ਸ਼ਸਤਰਧਾਰੀ ਹੋਣ ਦਾ ਕੀ ਮੰਤਵ ? ਕੀ ਇਹ ਵਹਿਮ ਨਹੀਂ ਜਾਂ ਅਰਥਹੀਨ ਦ੍ਰਿੜ੍ਹਤਾ।

ਪੰਥਕ ਵਿਦਵਾਨਾਂ ਨੂੰ ਇਸ ਸੰਬੰਧ ਵਿਚ ਫ਼ੈਸਲੇ ਕਰਨੇ ਜ਼ਰੂਰੀ ਹਨ, ਨਹੀਂ ਤਾਂ ਪੜ੍ਹੇ-ਲਿਖੇ ਨੌਜਵਾਨ ਉਸ ਉੱਚ ਪ੍ਰੰਪਰਾ ਤੋਂ ਦੂਰ ਭੱਜਣਗੇ। ਉਦਾਹਰਣ ਦੇ ਤੌਰ 'ਤੇ ਜੇ ਕਿਸੇ ਨੇ ਕਕਾਰ ਪਾਏ ਹੋਣ ਅਤੇ ਉਸਨੇ ਘੋਲ ਮੁਕਾਬਲੇ, ਤੈਰਨ ਵਿਚ ਜਾਂ ਕੋਈ ਹੋਰ ਖੇਡ ਵਿਚ ਸ਼ਾਮਲ ਹੋਣਾ ਹੋਵੇ, ਤਾਂ ਕਕਾਰਾਂ ਸਮੇਤ ਹਿੱਸਾ ਲੈਣਾ ਅਸੰਭਵ ਹੈ। ਕਈ ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਜਦੋਂ ਤਰਨ (Swimming) ਆਦਿ ਲਈ ਜਾਂ ਕਸਰਤ ਅਭਿਆਸ ਲਈ ਜਾਂਦੇ ਹਨ, ਤਾਂ ਕਕਾਰ ਲਾਹ ਦਿੰਦੇ ਹਨ ਤੇ ਫਿਰ ਪਾ ਲੈਂਦੇ ਹਨ। ਜੋ ਇਸ ਤਰ੍ਹਾਂ ਕਰਦੇ ਹਨ, ਕੀ ਉਹ ਪਤਿਤ ਹੋ ਜਾਂਦੇ ਹਨ ਜਾਂ ਨਹੀਂ ? ਇਸਦਾ ਫ਼ੈਸਲਾ ਕੌਣ ਕਰੇ ?

ਹਸਪਤਾਲਾਂ ਵਿਚ ਜਦੋਂ ਦਿਲ ਦਾ ਅਪਰੇਸ਼ਨ ਜਾਂ ਐਂਜਿਓਪਲਾਸਟੀ ਕਰ ਕੇ ਦਿਲ ਦੇ ਰੋਗਾਂ ਦਾ ਇਲਾਜ ਹੁੰਦਾ ਹੈ ਤਾਂ ਰੋਮ ਕੱਟਦੇ ਹਨ, ਕਿਉਂਕਿ ਸਮੇਤ ਰੋਮ ਡਾਕਟਰ ਸਰਜਰੀ ਨਹੀਂ ਕਰਦੇ। ਕੀ ਉਹ ਮਰੀਜ਼ ਜਿਨ੍ਹਾਂ ਦੇ ਰੋਮ ਕੱਟੇ ਗਏ, ਪਤਿਤ ਹਨ ਕਿ ਨਹੀਂ ? ਕੀ ਉਨ੍ਹਾਂ ਨੂੰ ਦੁਬਾਰਾ ਅੰਮ੍ਰਿਤ ਛਕਣਾ ਜ਼ਰੂਰੀ ਹੈ ? ਕਈ ਵਾਰ ਇੰਝ ਵੀ ਹੁੰਦਾ ਹੈ ਕਿ ਮਰੀਜ਼ਾਂ ਨੂੰ ਮਹੀਨੇ 'ਚ ਦੋ ਵਾਰੀ ਜਾਂ ਵੱਧ ਆਪਣੇ ਸਰੀਰਕ ਨਿਰੀਖਣ ਲਈ ਹਸਪਤਾਲ ਜਾਣਾ ਪੈਂਦਾ ਹੈ, ਉਸ ਸਮੇਂ ਕਕਾਰ ਲਾਂਭੇ ਹੋ ਜਾਂਦੇ ਹਨ, ਕੀ ਅਜੇਹੇ ਸਮੇਂ ਕਕਾਰ ਲਾਂਭੇ ਕਰਨ ਨਾਲ ਸਿੱਖ ਪਤਿਤ ਹੋ ਜਾਂਦਾ ਹੈ ਕਿ ਨਹੀਂ ? ਇਸ ਬਾਰੇ ਵਹਿਮ ਹੋਣਾ ਜਾਂ ਆਖ ਲਈਏ ਗੁਰਮਤਿ ਵਿਦਵਾਨਾਂ ਵੱਲੋਂ ਇਸ ਸੰਬੰਧੀ ਕੋਈ ਸਪੱਸ਼ਟਤਾ ਨਾ ਹੋਣ ਕਾਰਨ, ਕਈ ਵੀਰ ਭੈਣਾਂ ਅੰਮ੍ਰਿਤ ਸਮਾਗਮਾਂ ਵਿਚ ਚੂਲਾ ਜਾਂ ਦੁਬਾਰਾ ਅੰਮ੍ਰਿਤ ਛਕਣ ਲਈ ਹਾਜ਼ਰ ਹੁੰਦੇ ਹਨ। ਮੇਰਾ ਆਪਣਾ ਖ਼ਿਆਲ ਹੈ ਕਿ ਅਜੇਹੀਆਂ ਪਿਰਤਾਂ ਗੁਰਮਤਿ ਅਨੁਕੂਲ ਨਹੀਂ ਹਨ। ਜੇ ਕੋਈ ਹਸਪਤਾਲ ਜਾ ਆਇਆ ਤਾਂ ਵੀ ਚੂਲਾ ਲਵੇ, ਜੇ ਜਹਾਜ਼ ਵਿਚ ਸਫ਼ਰ ਕੀਤਾ ਤਾਂ ਵੀ ਚੂਲਾ, ਜੇ ਗਲਤੀ ਨਾਲ ਮਾਸ ਖਾਧਾ ਗਿਆ ਤਾਂ ਵੀ ਕੁਰਹਿਤ ਸਮਝ ਲੈਣੀ। (ਸਿੱਖ ਲਈ ਸਿਰਫ਼ ਹਲਾਲ ਮਾਸ ਖਾਣ ਦੀ ਮਨਾਹੀ ਹੈ। ਹਲਾਲ ਮਾਸ ਮੁਸਲਮਾਨੀ ਤੇ ਕੋਸ਼ਰ ਯਹੂਦੀ ਤਰੀਕੇ ਨਾਲ ਬਣਿਆ ਮਾਸ।) 'ਸਿੱਖ ਰਹਿਤ ਮਰਯਾਦਾ' ਵਿਚ ਹਲਾਲ ਮਾਸ ਦਾ

ਹੀ ਜਿਕਰ ਹੈ ਅਤੇ ਕੋਸ਼ਰ ਬਾਰੇ ਨਹੀਂ, ਹਾਲਾਂਕਿ ਕੋਸ਼ਰ (ਯਹੂਦੀ ਤਰੀਕੇ ਨਾਲ ਬਣਿਆ ਮਾਸ) ਤੇ ਹਲਾਲ ਵਿਚ ਕੋਈ ਅੰਤਰ ਨਹੀਂ। ਪੰਥ ਨੂੰ ਇਸ ਬਾਰੇ ਵੀ ਸੋਚਣਾ ਪਵੇਗਾ ਕਿਉਂਕਿ ਸਿੱਖ ਸਾਰੇ ਸੰਸਾਰ ਵਿਚ ਰਹਿੰਦੇ ਹਨ। ਜੇਕਰ ਬੱਚਾ ਵੀ ਰੋਮ ਪੁੱਟ ਦੇਵੇ ਜਾਂ ਰੋਮ ਕਿਤੇ ਫਸ ਕੇ ਟੁੱਟ ਜਾਵੇ, ਤਾਂ ਵੀ ਕਈ ਸੱਜਣ ਅੰਮ੍ਰਿਤ ਸਮਾਗਮ ਵਿਚ ਪੇਸ਼ ਹੋ ਜਾਂਦੇ ਹਨ।

ਤਨਖ਼ਾਹ ਲਗਾਉਣ ਬਾਰੇ ਵੀ ਕਈ ਥਾਈਂ ਸਪੱਸ਼ਟਤਾ ਨਹੀਂ ਹੁੰਦੀ। ਦੋ-ਤਿੰਨ ਸਾਲ ਪਹਿਲਾਂ ਸਰੀ, ਕੈਨੇਡਾ ਵਿਚ ਕੀਰਤਨ ਦਰਬਾਰ ਹੋ ਰਿਹਾ ਸੀ। ਕੀਰਤਨ ਦੌਰਾਨ ਦੋ ਤਿੰਨ ਸਿੰਘ, ਅੰਮ੍ਰਿਤ ਸੰਚਾਰ ਸਮਾਗਮ ਕਰਨ ਵਾਲੇ ਪਿਆਰਿਆਂ ਦੀ ਵਰਦੀ ਵਿਚ, ਇਕ ਸਿੰਘ ਨੂੰ ਫੜੀ ਲਿਆਉਣ। ਉਸ ਸਿੰਘ ਦੇ ਹੱਥ ਪਿੱਛੇ ਕਰ ਕੇ ਪਰਨੇ ਨਾਲ ਬੰਨ੍ਹੇ ਹੋਏ ਸਨ ਤੇ ਉਸਨੂੰ ਮੱਥਾ ਟੇਕਣ ਲਈ ਕਿਹਾ ਗਿਆ ਤਾਂ ਉਸਨੂੰ ਮੱਥਾ ਟੇਕ ਕੇ ਉੱਠਣਾ ਬਹੁਤ ਹੀ ਔਖਾ ਸੀ ਕਿਉਂਕਿ ਉਸਦੇ ਹੱਥ ਪਿੱਛੇ ਬੰਨ੍ਹੇ ਹੋਏ ਸਨ। ਇਹ ਦ੍ਰਿਸ਼ ਇੰਝ ਸੀ, ਜਿਵੇਂ ਪੁਲਿਸ ਵਾਲੇ ਮੁਜਰਿਮ ਨੂੰ ਹੱਥ-ਕੜੀ ਲਾ ਕੇ ਕਚਹਿਰੀਆਂ ਵਿਚ ਪੇਸ਼ ਕਰਦੇ ਹਨ। ਸੰਗਤ ਦੀ ਬਿਰਤੀ ਟੁੱਟ ਗਈ ਤੇ ਸਾਰੀ ਸੰਗਤ ਉਸ ਸਿੰਘ ਅਤੇ ਉਸਨੂੰ ਫੜ ਕੇ ਲਿਆਉਣ ਵਾਲੇ ਸਿੰਘਾਂ ਵੱਲ ਵੇਖਣ ਲੱਗ ਪਈ। ਉਸ ਸਮੇਂ ਘੁਸਰ-ਮੁਸਰ ਹੋਣੀ ਸ਼ੁਰੂ ਹੋਈ ਤੇ ਕੀਰਤਨੀਏ ਵੀ ਕੀਰਤਨ ਤੋਂ ਰੁਕ ਗਏ। ਉਸ ਸਮੇਂ ਹੋਰ ਥਾਂ ਅੰਮ੍ਰਿਤ ਸੰਚਾਰ ਹੋ ਰਿਹਾ ਸੀ, ਪਰ ਸਵਾਲ ਉੱਠਦਾ ਹੈ ਕਿ ਉਸ ਸਿੰਘ ਦਾ ਕੀ ਦੋਸ਼, ਜਿਸਨੂੰ ਨੂੜ ਕੇ ਗੁਰੂ ਦਰਬਾਰ ਲਿਆਂਦਾ ਗਿਆ, ਕੀ ਅੰਮ੍ਰਿਤ ਸਮਾਗਮ ਵਿਚ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਨਹੀਂ ਸੀ ? ਜਾਂ ਫਿਰ ਉਸ ਸਿੰਘ ਨੂੰ ਦੋਸ਼ੀ ਪ੍ਰਗਟਾਉਣ ਲਈ ਜਾਂ ਉਸਦੀ ਬਦਨਾਮੀ ਕਰਨ ਲਈ ਉਚੇਚੇ ਤੌਰ 'ਤੇ ਕੀਤਾ ਗਿਆ ? ਜੇ ਇਸ ਤਰ੍ਹਾਂ ਦੀ ਕੋਈ ਸਜ਼ਾ ਦੇਣ ਦੀ ਕੋਈ ਪ੍ਰੰਪਰਾ ਨਹੀਂ ਹੈ ਤਾਂ ਨਵੀਆਂ ਪਿਰਤਾਂ ਵਾਲੇ ਕੌਣ ਹਨ ?

ਇਹ ਬਹੁਤ ਹੀ ਜ਼ਰੂਰੀ ਹੈ ਕਿ ਪੰਜਾਂ ਪਿਆਰਿਆਂ ਦੀ ਸੇਵਾ ਵਿਚ ਭਾਗ ਲੈਣ ਵਾਲੇ ਜਿਥੇ ਗੁਰਮੁਖ ਬਿਰਤੀ ਰੱਖਦੇ ਹੋਣ, ਉਸਦੇ ਨਾਲ ਨਾਲ ਕਈ ਗੁੰਝਲਦਾਰ ਮਸਲੇ ਜਾਂ ਸਮੱਸਿਆ ਨੂੰ ਹੱਲ ਕਰਨ ਦੇ ਯੋਗ ਹੋਣ। ਪਿੱਛੇ ਜਿਹੇ ਅੰਮ੍ਰਿਤ ਸੰਚਾਰ ਵਿਚ ਇਕ ਬੀਬੀ ਦੁਬਾਰਾ ਅੰਮ੍ਰਿਤ ਛਕਣ ਲਈ ਹਾਜ਼ਰ ਹੋਈ। ਉਸ ਬੀਬੀ ਨੇ ਇਕਬਾਲ ਕੀਤਾ ਕਿ ਉਸ ਪਾਸੋਂ ਬੱਜਰ ਕੁਰਹਿਤ ਹੋਈ ਹੈ, ਪਰ ਪੰਜਾਂ ਪਿਆਰਿਆਂ ਵਿੱਚੋਂ ਕੁਝ ਨੇ ਬੱਜਰ ਕੁਰਹਿਤ ਦੀ ਵਿਸਥਾਰ ਨੂੰ ਜਾਣਨਾ ਚਾਹਿਆ ਅਤੇ ਰੋ ਰੋ ਕੇ ਬੀਬੀ ਨੇ ਦੱਸ ਦਿੱਤਾ ਅਤੇ ਇਸ ਭੇਤ ਨੂੰ ਕਿਸੇ ਪੰਜਾਂ ਪਿਆਰਿਆਂ 'ਚੋਂ ਸ਼ਾਮਲ ਹੋਣ ਵਾਲੇ ਸਿੰਘ ਨੇ ਬਾਹਰ ਕੱਢ ਦਿੱਤਾ। ਜਦੋਂ ਇਸ ਗੱਲ ਬਾਰੇ ਬੀਬੀ ਦੇ ਪਤੀ ਨੂੰ ਪਤਾ ਲੱਗਾ ਤਾਂ ਉਸਨੇ ਤਲਾਕ ਦੇ ਦਿੱਤਾ। ਉਸ ਬੀਬੀ ਨੇ ਆਪਣੇ ਜੀਵਨ ਨੂੰ ਉੱਚਾ ਰੱਖਣ ਲਈ ਪ੍ਰਣ ਕੀਤਾ ਸੀ, ਪਰ ਮੁਆਫ਼ੀ-ਪ੍ਰਾਪਤੀ ਨਾ ਹੋ ਸਕੀ। ਅਸੀਂ ਇਹ ਦੇਖਣਾ ਹੈ ਕਿ ਇਸ ਪਿੱਛੇ ਕਸੂਰ ਕਿਸਦਾ ਹੈ ? ਉਨ੍ਹਾਂ ਸਿੰਘਾਂ ਨੂੰ ਕੀ ਹੱਕ ਸੀ ਕਿ ਜੋ ਭੇਤ ਬੰਦ ਕਮਰੇ ਵਿਚ ਦੱਸਿਆ ਗਿਆ, ਉਸਦੀ ਚਰਚਾ ਕੀਤੀ ਜਾਵੇ ਅਤੇ ਸਾਨੂੰ ਵੀ ਇਸ਼ਾਰਾ ਸਮਝਣਾ ਚਾਹੀਦਾ ਹੈ ਕਿ ਜੋ ਇਨਸਾਨ ਇਤਨਾ ਹੀ ਆਖ ਦੇਵੇ ਕਿ ਭੁੱਲ ਹੋਈ ਹੈ

ਤਾਂ ਉਸ ਭੁੱਲ ਦੇ ਵਿਸਥਾਰ ਵਿਚ ਨਾ ਜਾਉ। ਉਹ ਬੀਬੀ ਤਾਂ ਭੁੱਲ ਬਖ਼ਸ਼ਾਉਂਦੀ ਹੋਈ ਵੀ ਦੁਰਕਾਰੀ ਗਈ। ਭੁੱਲ ਮੰਨ ਲੈਣ ਵਾਲਾ ਤੇ ਬਖ਼ਸ਼ਾਉਣ ਵਾਲਾ ਵਿਅਕਤੀ ਉੱਚ ਜਿਗਰੇ ਵਾਲਾ ਹੁੰਦਾ ਹੈ, ਜੋ ਬਖ਼ਸ਼ ਦੇਵੇ, ਉਹ ਉਸ ਤੋਂ ਵੀ ਮਹਾਨ।

ਸਾਲ 2003 ਵਿਚ ਸਰਵੇ-ਪਰਵਾਨਤ ਸ਼੍ਰੋਮਣੀ (ਸੰਤ ?) ਕਥਾ ਕਰਦੇ ਕਰਦੇ ਆਖ ਗਏ, 'ਦੇਖੋ, ਕਈ ਪੜ੍ਹੇ-ਲਿਖੇ ਆਖ ਰਹੇ ਹਨ ਕਿ ਪੰਥਕ ਰਹਿਤ-ਮਰਯਾਦਾ ਅਨੁਸਾਰ ਅੰਮ੍ਰਿਤ ਸੰਚਾਰ ਸਮੇਂ ਪੰਜਾਂ ਪਿਆਰਿਆਂ ਵਿਚ ਬੀਬੀਆਂ ਵੀ ਸ਼ਾਮਲ ਹੋ ਸਕਦੀਆਂ ਹਨ' ਪਰ ਮੈਂ ਤਾਂ ਕਿਸੇ ਬੀਬੀ ਨਾਲ ਸ਼ਾਮਲ ਨਹੀਂ ਹੋ ਸਕਦਾ, ਜੇ ਮੇਰੇ ਵਰਗੇ ਦਾ ਗੋਡਾ ਬੀਬੀ ਨਾਲ ਲੱਗ ਜਾਵੇ ਤਾਂ ਮੇਰਾ ਚਿੱਤ ਤਾਂ ਡੋਲ ਸਕਦਾ ਹੈ ? ਇਹ ਬਾਬਾ ਸ਼੍ਰੋਮਣੀ ਸੰਤ ਮੰਨਿਆ ਜਾਂਦਾ ਹੈ ਤੇ ਹਜ਼ਾਰਾਂ ਲੋਕਾਂ ਨੂੰ ਅੰਮ੍ਰਿਤ ਛਕਾਉਂਦਾ ਹੈ, ਪਰ ਮਨ ਕਰਕੇ ਬਹੁਤ ਕਮਜ਼ੋਰ ਹੈ, ਭਾਵ ਜੀਵਨ ਪੱਧਰ 'ਤੇ ਮਾਨਸਕ ਸੋਚ ਘਟੀਆ ਹੈ। ਜਿਸ ਇਨਸਾਨ ਨੇ ਆਪਣੇ ਮਨ ਨੂੰ ਨਹੀਂ ਸਾਧਿਆ, ਉਹ ਸਾਧ ਕਿਵੇਂ ਹੈ ? ਪਰ ਲੋਕ ਅੰਨ੍ਹੀ ਸ਼ਰਧਾ ਅਧੀਨ ਉਸਦੀ ਚਰਨ ਰੇਨ ਲਈ ਤਰਸਦੇ ਹਨ।

ਸਾਲ 1985 ਦੌਰਾਨ ਮੇਰੇ ਨਗਰ ਵਿਚ ਇਕ ਡੇਰੇਦਾਰ ਵੱਲੋਂ ਅੰਮ੍ਰਿਤ ਸੰਚਾਰ ਸਮਾਗਮ ਆਯੋਜਿਤ ਹੋਇਆ। ਅੰਮ੍ਰਿਤ ਅਭਿਲਾਸ਼ੀ ਬਹੁਤ ਚਾਉ ਨਾਲ ਹਾਜ਼ਰ ਹੋਏ, ਪਰ ਛੇਤੀ ਹੀ ਉਨ੍ਹਾਂ ਦਾ ਚਾਉ ਉੱਡ-ਪੁੱਡ ਗਿਆ। ਸਮਾਗਮ ਆਯੋਜਿਤ ਕਰਨ ਵਾਲੇ ਬਾਬੇ ਨੇ ਕਿਹਾ ਕਿ ਰਵਿਦਾਸੀਏ ਵੀਰ ਇਕ ਪਾਸੇ ਹੋ ਜਾਣ ਤੇ ਬਾਕੀ ਇਕ ਪਾਸੇ। ਇਤਨਾ ਕਹਿਣ ਨਾਲ ਕੁਝ ਅਭਿਲਾਸ਼ੀ ਸਮਾਗਮ ਤੋਂ ਬਾਹਰ ਆ ਗਏ ਅਤੇ ਉਨ੍ਹਾਂ ਅੱਜ ਤਕ ਖੰਡੇ ਦੀ ਪਾਹੁਲ ਨਹੀਂ ਲਈ। ਇਸ ਘਟਨਾ ਬਾਰੇ ਜਦ ਗੁਰਪੁਰਵਾਸੀ ਗਿਆਨੀ ਮੇਵਾ ਸਿੰਘ ਜੀ ਨਾਲ (1987 ਵਿਚ) ਗੱਲ ਕੀਤੀ ਤਾਂ ਉਨ੍ਹਾਂ ਨੇ ਮੰਨਿਆ ਕਿ ਉਹ ਬਾਬੇ ਇੰਝ ਹੀ ਕਰਦੇ ਸਨ।

ਵੈਨਕੂਵਰ, ਬੀ.ਸੀ. ਦੇ ਇਕ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਹਮੇਸ਼ਾ ਸਾਲਾਨਾ ਅੰਮ੍ਰਿਤ ਸੰਚਾਰ ਸਮਾਗਮ ਹੁੰਦਾ ਸੀ। ਉਸ ਸਾਲ ਦਾਸ ਵੀ ਪ੍ਰਬੰਧਕ ਕਮੇਟੀ ਵਿਚ ਬਤੌਰ ਸਹਾਇਕ ਸਕੱਤਰ ਸੀ। ਇਸ ਅੰਮ੍ਰਿਤ ਸੰਚਾਰ ਸਮਾਗਮ ਵਿਚ ਜ਼ਿਆਦਾਤਰ ਉਹੀ ਵੀਰ ਸ਼ਾਮਲ ਹੁੰਦੇ, ਜਿਨ੍ਹਾਂ ਨੇ ਗੁਰਦੁਆਰਾ ਕਮੇਟੀ ਵਿਚ ਸ਼ਾਮਲ ਹੋਣਾ ਹੁੰਦਾ। ਇਹ ਵਾਕਿਆ 1980-81 ਦਾ ਹੈ। ਅੰਮ੍ਰਿਤ ਸੰਚਾਰ ਸਮਾਗਮ ਦੀ ਤਿਆਰੀ ਹੋਈ, ਵੱਖ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ, ਪੰਜ ਪਿਆਰੇ ਤਿਆਰ ਸਨ, ਪਰ ਅੰਮ੍ਰਿਤ ਅਭਿਲਾਸ਼ੀਆਂ ਵਿੱਚੋਂ ਸਮਾਗਮ 'ਚ ਕੋਈ ਨਾ ਬਹੁੜਿਆ। ਜਦੋਂ ਪੁੱਛ-ਗਿੱਛ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਨੇ ਦੱਸ ਦਿੱਤਾ ਸੀ ਕਿ ਉਨ੍ਹਾਂ ਨੂੰ ਕਮੇਟੀ ਵਿਚ ਨਹੀਂ ਲੈਣਾ। 'ਜਦ ਸਾਨੂੰ ਕਮੇਟੀ ਵਿਚ ਲੈਣਾ ਹੀ ਨਹੀਂ ਤਾਂ ਅਸੀਂ ਅੰਮ੍ਰਿਤ ਕਿਉਂ ਛਕੀਏ ?'

ਉਸੇ ਸਾਲ ਦਾ ਹੋਰ ਵਾਕਿਆ ਹੈ, ਜੋ ਸੰਗਤਾਂ ਨਾਲ ਸਾਂਝਾ ਕਰਾਂਗਾ। ਮੈਨੂੰ ਬਾਹਰਲੀ ਕਿਸੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਫ਼ੋਨ ਆਇਆ ਕਿ ਉਨ੍ਹਾਂ ਵੱਲੋਂ ਇੰਡੀਆ ਤੋਂ ਪੱਕੇ ਤੌਰ 'ਤੇ ਸਪਾਂਸਰ ਗ੍ਰੰਥੀ ਉਤਰ ਰਿਹਾ ਹੈ ਤੇ ਉਸਨੂੰ ਉਨ੍ਹਾਂ ਪਾਸ ਪਹੁੰਚਦਾ ਕਰਾਂ। ਚਲੋ, ਦਾਸ ਨੇ ਬੱਸ ਰਾਹੀਂ ਨਵੇਂ ਗ੍ਰੰਥੀ ਸਿੰਘ ਨੂੰ ਪੁੱਜਦਾ ਕਰ ਦਿੱਤਾ।

ਪਹਿਲੇ ਦਿਨ ਹੀ ਅਨੰਦ ਕਾਰਜ ਦੀ ਰਸਮ ਸੀ, ਜੋ ਉਨ੍ਹਾਂ ਨੂੰ ਭੁਗਤਾਉਣ ਲਈ ਸੌਂਪੀ, ਪਰ ਉਸ ਵੀਰ ਨੂੰ ਕੱਖ ਵੀ ਪਤਾ ਨਹੀਂ ਸੀ ਕਿ ਅਨੰਦ ਕਾਰਜ ਰਸਮ ਕਿਵੇਂ ਪੂਰੀ ਕੀਤੀ ਜਾਏ। ਉਥੋਂ ਦੇ ਲੋਕਲ ਸਿੱਖ ਤੋਂ ਪੁੱਛ-ਗਿੱਛ ਕਰ ਕੇ ਕੰਮ ਸਾਰ ਲਿਆ। ਸੰਗਤਾਂ ਨੂੰ ਉਸ 'ਤੇ ਛਕ ਹੋ ਗਿਆ ਅਤੇ ਉਸਨੂੰ ਇਥੋਂ ਤਕ ਵੀ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੇ ਅੰਮ੍ਰਿਤ ਛਕਿਆ ਹੋਇਆ ਹੈ ਕਿ ਨਹੀਂ। ਉਸ ਗ੍ਰੰਥੀ ਸਿੰਘ ਨੇ ਕਿਹਾ, "ਮੈਂ ਅੰਮ੍ਰਿਤ ਛਕਿਆ ਹੈ।" ਸੰਗਤਾਂ ਨੇ ਪੁੱਛਿਆ, "ਕਿਥੋਂ ?" ਉਸਨੇ ਉੱਤਰ ਦਿੱਤਾ, "ਮੈਂ ਤੇ ਨਰਿੰਦਰ ਬੀਬਾ ਨੇ ਪਟਨੇ ਸਾਹਿਬ ਇਕੱਠਿਆਂ ਅੰਮ੍ਰਿਤ ਛਕਿਆ।" ਸੰਗਤਾਂ ਦਾ ਹਾਸਾ ਨਾ ਰੁਕੇ, ਕਿਉਂਕਿ ਨਰਿੰਦਰ ਬੀਬਾ ਤਾਂ ਗੀਤ ਗਾਉਣ ਵਾਲੀ ਸੀ ਤੇ ਆਖਣਾ ਕਿ ਉਸ ਨਾਲ ਛਕਿਆ ਤਾਂ ਮਖ਼ੌਲ ਵਾਂਗੂੰ ਲੱਗਿਆ। ਇਸ ਬਾਰੇ ਦਾਸ ਨੇ ਪੁੱਛ-ਗਿੱਛ ਕੀਤੀ ਤਾਂ ਇਕ ਰਾਗੀ ਜੱਥੇ ਨੇ ਸਾਰੀ ਗੱਲ ਦੱਸੀ, ਜੋ ਉਸ ਸਮੇਂ ਪਟਨੇ ਸਾਹਿਬ ਹਾਜ਼ਰ ਸੀ। ਤਖ਼ਤ ਸਾਹਿਬ ਦੇ ਪ੍ਰਬੰਧਕਾਂ ਨੇ ਸ਼ਰਤ ਲਗਾਈ ਹੋਈ ਸੀ ਕਿ ਉਹੀ ਗੀਤਕਾਰ ਜਾਂ ਕਵੀ ਸਟੇਜ 'ਤੇ ਜਾਵੇਗਾ, ਜਿਸਨੇ ਅੰਮ੍ਰਿਤ ਛਕਿਆ ਹੋਵੇ। ਉਸ ਸਮੇਂ ਉਸ 'ਗ੍ਰੰਥੀ ਸਿੰਘ' ਤੇ ਨਰਿੰਦਰ ਬੀਬਾ ਨੇ ਸਟੇਜ ਦੀ ਸ਼ਰਤ ਨੂੰ ਪੂਰਾ ਕਰਨ ਲਈ ਅੰਮ੍ਰਿਤ ਛਕਿਆ। ਇਸ ਤਰ੍ਹਾਂ ਕਰਨਾ, ਜਿਥੇ ਆਪਣੇ ਆਪ ਨੂੰ ਧੋਖਾ ਦੇਣਾ ਹੈ, ਉਥੇ ਸੰਗਤਾਂ ਨੂੰ ਪਖੰਡ ਕਰ ਕੇ ਵੱਡਾ ਧੋਖਾ ਦਿੱਤਾ ਜਾਂਦਾ ਹੈ।

ਅੰਮ੍ਰਿਤ ਸੰਚਾਰ ਬਾਰੇ ਅਨੇਕਾਂ ਹੋਰ ਵਹਿਮ ਪ੍ਰਚਲਿਤ ਹਨ ਕਿ ਫਲਾਣੇ ਜੱਥੇ ਵਾਲੇ ਅੰਮ੍ਰਿਤ ਵਧੀਆ ਛਕਾਉਂਦੇ ਹਨ, ਉਹ ਮੂਲ ਮੰਤਰ 'ਆਦਿ ਸਚੁ' ਤੋਂ 'ਹੋਸੀ ਭੀ ਸਚੁ' ਤਕ ਦੱਸਦੇ ਹਨ ਅਤੇ ਮਾਸ ਦੀ ਮਨਾਹੀ ਹੈ। ਕਈ ਆਖਣਗੇ ਕਿ ਅੰਮ੍ਰਿਤ ਸ੍ਰੀ ਅਕਾਲ ਤਖ਼ਤ ਸਾਹਿਬ ਛਕਣਾ ਚਾਹੀਦਾ ਹੈ, ਉਥੇ ਪੰਥਕ ਮਰਯਾਦਾ ਪੂਰੀ ਲਾਗੂ ਹੈ। ਅੰਮ੍ਰਿਤ ਛਕਣਾ ਜਾਂ ਖ਼ਾਲਸਾ ਪੰਥ ਦੇ ਸਿਪਾਹੀ ਬਣਨਾ ਹਰ ਪ੍ਰਾਣੀ ਦੀ ਮਾਨਸਕ ਹਾਲਤ ਨਾਲ ਸੰਬੰਧਤ ਹੈ। ਜਿਵੇਂ ਫ਼ੌਜ ਜਾਂ ਪੁਲਿਸ ਵਿਚ ਭਰਤੀ ਹੋਣ ਲਈ ਮਾਨਸਕ ਦ੍ਰਿੜ੍ਹਤਾ ਹੋਣੀ ਜ਼ਰੂਰੀ ਹੈ, ਉਸੇ ਤਰ੍ਹਾਂ ਖ਼ਾਲਸਾ ਫ਼ੌਜ ਦੇ ਸਿਪਾਹੀ ਬਣ ਕੇ, ਖ਼ਾਲਸਾ ਵਰਦੀ ਪਹਿਨ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਦਾ ਗੌਰਵ ਕਰਨਾ ਹੈ। ਜਿਵੇਂ ਸਾਹਿਬਜ਼ਾਦਿਆਂ ਨੇ ਆਪਣੀ ਛੋਟੀ ਉਮਰ ਵਿਚ ਵੱਡੇ ਵੱਡੇ ਕਾਰਨਾਮੇ ਕਰ ਕੇ ਸਿੱਖ ਇਤਿਹਾਸ ਨੂੰ ਸਿਰਜਿਆ, ਉਸੇ ਤਰ੍ਹਾਂ ਹੀ ਸਾਨੂੰ ਗੁਰਮਤਿ ਦੇ ਸਿੱਧਾਂਤਾਂ ਨੂੰ ਦ੍ਰਿੜ੍ਹ ਕਰ ਕੇ ਖ਼ਾਲਸਾ ਫ਼ੌਜ ਦੇ ਸਿਪਾਹੀ ਬਣਨਾ ਚਾਹੀਦਾ ਹੈ। ਜੇ ਚੋਣਾਂ ਵਿਚ ਖੜੇ ਹੋਣ ਲਈ ਜਾਂ ਸਟੇਜਾਂ 'ਤੇ ਗੀਤ ਗਾਉਣ ਲਈ ਸ਼ਰਤ-ਪੂਰਤੀ ਲਈ ਅੰਮ੍ਰਿਤ ਛਕਣਾ ਹੈ। ਇਸ ਤਰ੍ਹਾਂ ਦਾ ਬੱਧਾ-ਚਟੀ ਅੰਮ੍ਰਿਤ ਛਕ ਲੈਣਾ ਪਖੰਡ ਹੀ ਬਣ ਜਾਵੇਗਾ। ਬੇਅੰਤ ਅੰਮ੍ਰਿਤ ਸੰਚਾਰ ਹੋ ਰਹੇ ਹਨ, ਪਰ ਸਮਾਜ ਵਿਚ ਹੇਰਾ-ਫੇਰੀ, ਝਗੜੇ ਅਤੇ ਰਾਜਨੀਤੀ ਵਿਚ ਵੜ ਕੇ ਨਾਜਾਇਜ਼ ਤਰੀਕੇ ਨਾਲ ਮਾਇਆ ਹੜੱਪ ਕਰਨੀ, ਠੱਗੀਆਂ ਮਾਰਨ ਦਾ ਦੌਰ ਵਧ ਰਿਹਾ ਹੈ। ਪੰਥ ਦੇ ਅਸਲ ਹਮਦਰਦੀ ਤੇ ਪੰਥਕ ਮਰਯਾਦਾ ਨੂੰ ਮੰਨਣ ਵਾਲੇ ਅਤੇ ਸੱਚੇ ਦਿਲੋਂ ਪੰਥਕ ਏਕਤਾ ਦੇ ਹਾਮੀ ਬਹੁਤ ਥੋੜੇ ਹਨ। ਬੇਨਤੀ ਹੈ ਕਿ ਜੋ ਨਵੇਂ ਨਵੇਂ ਵਹਿਮ ਪ੍ਰਚਲਿਤ ਹੋ ਰਹੇ ਹਨ, ਉਨ੍ਹਾਂ ਤੋਂ ਦੂਰ ਰਹੀਏ। ਕੋਈ ਵੀ ਵਿਅਕਤੀ ਜਾਂ ਅਭਿਲਾਸ਼ੀ ਭਾਵੇਂ ਕਿਤੇ ਜਾ ਕੇ ਅੰਮ੍ਰਿਤ ਛਕੇ ਜਾਂ ਖ਼ਾਲਸਾ ਫ਼ੌਜ

ਵਿਚ ਭਰਤੀ ਹੋਵੇ, ਤਾਂ ਸਾਨੂੰ ਏਨਾ ਸੁਚੇਤ ਹੋਣਾ ਚਾਹੀਦਾ ਹੈ ਕਿ ਉਸੇ ਅੰਮ੍ਰਿਤ ਸੰਚਾਰ ਪੰਥਕ ਵਿਧੀ ਅਨੁਸਾਰ ਹੋਵੇ। ਇਸ ਵਿਚ ਸਾਡਾ ਸਭ ਦਾ ਭਲਾ, ਸਮੁੱਚੇ ਪੰਥ ਦਾ ਭਲਾ ਹੈ। ਗੁਰਬਾਣੀ ਅੰਦਰ ਨਿਰਮਲ ਪੰਥ ਦੀ ਨਿਰਮਲ ਰਹਿਤ ਸੱਚ ਧਾਰਨ ਕਰਨਾ ਹੈ:

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥
ਸਚੁ ਤਾ ਪਰੁ ਜਾਣੀਐ, ਜਾ ਜੁਗਤਿ ਜਾਣੈ ਜੀਉ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥

*(ਵਾਰ ਆਸਾ, ਪੰਨਾ 468)*

ਸਚੁ ਕਰਣੀ ਸਚੁ ਤਾ ਕੀ ਰਹਤ॥
ਸਚੁ ਹਿਰਦੈ ਸਤਿ ਮੁਖਿ ਕਹਤ॥ *(ਸੁਖਮਨੀ, ਪੰਨਾ 283)*

ਇਸ ਗੁਰਬਾਣੀ ਰਹਿਤ ਨੂੰ ਦ੍ਰਿੜ੍ਹ ਕਰੀਏ ਤੇ ਤਨ, ਮਨ, ਧਨ ਗੁਰੂ ਨੂੰ ਸੌਂਪਣ ਲਈ ਤਤਪਰ ਰਹੀਏ, ਤਾਂ ਹੀ ਖ਼ਾਲਸਾ ਫ਼ੌਜ ਦੇ ਸਿਪਾਹੀ ਬਣਨ ਲਈ ਯੋਗ ਹੋ ਸਕਦੇ ਹਾਂ। ਬਹੁਤੇ ਪ੍ਰਬੰਧਕ ਭੋਲੇ-ਭਾਲੇ ਲੋਕਾਂ ਨੂੰ ਆਖਣਗੇ ਕਿ ਅਸੀਂ ਪੁਰਾਤਨ ਅੰਮ੍ਰਿਤ ਵਿਧੀ ਨੂੰ ਮੰਨਦੇ ਹਾਂ। ਇਹ ਨਿਰਾ ਵਹਿਮ ਹੈ। ਇਸ ਲੇਖ ਦੇ ਸ਼ੁਰੂ ਵਿਚ ਉਲੇਖ ਕੀਤਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਦੀ ਵਿਸਾਖੀ ਉੱਤੇ ਆਯੋਜਿਤ ਅੰਮ੍ਰਿਤ ਜਾਂ ਖੰਡੇ ਦੀ ਪਾਹੁਲ ਛਕਾਉਣ ਦੀ ਪੂਰੀ ਵਿਧੀ ਕਿਸੇ ਵੀ ਇਕ ਸਰੋਤ ਵਿਚ ਉਪਲਬਧ ਨਹੀਂ ਹੈ। ਗੁਰੂ ਖ਼ਾਲਸਾ ਪੰਥ ਨੇ ਪ੍ਰਾਪਤ ਸਰੋਤਾਂ ਤੋਂ ਖੋਜ ਕਰ ਕੇ ਅਤੇ ਵਿਦਵਾਨਾਂ ਵੱਲੋਂ ਪੇਸ਼ ਕੀਤੇ ਗਏ ਕੁਝ ਤੱਥਾਂ ਨੂੰ ਆਧਾਰ ਬਣਾ ਕੇ ਅੰਮ੍ਰਿਤ ਸੰਚਾਰ ਦੀ ਪੂਰਨ ਮਰਯਾਦਾ ਨੂੰ ਨਿਰਧਾਰਤ ਕਰ ਦਿੱਤਾ ਹੈ। ਸਾਨੂੰ ਪੰਥਕ ਮਰਯਾਦਾ ਤੋਂ ਬਿਨਾਂ ਕਿਸੇ ਹੋਰ ਡੇਰੇ ਜਾਂ ਬਾਬੇ ਦੀ ਮਰਯਾਦਾ ਨੂੰ ਨਹੀਂ ਮੰਨਣਾ ਚਾਹੀਦਾ। ਖ਼ਾਲਸਾ ਫ਼ੌਜ 'ਚ ਸ਼ਾਮਲ ਹੋਣ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ।



**ਡਾ. ਪੂਰਨ ਸਿੰਘ** (ਜਨਮ 18-8-1947) ਦਾ ਜੱਦੀ ਪਿੰਡ ਗੁਰੂਸਰ ਸੁਧਾਰ (ਲੁਧਿਆਣਾ) ਹੈ। ਉੱਚ-ਵਿਦਿਆ ਪ੍ਰਾਪਤ ਕਰ ਕੇ ਉਹ ਕੈਨੇਡਾ ਦੀ ਯੂਨੀਵਰਸਿਟੀ ਆਫ਼ ਕੋਲੰਬੀਆ ਵਿਚ ਲਾਇਬ੍ਰੇਰੀ ਸਹਾਇਕ ਦੀ ਸੇਵਾ ਨਿਭਾ ਰਹੇ ਹਨ। ਬਾਣੀ ਦੇ ਰਸੀਏ ਤੇ ਗੁਰਮਤਿ ਜੀਵਨ ਦੇ ਧਾਰਣੀ ਸ. ਪੂਰਨ ਸਿੰਘ ਕੈਨੇਡਾ ਵਿਚ ਵੱਸੇ ਸਿੱਖ ਭਾਈਚਾਰੇ ਦੇ ਸਰਬਪੱਖੀ ਵਿਕਾਸ ਲਈ ਯਤਨਸ਼ੀਲ ਹਨ ਤੇ ਹਮੇਸ਼ਾ ਵੱਧ ਚੜ੍ਹ ਕੇ ਸੇਵਾ ਕਰਦੇ ਹਨ। ਮਾਸਿਕ ਪੱਤਰ *ਦੀ ਵੈਸਟਰਨ ਸਿੱਖ ਸਮਾਚਾਰ* ਦੇ ਸੰਪਾਦਕ ਵਜੋਂ ਆਪਦੀ ਸੇਵਾ ਨੂੰ ਹਮੇਸ਼ਾ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਗੁਰਮਤਿ ਜੀਵਨ ਦਰਸ਼ਨ ਬਾਰੇ ਪ੍ਰੌਢ ਰਚਨਾਵਾਂ ਲਿਖ ਕੇ ਆਪ ਨੇ ਇਕ ਪਰਮਾਣਿਕ ਸਿੱਖ ਵਿਦਵਾਨ ਵਜੋਂ ਆਪਣੀ ਥਾਂ ਬਣਾ ਲਈ ਹੈ। ਨਿਰਮਲ ਤੇ ਉਸਾਰੂ ਸੋਚ ਸਦਕਾ ਆਪ ਦੀ ਦਲੀਲ ਕਾਟਵੀਂ ਹੁੰਦੀ ਹੈ, ਪਰ ਖ਼ੂਬਸੂਰਤੀ ਇਹ ਹੈ ਕਿ ਗੁਰੂ ਪ੍ਰਤਿ ਡੂੰਘੀ ਆਸਥਾ ਤੇ ਸ਼ਰਧਾ ਆਪ ਦੀ ਲਿਖਤ ਵਿਚ ਕਦੇ ਵੀ ਦੁਜੈਲੀ ਨਹੀਂ ਹੁੰਦੀ।

ISBN 0-9681683-2-9

9 780968 168325